ਊਸ਼ਾ ਪ੍ਰਿਯੰਵਦਾ

# ਰੁਕੇਗੀ ਨਹੀਂ,.... ਰਾਧਿਕਾ



ਭਾਸ਼ਾ ਵਿਭਾਗ,ਪੰਜਾਬ

# ਰੁਕੇਗੀ ਨਹੀਂ, .....ਰਾਧਿਕਾ

ਊਸ਼ਾ ਪ੍ਰਿਯੰਵਦਾ

**ਭਾਸ਼ਾ ਵਿਭਾਗ, ਪੰਜਾਬ**

RUKEGI NAHIN…….RADHIKA (in Punjabi)

Usha Priamvada

Translation: Hazara Singh

ਰੁਕੇਗੀ ਨਹੀਂ…….ਰਾਧਿਕਾ

ਊਸ਼ਾ ਪ੍ਰਿਯੰਵਦਾ

ਅਨੁਵਾਦ: ਹਜ਼ਾਰਾ ਸਿੰਘ

ਭਾਸ਼ਾ ਵਿਭਾਗ, ਪੰਜਾਬ

ਪਹਿਲੀ ਐਡੀਸ਼ਨ :1990

ਕਾਪੀਆਂ: 2000

ਮੁੱਲ: 9 ਰੁਪਏ 60 ਪੈਸੇ

ਪ੍ਰਕਾਸ਼ਕ: ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਛਾਪਕ: ਸੇਕਰਡ ਹਾਰਟ ਪ੍ਰਿੰਟਰਜ਼, ਤੋਪਖ਼ਾਨਾ ਮੋੜ, ਪਟਿਆਲਾ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ

## ਦੋ ਸ਼ਬਦ

ਊਸ਼ਾ ਪ੍ਰਿਯੰਵਦਾ ਹਿੰਦੀ ਸਾਹਿਤ ਜਗਤ ਵਿਚ ਬਹੁਪੱਖੀ ਪ੍ਰਤਿਭਾ ਦੀ ਮਾਲਿਕ ਹੈ। ਸਮਾਜਕ ਰਹੁ-ਰੀਤਾਂ ਕਦਰਾਂ-ਕੀਮਤਾਂ ਤੇ ਪਰੰਪਰਾ ਦੇ ਬੰਧਨਾਂ ਵਿਰੁੱਧ ਆਧੁਨਿਕ ਭਾਰਤੀ ਨਾਰੀ ਨੇ ਜੋ ਵਿਦਰੋਹ ਕੀਤਾ ਹੈ ਤੇ ਉਸ ਬਾਰੇ ਜੋ ਉਹਦੀਆਂ ਭਾਵਨਾਵਾਂ ਹਨ, ਉਨ੍ਹਾਂ ਨੂੰ ਹੀ ਉਸ ਨੇ ਆਪਣੀਆਂ ਰਚਨਾਵਾਂ ਦਾ ਮੁੱਖ ਵਿਸ਼ਾ ਬਣਾਇਆ ਹੈ। ਆਪ ਦੀਆਂ ਰਚਨਾਵਾਂ ਮਨੁੱਖ ਦੀਆਂ ਨਿੱਜੀ ਅਜ਼ਾਦੀ ਦੀਆਂ ਹਾਮੀ ਹੋਣ ਕਾਰਣ ਵਿਸ਼ੇਸ਼' ਮਹੱਤਵ ਰੱਖਦੀਆਂ ਹਨ।

ਪ੍ਰਸਤੁਤ ਪੁਸਤਕ 'ਰੁਕੇਗੀ ਨਹੀਂ, ਰਾਧਿਕਾ ਦੀ ਨਾਇਕਾ ਰਾਧਿਕਾ ਦੇ ਪਿਤਾ ਨੇ ਉਸ ਨੂੰ ਸ਼ੁਰੂ ਵਿਚ ਆਜ਼ਾਦ ਖਿਆਲ ਰੱਖਣ ਤੇ ਆਜ਼ਾਦ ਜੀਵਨ ਬਿਤਾਉਣ ਦੀ ਸਿੱਖਿਆ ਦਿੱਤੀ ਹੈ ਪਰ ਜਦੋਂ ਉਹ ਉਸਦੀ ਸਿੱਖਿਆ ਤੇ ਚਲਦੇ ਹੋਏ ਸੁਤੰਤਰ ਜੀਵਨ ਬਤੀਤ ਕਰਨਾ ਚਾਹੁੰਦੀ ਹੈ ਤਾਂ ਉਸ ਦੇ ਪਿਤਾ ਦੀਆਂ ਪਰੰਪਰਾਗਤ ਭਾਵਨਾਵਾਂ ਜਾਗ੍ਰਿਤ ਹੋ ਉੱਠਦੀਆਂ ਹਨ ਤੇ ਉਹ ਆਪਣੀ ਧੀ ਦੇ ਸੁਤੰਤਰ ਵਿਚਾਰਾਂ ਤੇ ਸੁਛੰਦ ਜੀਵਨ ਦਾ ਵਿਰੋਧ ਕਰਦਾ ਹੈ ਪਰ ਰਾਧਿਕਾ ਆਪਣੇ ਪਿਤਾ ਦੇ ਵਿਰੋਧ ਦੀ ਪਰਵਾਹ ਨਾ ਕਰਦੇ ਹੋਏ ਆਪਣਾ ਦੇਸ਼ ਛੱਡ ਕੇ ਇਕ ਪੱਤਰਕਾਰ ਨਾਲ ਵਿਦੇਸ਼ ਚਲੀ ਜਾਂਦੀ ਹੈ। ਇਹ ਪੱਤਰਕਾਰ ਉਸ ਨੂੰ ਕੁਝ ਦੇਰ ਬਾਦ ਛੱਡ ਦਿੰਦਾ ਹੈ ਤੇ ਉਹ ਅਕਸ਼ੈ ਨਾਲ ਸੰਬੰਧ ਕਾਇਮ ਕਰਦੀ ਹੈ ਪਰ ਉਹ ਉਸ ਤੋਂ ਆਜ਼ਾਦ ਹੋਣਾ ਲੋਚਦਾ ਹੈ। ਰਾਧਿਕਾ ਦੀ ਆਜ਼ਾਦ ਜੀਵਨ ਦੀ ਲਾਲਸਾ ਛਟਪਟਾਉਂਦੀ, ਨਵੀਆਂ ਪੈੜਾਂ ਪਾਉਂਦੀ, ਮੰਜ਼ਲ ਦੀ ਭਾਲ ਵਿਚ ਝੂਜਦੀ ਤੁਰੀ ਜਾਂਦੀ ਹੈ ਤੇ ਉਹ ਅੰਤ ਵਿਚ ਇਸੇ ਦਿਸ਼ਾ ਹੀਣ ਤੇ ਛਟਪਟਾਉਂਦੀ ਅਵਸਥਾ ਵਿਚ ਭਾਰਤ ਪਰਤ ਆਉਂਦੀ ਹੈ ਤੇ ਆਪਣੇ ਪਿਤਾ ਦੀ ਝੋਲੀ ਵਿਚ ਆ ਪੈਂਦੀ ਹੈ। ਪਰ ਉਸਦੀ ਸੁਤੰਤਰ ਜੀਵਨ ਜੀਣ ਦੀ ਤਮੰਨਾ ਅਜੇ ਵੀ ਬਣੀ ਹੋਈ ਹੈ।

ਇਸ ਤਰ੍ਹਾਂ ਭਾਰਤੀਅਤਾ ਤੋਂ ਆਧੁਨਿਕਤਾ ਦੇ ਦੋ ਪੁੜਾਂ ਵਿਚ ਪਿਸਦੀ ਹੋਈ ਰਾਧਿਕਾ ਦੀ ਦੁੱਖ ਭਰੀ ਕਹਾਣੀ ਹੀ ਇਸ ਨਾਵਲ ਦਾ ਵਿਸ਼ਾ ਹੈ। ਜਾਪਦਾ ਹੈ ਲੇਖਿਕਾ ਦਾ ਉਦੇਸ਼ ਅਜੋਕੀ ਭਾਰਤੀ ਨਾਰੀ ਨੂੰ ਆਧੁਨਿਕ ਸੁਛੰਦ ਜੀਵਨ ਦੇ ਖਤਰਿਆਂ ਤੋਂ' ਜਾਣੂ ਕਰਵਾ

ਕੇ ਉਸ ਨੂੰ ਸਾਵਧਾਨ ਕਰਨਾ ਹੈ। ਇਸ ਮੰਤਵ ਵਿਚ ਉਹ ਪੂਰੀ ਤਰ੍ਹਾਂ ਸਫਲ ਰਹੀ ਹੈ।

ਇਸ ਨਾਵਲ ਦਾ ਪੰਜਾਬੀ ਅਨੁਵਾਦ ਸ੍ਰ. ਹਜ਼ਾਰਾ ਸਿੰਘ ਨੇ ਬੜੀ ਮਿਹਨਤ ਨਾਲ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਦਾ ਨਿੱਘਾ ਸੁਆਗਤ ਕਰਨਗੇ।

**ਰਾਜਿੰਦਰ ਸਿੰਘ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

## 1/ਰੁਕੇਗੀ ਨਹੀਂ....ਰਾਧਿਕਾ

ਕੁਝ ਵੀ ਨਹੀਂ ਬਦਲਿਆ ਸਭ ਕੁਝ ਉਹੋ ਜਿਹਾ ਹੈ ਜਿਹੋ ਜਿਹਾ ਹਮੇਸ਼ਾਂ ਤੋਂ ਸੀ, ਜਿਹਾ ਰਾਧਿਕਾ ਨੇ ਜਾਣਿਆ ਤੇ ਵਾਰ-ਵਾਰ ਯਾਦ ਕੀਤਾ। ਦਿੱਲੀ ਦੀ ਧੂੜ ਤੇ ਗਰਦ ਭਰੀ ਸ਼ਾਮ, ਉਪਰ ਫਿੱਕਾ ਨੀਲਾ ਅੰਬਰ, ਰੁੱਖਾਂ ਦੇ ਮੈਲੇ ਪੱਤੇ, ਉੱਚਾ-ਨੀਵਾਂ ਪੇਵਮੇਂਟ, ਇਹ ਰਾਧਿਕਾ ਦੇਖ ਤੇ ਪਛਾਣ ਰਹੀ ਸੀ। ਪਛਾਨਣ ਵਿਚ ਪ੍ਰਸੰਨਤਾ ਦਾ ਭਾਵ ਹੈ। ਓਹ ! ਇਹ ਸਭ ਜਿਉਂ ਦਾ ਤਿਉਂ ਹੀ ਹੈ। ਆਪਣੇ ਅੰਦਰ ਕੁਝ ਹੋਰ ਡੁੱਬਣ ਤੇ ਰਾਧਿਕਾ ਆਪਣੇ ਦਿਲ ਵਿਚ ਪਛਤਾਵੇ ਦੇ ਛੋਟੇ ਜਿਹੇ ਪਰਛਾਵੇ ਨੂੰ ਫੜਦੀ ਹੈ ਕਿ ਉਸ ਦੀਆਂ ਅੱਖਾਂ ਨੂੰ ਸਭ ਕੁਝ ਬੜਾ ਹੀ ਰੰਗਹੀਣ ਮਟੈਲਾ ਤੇ ਹਨ੍ਹੇਰਾ ਜਿਹਾ ਲੱਗ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਉਹ ਅਚੇਤ ਹੀ ਪੱਛਮੀ ਦੇਸ਼ਾਂ ਦੀ ਝਿਲਮਿਲ ਤੇ ਰੰਗ ਬਰੰਗੀ ਚਮਕਦਾਰ ਰੌਸ਼ਨੀਆਂ ਦੀ ਆਦੀ ਹੋ ਗਈ ਹੈ।

ਰਾਧਿਕਾ ਮੁੜ ਕੇ ਸੜਕ ਵੱਲ ਦੇਖਦੀ ਹੈ। ਉਸ ਤੇ ਲਗਾਤਾਰ ਬੱਸਾਂ, ਸਾਈਕਲਾਂ ਤੇ ਪੈਦਲ ਯਾਤਰੀਆਂ ਦਾ ਪ੍ਰਵਾਹ ਹੈ, ਪਰ ਭਾਰਤੀ ਚਿਹਰੇ ਆਪਣੇ ਪਰਿਵੇਸ਼ ਵਿਚ ਹੋਣ ਕਾਰਨ ਕਿੰਨੇ ਚੰਗੇ ਲੱਗ ਰਹੇ ਹਨ। ਉਹ ਵੀ ਉਨ੍ਹਾਂ ਵਿਚ ਇਕ ਹੈ, ਇਸ ਭੀੜ ਦਾ ਇਕ ਹਿੱਸਾ। ਉਹ ਉਸ ਭੀੜ ਵਿਚ ਆਪਣੇ ਆਪ ਨੂੰ ਗਵਾ ਸਕਦੀ ਹੈ ਤੇ ਕੋਈ ਵੀ ਉਸ ਵੱਲ ਧਿਆਨ ਨਹੀਂ ਦੇਵੇਗਾ। ਇਹ ਚਿਰ-ਉਡੀਕਿਆ ਛਿੰਨ ਕਈ ਵਰ੍ਹਿਆਂ ਮਗਰੋਂ ਆਪਣੇ ਦੇਸ਼ ਵਿਚ ਪਹਿਲੀ ਸ਼ਾਮ ਹੁਣ ਉਹਦੇ ਸਾਹਮਣੇ ਹੈ। ਪਰ ਰਾਧਿਕਾ ਮਹਿਸੂਸ ਕਰ ਰਹੀ ਹੈ ਕਿ ਉਸਦੇ ਅੰਦਰ ਹੌਲੀ-ਹੌਲੀ ਇਕ ਉਦਾਸੀ ਸਰਕਣ ਲੱਗੀ।

ਨਹੀਂ, ਉਹ ਅੱਜ ਦੀ ਸ਼ਾਮ ਆਪਣੇ ਆਪ ਨੂੰ ਮੂਡੀ ਨਹੀਂ ਹੋਣ ਦੇਵੇਗੀ ਤੇ ਉਸ ਭਾਵ-ਦਸ਼ਾ 'ਚੋਂ ਨਿਕਲਣ ਦਾ ਯਤਨ ਕਰਦਿਆਂ ਹੋਇਆਂ ਉਸਨੇ ਅਕਸ਼ੈ ਨੂੰ ਦੇਖਿਆ ਜੋ ਇੰਨੀ ਦੇਰ ਤੋਂ ਉਹਦੇ ਕੋਲ ਚੁੱਪ ਖੜਾ ਸੀ—ਜਿਵੇਂ ਕਿ ਰਾਧਿਕਾ ਦੇ ਵਿਚਾਰਾਂ ਨੂੰ ਠੇਸ ਨਾ ਪਹੁੰਚਾਣਾ ਚਾਹੁੰਦਾ ਹੋਵੇ।

ਇਹ ਅਕਸ਼ੈ ?

ਸਵੇਰੇ ਉਹ ਉਸਨੂੰ ਹਵਾਈ ਅੱਡੇ ਤੇ ਮਿਲਿਆ ਸੀ, ਇਸਤੋਂ ਪਹਿਲਾਂ ਰਾਧਿਕਾ ਨੇ ਉਸਨੂੰ ਕਦੇ ਨਹੀਂ ਸੀ ਦੇਖਿਆ, ਉਹ ਉਸਨੂੰ ਮਿਲਣ ਆਇਆ ਹੈ, ਇਹ ਜਾਣ ਕੇ ਵੀ ਹੈਰਾਨੀ ਜਿਹੀ ਹੋਈ ਸੀ। ਪਹਿਲੀ ਨਜ਼ਰੇ ਉਹ ਜੋ ਦੇਖ ਸਕੀ,ਉਸ ਵਿਚ ਉਹ ਠੀਕ ਜਾ ਪਿਆ ਸੀ।

ਅਕਸ਼ੈ ਨੇ ਇਕ ਕਾਫ਼ੀ ਚੰਗੇ ਦਰਜ਼ੀ ਦਾ ਸੀਤਾ ਹੋਇਆ ਸੂਟ ਪਾਇਆ ਹੋਇਆ ਸੀ, ਟਾਈ ਵੀ ਬੜੀ ਵਧੀਆ ਸੀ, ਬਹੁਤ ਭੜਕੀਲੀ ਨਹੀਂ, ਨਾਲੇ ਇਕ ਦਮ ਸੋਬਰ, ਗੁੱਟ ਮਜ਼ਬੂਤ, ਜੁੱਤੀ ਪਾਲਸ਼, ਵਾਲ ਬਹੁਤ ਵੱਡੇ ਨਹੀਂ ਰਾਧਿਕਾ ਨੂੰ ਉਹ ਸਿੱਧਾ ਦੇਖਣਾ ਟਾਲ ਜਾਂਦਾ ਸੀ, ਉਸ ਤੋਂ ਜਾਪਿਆ ਕਿ ਉਹ ਇਸਤਰੀਆਂ ਦੇ ਮਾਮਲੇ ਵਿਚ ਕਾਫ਼ੀ ਸ਼ਰਮਾਕਲ ਹੈ ਅਤੇ ਇਹ ਜਾਣ ਕੇ ਉਹ ਮੁਸਕਰਾ ਪਈ। ਰਾਧਿਕਾ ਨੇ ਹੁਣ ਕੋਸਿਸ਼ ਕਰਕੇ ਸੋਚਣਾ ਬੰਦ ਕਰ ਦਿੱਤਾ। ਸਿਰਫ ਅੱਖਾਂ ਭਾਰਤੀ ਨਜ਼ਾਰੇ ਤੇ ਭਟਕ ਰਹੀਆਂ ਹਨ। ਰੈਸਤੋਰਾਂ ਵਿਚ ਵੜਨ ਤੋਂ ਪਹਿਲਾਂ ਜਦੋਂ ਉਹ ਠਠੰਬਰ ਕੇ ਖੜੋ ਗਈ ਤਾਂ ਅਕਸ਼ੈ ਵੀ ਰੁਕਿਆ। ਉਸਨੂੰ ਥੋੜ੍ਹੀ ਜਿਹੀ ਹੈਰਾਨੀ ਹੋਈ ਪਰ ਬਹੁਤੀ ਨਹੀਂ। ਸਵੇਰੇ ਜਦੋਂ ਉਹ ਰਾਧਿਕਾ ਨੂੰ ਹਵਾਈ ਅੱਡੇ ਤੋਂ ਲਿਆਇਆ ਸੀ, ਉਦੋਂ ਤੋਂ ਰਾਧਿਕਾ ਦੇ ਆਚਰਣ ਤੇ ਕਦੇ-ਕਦੇ ਹੈਰਾਨ ਹੁੰਦਾ ਸੀ ਪਰ ਬਹੁਤਾ ਨਹੀਂ। ਉਹ ਸਾਰਿਆਂ ਨਾਲੋਂ ਇੰਨੀ ਵੱਖ ਜਿਹੀ ਸੀ। ਨਾ ਚਾਹੁੰਦਿਆਂ ਹੋਇਆ ਵੀ ਅਕਸ਼ੈ ਰਾਧਿਕਾ ਦੀ ਅਸਧਾਰਣਤਾ ਤੋਂ ਥੋੜ੍ਹਾ ਜਿਹਾ ਪ੍ਰਭਾਵਿਤ ਹੋਇਆ ਸੀ। ਸਾਰਾ ਦਿਨ ਦਫ਼ਤਰ ਵਿਚ ਕੰਮ ਕਰਦਿਆਂ ਹੋਇਆ ਉਸਨੇ ਕਈ ਵਾਰ ਸੋਚਿਆ ਕਿ ਉਹ ਕੀ ਹੈ ਜੋ ਉਸਨੂੰ ਅਸਧਾਰਣ ਬਣਾ ਦਿੰਦਾ ਹੈ। ਆਪਣੇ ਤੇ ਬਹੁਤਾ ਵਿਸ਼ਵਾਸ ? ਬਦੇਸ਼ ਵਿਚ ਰਹਿਣ ਤੇ ਅਧਿਐਨ ਕਰਨ ਨਾਲ ਆਈ ਸੋਫਿਸਟੀਕੇਸ਼ਨ ? ਜਾਂ ਅਸਧਾਰਣ ਪਿਤਾ ਦੀ ਧੀ ਹੋਣ ਕਰਕੇ ਚਰਿੱਤਰ ਦੀ ਗਹਿਰਾਈ ਅਤੇ ਪੇਚੀਦਗੀ, ਉਹ ਕਿਸੇ ਇਕ ਚੀਜ਼ ਤੇ ਉਂਗਲੀ ਨਾ ਰੱਖ ਸਕਿਆ।

ਸਵੇਰੇ ਪੈਨ. ਐਮ ਦੇ ਵੱਡੇ ਜਹਾਜ਼ 'ਚੋਂ ਸਾਰੇ ਯਾਤਰੀ ਉਤਰੇ ਸਨ ਪਰ ਪਤਾ ਨਹੀਂ ਕਿ ਦੇਖਦਿਆਂ ਅਕਸ਼ੈ ਦੇ ਮਨ ਵਿਚ ਇਹ ਭਾਵ ਆ ਗਿਆ ਕਿ ਇਹ ਰਾਧਿਕਾ ਹੀ ਹੋਵੇਗੀ। ਫਿਰ ਵੀ ਉਸਨੂੰ ਥੋੜ੍ਹਾ ਜਿਹਾ ਝਟਕਾ ਜ਼ਰੂਰ ਵੱਜਾ। ਬੀਤੀ ਰਾਤ ਰਾਧਿਕਾ ਦੀ ਮਤਰੇਈ ਮਾਂ ਵਿਦਿਆ ਨੇ ਟ੍ਰੰਕ-ਕਾਲ ਕਰਕੇ ਇਹ ਜ਼ੋਰ ਪਾਇਆ ਕਿ ਅਕਸ਼ੈ ਰਾਧਿਕਾ ਨੂੰ ਹਵਾਈ ਅੱਡੇ ਤੇ ਮਿਲ ਲਵੇ ਤੇ ਚੰਗੀ ਤਰ੍ਹਾਂ ਦੇਖ-ਭਾਲ ਕਰਕੇ ਰਾਤ ਦੀ ਗੱਡੀ ਚੜ੍ਹਾ ਦੇਵੇ। ਇਹ ਕਾਫੀ ਵਰ੍ਹਿਆਂ ਮਗਰੋਂ ਵਾਪਸ ਆ ਰਹੀ ਹੈ ਅਤੇ ਚਾਹੁੰਦਿਆਂ ਹੋਇਆਂ ਵੀ ਵਿਦਿਆ ਮਿਲਣ ਆਉਣੋ ਅਸਮੱਰਥ ਹੈ।

ਵਿਦਿਆ ਨੂੰ ਅਕਸ਼ੈ ਬਹੁਤ ਦਿਨਾਂ ਤੋਂ ਜਾਣਦਾ ਹੈ, ਉਸਦੀ ਵੱਡੀ ਭੈਣ ਅੰਜਲੀ ਦੀ ਵਿਦਿਆ ਸਹਿਪਾਠਣ ਰਹਿ ਚੁੱਕੀ ਹੈ ਵਿਦਿਆ ਜਲਦੀ ਉੱਤੇਜਿਤ ਜਾਂ ਚੰਚਲ ਨਹੀਂ ਹੁੰਦੀ, ਇਹ ਉਹ ਚੰਗੀ ਤਰ੍ਹਾਂ ਜਾਣਦਾ ਸੀ,ਉਸ ਨਾਲ ਅਕਸ਼ੈ ਨੂੰ ਥੋੜ੍ਹੀ ਜਿਹੀ ਹੈਰਾਨੀ ਜ਼ਰੂਰ ਹੋਈ

ਸੀ। ਉਸਦੇ ਮਨ ਵਿਚ ਰਾਧਿਕਾ ਦਾ ਡਰਪੋਕ, ਸੰਕੋਚਵਾਲੀ ਲੜਕੀ ਦਾ ਚਿੱਤਰ ਬਣਿਆ ਸੀ, ਜੋ ਕਿ ਵਿਦੇਸ਼ ਵਿਚੋਂ ਐਮ. ਏ. ਦੀ ਡਿਗਰੀ ਲੈਣ ਮਗਰੋਂ ਵੀ-ਨਿਰਬਲ, ਜਲਦੀ ਰੋਣ ਵਾਲੀ ਹੋਵੇਗੀ। ਭਾਵੇਂ ਹੁਣ ਤਾਂਈਂ ਵਿਦਿਆ ਦੇ ਮੂੰਹੋਂ ਹੀ ਅਕਸ਼ੈ ਨੇ ਜੋ ਕੁੱਝ ਰਾਧਿਕਾ ਬਾਰੇ ਜਾਣਿਆ ਸੀ, ਉਸ ਨਾਲ ਇਹ ਚਿੱਤਰ ਤਾਲਮੇਲ ਨਹੀਂ ਸੀ ਖਾਂਦਾ। ਰਾਧਿਕਾ ਜਹਾਜ਼ ਤੋਂ ਉਤਰ ਕੇ ਕਸਟਮ-ਕਾਉਂਟਰ ਤੇ ਗਈ, ਉਦੋਂ ਤੱਕ ਉਹ ਬਾਹਰ ਹੀ ਉਡੀਕ ਕਰਦਾ ਰਿਹਾ। ਤਕਰੀਬਨ ਪੌਣੇ ਘੰਟੇ ਮਗਰੋਂ ਉਹ ਪੌੜੀਆਂ ਤੇ ਆ ਕੇ ਖੜੋਗੀ। ਜਾ ਕੇ ਉਸ ਨਾਲ ਗੱਲਾਂ ਕਰਨ ਤੋਂ ਪਹਿਲਾਂ ਅਕਸ਼ੈ ਕੁਝ ਛਿੰਨ ਰੁਕ ਕੇ ਉਸ ਨੂੰ ਚੰਗੀ ਤਰ੍ਹਾਂ ਦੇਖ ਲੈਣਾ ਚਾਹੁੰਦਾ ਸੀ, ਜਿਸ ਨਾਲ ਕਿ ਵਾਰਤਾ ਕਿਵੇਂ ਕੀਤਾ ਜਾਵੇ, ਇਹ ਫੈਸਲਾ ਕਰਨ ਵਿਚ ਅਸਾਨੀ ਹੋਵੇ।

ਰਾਧਿਕਾ ਥੱਕੀ ਹੋਈ ਦਿਖਾਈ ਦੇ ਰਹੀ ਸੀ। ਉਸ ਪਾਸ ਇਕ ਵੱਡਾ ਸਾਰਾ ਸੂਟਕੇਸ ਰੱਖਿਆ ਸੀ, ਉਸ ਦੇ ਖੱਬੇ ਹੱਥ ਵਿਚ ਉਸ ਨਾਲ ਮਿਲਦਾ ਹਲਕੇ ਸਲੇਟੀ ਰੰਗ ਦਾ ਕਾਸਮੈਟਿਕ ਕੇਸ ਫੜਿਆ ਹੋਇਆ ਸੀ। ਘੜੀ ਮੁੜੀ ਸੱਜਾ ਹੱਥ ਵਾਲਾਂ ਤੇ ਚਲਾ ਜਾਂਦਾ ਅਤੇ ਢਿੱਲੇ ਹੋਏ ਜੂੜੇ ਨੂੰ ਸੰਭਾਲਣ ਲੱਗਦਾ। ਅਕਸ਼ੈ ਨੇ ਕੋਲ ਜਾ ਕੇ ਉਸਨੂੰ ਨਮਸਕਾਰ ਕੀਤੀ।

"ਮੇਰਾ ਨਾਮ ਅਕਸ਼ੈ ਹੈ। ਮੈਨੂੰ ਵਿਦਿਆ ਜੀ..... ਆਪਦੀ ਮਾਤਾ ਨੇ ਭੇਜਿਆ ਹੈ, ਉਹ ਆਪ ਨਹੀਂ ਆ ਸਕੇ।"

ਰਾਧਿਕਾ ਪਹਿਲਾਂ ਥੋੜ੍ਹੀ ਜਿਹੀ ਚੌਂਕੀ, ਫਿਰ ਥੋੜ੍ਹਾ ਜਿਹਾ ਨਮਸਕਾਰ ਕੀਤਾ ਤੇ ਜਗਿਆਸੂ ਦ੍ਰਿਸ਼ਟੀ ਨਾਲ ਉਹਦੇ ਵੱਲ ਦੇਖਿਆ।

"ਕੱਲ ਰਾਤ ਉਨ੍ਹਾਂ ਨੇ ਮੈਨੂੰ ਟੈਲੀਫੋਨ ਕੀਤਾ ਤੇ ਆਖਿਆ ਕਿ ਤੁਸੀਂ ਆ ਰਹੇ ਹੋ ਤੇ ਮੈਂ ਤੁਹਾਨੂੰ ਮਿਲ ਲਵਾਂ" ਅਕਸ਼ੈ ਨੇ ਗੱਲ ਪੂਰੀ ਕੀਤੀ।

ਰਾਧਿਕਾ ਨੇ ਇਸ ਗੱਲ ਤੇ ਵੀ ਕੁਝ ਨਾ ਕਿਹਾ। ਹੇਠਲੇ ਬੁਲ੍ਹ ਦਾ ਇਕ ਕੋਨਾ ਦੰਦਾਂ ਹੇਠ ਦਬਾ ਲਿਆ ਤੇ ਖੁੱਲ੍ਹੀ ਭਰਪੂਰ ਨਜ਼ਰ ਨਾਲ ਅਕਸ਼ੈ ਨੂੰ ਦੇਖਦੀ ਰਹੀ।

"ਚਲੋ" ਰਾਧਿਕਾ ਵਲੋਂ ਕੋਈ ਸ਼ਾਬਦਿਕ ਜਵਾਬ ਨਾ ਮਿਲਣ ਤੇ ਅਕਸ਼ੈ ਨੇ ਉਸਦਾ ਸੂਟਕੇਸ ਚੁੱਕ ਲਿਆ। ਕਾਫ਼ੀ ਭਾਰਾ ਸੀ। ਉਹ ਸਾਹਮਣੇ ਖੜੀ ਟੈਕਸੀ ਵੱਲ ਵੱਧਿਆ।

ਰਾਧਿਕਾ ਚੁੱਪ-ਚਾਪ ਪਿੱਛੇ ਚੱਲ ਪਈ, ਜਦੋਂ ਦਰਵਾਜ਼ਾ ਖੁਲ੍ਹਿਆ ਤਾਂ ਬੈਠ ਗਈ।

ਰਾਧਿਕਾ ਨਿਰਬਲ ਜਾਂ ਡਰਪੋਕ ਹੈ, ਇਸ ਦਾ ਅਹਿਸਾਸ ਅਕਸ਼ੈ ਨੂੰ ਅਜੇ ਤੱਕ ਨਾ ਹੋਇਆ।

ਉਹ ਕੁਝ ਉਦਾਸ ਹੋਈ ਸੀ, ਇਹ ਉਸ ਨੇ ਮਹਿਸੂਸ ਕੀਤਾ ਕਿ ਉਹ ਲੰਮੀ ਯਾਤਰਾ ਕਰਕੇ ਥੱਕੀ ਹੋਈ ਹੋਵੇ।

"ਤੁਸੀਂ ਨਿਊਯਾਰਕ ਤੋਂ ਕਦੋਂ ਚਲੇ ਸੀ ?"

"ਕੱਲ੍ਹ ਸਵੇਰੇ" ਰਾਧਿਕਾ ਨੇ ਆਖਿਆ।

ਉਹ ਨੀਝ ਨਾਲ ਬਾਹਰ ਦੇਖਣ ਲੱਗੀ ਸੀ। ਹਵਾਈ ਅੱਡੇ ਤੋਂ ਸ਼ਹਿਰ ਤੱਕ ਆਉਣ ਵਿਚ ਅਜਿਹਾ ਰਮਣੀਕ ਜਾਂ ਅੱਖਾਂ ਨੂੰ ਸੋਹਣਾ ਲੱਗਣ ਵਾਲਾ ਹੈ ਹੀ ਕੀ ਜਿਸਨੂੰ ਅਜਿਹੇ ਧਿਆਨ ਨਾਲ ਦੇਖਿਆ ਜਾਵੇ, ਸੜਕ ਦੇ ਨਾਲ ਕੰਡਿਆਲੇ ਝਾੜ, ਖੇਤਾਂ ਵਿਚ ਕਿਤੇ-ਕਿਤੇ ਸਰੋਂ ਦੇ ਫੁੱਲ,ਇਕ ਦੋ ਥਾਵਾਂ ਤੇ ਖੂਹਾਂ ਤੇ ਚਲਦਾ ਹਲਟ.....

"ਤੁਹਾਨੂੰ ਤਾਂ ਕਾਫ਼ੀ ਕੁਝ ਬਦਲਿਆਂ ਲੱਗਦਾ ਹੋਵੇਗਾ", ਜਦੋਂ ਚੁੱਪ ਬਹੁਤ ਲੰਮੀ ਹੋ ਗਈ ਤਾਂ ਅਕਸ਼ੈ ਨੇ ਪੁੱਛਿਆ।

"ਨਹੀਂ ਤਾਂ", ਰਾਧਿਕਾ ਨੇ ਹੱਸਕੇ ਆਖਿਆ। ਅਕਸ਼ੈ ਨੂੰ ਜਾਪਿਆ ਕਿ ਰਾਧਿਕਾ ਦਾ ਹਾਸਾ ਉਸਦੀ ਖੁਸ਼ੀ ਨੂੰ ਪ੍ਰਗਟ ਨਹੀਂ ਕਰ ਰਿਹਾ। ਇਹ ਤਾਂ ਪੱਛਮੀ ਲੋਕਾਚਾਰ ਦਾ ਇਕ ਹਿੱਸਾ ਹੈ।

"ਤੁਸੀਂ ਵਿਦਿਆ ਨੂੰ ਕਿਵੇਂ ਜਾਣਦੇ ਹੋ ?"ਉਹ ਅਚਾਨਕ ਪੁੱਛ ਬੈਠੀ।

ਉਹ ਵਿਦਿਆ ਦਾ ਨਾਂ ਲੈਂਦੀ ਹੈ, ਮਾਂ ਜਾਂ ਮੰਮੀ ਅਜਿਹੇ ਕਿਸੇ ਸੰਬੋਧਨ ਨਾਲ ਨਹੀਂ,

ਇਹ ਨੋਟ ਕਰਦਿਆਂ ਹੋਇਆਂ ਅਕਸ਼ੈ ਨੇ ਉਸਨੂੰ ਦਸ ਦਿੱਤਾ ਕਿ ਵਿਦਿਆ ਤੇ ਅੰਜੂ ਸਹਿਪਾਠਣਾ ਰਹਿ ਚੁੱਕੀਆਂ ਹਨ।

"ਤੁਸੀ ਹੁਣੇ ਕਿਤੇ ਵਿਦਿਆ ਨੂੰ ਮਿਲੇ ਸੀ ?"

"ਹੁਣੇ ਦੁਸਹਿਰੇ ਤੇ ਉਨ੍ਹਾਂ ਵੱਲ ਗਿਆ ਸਾਂ ਤਾਂ ਮੁਲਾਕਾਤ ਹੋਈ ਸੀ"

"ਸਾਰੇ", ਰਾਧਿਕਾ ਕੁੱਝ ਪਲ ਰੁਕੀ "ਠੀਕ ਹੋਣਗੇ"

"ਤੁਹਾਡੇ ਪਿਤਾ ਨਾਲ ਬਹੁਤ ਥੋੜ੍ਹੇ ਸਮੇਂ ਲਈ ਮੁਲਾਕਾਤ ਹੋਈ ਸੀ। ਅੱਜ ਕੱਲ੍ਹ ਉਹ ਆਧੁਨਿਕ ਚਿਤੱਰਕਲਾ ਤੇ ਕਿਤਾਬ ਲਿਖ ਰਹੇ ਹਨ, ਇਹ ਤਾਂ ਤੁਹਾਨੂੰ ਪਤਾ ਹੀ ਹੋਵੇਗਾ। ਵਿਦਿਆ ਠੀਕ ਸੀ। ਹੋਰ ਕੋਈ ਖਾਸ ਸਮਾਚਾਰ ਨਹੀਂ ਹੈ।"

"ਹੋਰ ਇੱਥੋਂ ਦਾ ਕੀ ਹਾਲ ਹੈ"? ਰਾਧਿਕਾ ਨੇ ਪੁੱਛਿਆ।

"ਉਹ ਤਾਂ ਤੁਸੀਂ ਖ਼ੁਦ ਦੇਖ ਲਉਗੇ", ਅਕਸ਼ੈ ਨੇ ਆਖਿਆ, ਫਿਰ ਅੱਗੇ ਝੁਕ ਕੇ ਟੈਕਸੀ ਵਾਲੇ ਨੂੰ ਹਦਾਇਤ ਦੇਣ ਲੱਗਾ।

ਦੱਖਣੀ ਦਿੱਲੀ ਦੀ ਇਕ ਨਵੀਂ ਬਸਤੀ ਵਿਚ ਅਕਸ਼ੈ ਦਾ ਫਲੈਟ ਸੀ। ਉੱਚੇ-ਉੱਚੇ ਮਕਾਨਾਂ ਦੀ ਇਕ ਕਤਾਰ ਅੱਗੇ ਸੜਕ, ਸਾਹਮਣੇ ਫਿਰ ਮਕਾਨ। ਰਾਤ ਦੀ ਗੱਡੀ ਲਈ ਟਿਕਟਾਂ ਦਾ ਪ੍ਰਬੰਧ ਕਰ ਲਿਆ ਸੀ। ਪਹਿਲਾਂ ਉਸ ਨੇ ਸੋਚਿਆ ਕਿ ਰਾਧਿਕਾ ਨੂੰ ਕਿਸੇ ਹੋਟਲ ਵਿਚ ਠਹਿਰਾ ਦੇਵੇ, ਫਿਰ ਖਿਆਲ ਆਇਆ ਕਿ ਹੋਟਲ ਵਿਚ ਤਾਂ ਉਹ ਆਪ ਹੀ ਜਾ ਸਕਦੀ ਹੈ। ਵਿਦਿਆ ਨੇ ਅਕਸ਼ੈ ਨੂੰ ਇਸ ਲਈ ਤੈਨਾਤ ਕੀਤਾ ਹੈ ਕਿ ਰਾਧਿਕਾ ਦਾ ਪਹਿਲਾ ਦਿਨ ਇੱਕਲਿਆਂ ਨਾ ਬੀਤੇ—ਇਸ ਲਈ ਅਕਸ਼ੈ ਉਸਨੂੰ ਆਪਣੇ ਘਰ ਲੈ ਆਇਆ। ਸਾਮਾਨ ਲਾਹ ਕੇ ਟੈਕਸੀ ਦੇ ਪੈਸੇ ਦਿੰਦਿਆਂ ਅਕਸ਼ੈ ਨੂੰ ਖਿਆਲ ਆਇਆ ਕਿ ਬਦੇਸ਼ ਦੀ ਚਮਕ-ਦਮਕ ਮਗਰੋਂ ਕਿੱਧਰੇ ਉਹਦੇ ਸਾਦੇ ਜਿਹੇ ਘਰ ਵਿਚ ਰਾਧਿਕਾ ਨੂੰ ਕੋਈ ਤਕਲੀਫ਼ ਨਾ ਹੋਵੇ-ਰਾਧਿਕਾ ਨੇ ਪੈਸੇ ਦੇਣ ਲਈ ਥੋੜ੍ਹਾ ਜਿਹਾ ਜ਼ੋਰ ਪਾਇਆ ਪਰ ਅਕਸ਼ੈ ਨਾ ਮੰਨਿਆ। ਜਦੋਂ ਉਹ ਉੱਪਰ ਆਇਆ ਤਾਂ ਉਹ ਬੈਠਕ ਵਿਚ ਖੜੀ ਸੀ।

"ਤੁਸੀਂ ਬੈਠੋ, ਖੜੇ ਕਿਉਂ ਹੋ ?"

ਰਾਧਿਕਾ ਬੈਠ ਗਈ। ਕਮਰਾ ਚੌਰਸ ਸੀ, ਇਕ ਸੋਫਾ ਦੀਵਾਰ ਨਾਲ ਲੱਗਾ ਕੇ ਰੱਖਿਆ ਸੀ, ਇਕ ਲੈਦਰ ਦੀ ਕੁਰਸੀ ਜੋ ਕਿ ਸਪੱਸ਼ਟ ਹੀ ਸਕੈਂਡਿਨੇਵਿਆਈ ਸਟਾਈਲ ਦੀ ਸੀ, ਇਕ ਪਾਸੇ ਕਿਤਾਬਾਂ ਨਾਲ ਭਰੀ ਅਲਮਾਰੀ, ਸਭ ਕੁਝ ਸਾਫ਼-ਸੁਥਰਾ ਤੇ ਠੀਕ ਪਰ ਵਾਤਾਵਰਣ-ਹੀਣ।

ਉਸ ਵੇਲੇ ਨੌਕਰ ਨੇ ਚਾਹ ਦੀ ਟ੍ਰੇ ਲਿਆ ਕੇ ਮੇਜ਼ ਤੇ ਰੱਖ ਦਿੱਤੀ ਤੇ ਆਦਰ ਸਹਿਤ ਇਕ ਪਾਸੇ ਖੜੋ ਗਿਆ। ਨੌਕਰ ਦਾ ਚਿਹਰਾ-ਮੁਹਰਾ ਦੇਖਕੇ ਰਾਧਿਕਾ ਨੂੰ ਹੈਰਾਨੀ ਹੋਈ। ਉਹ ਤਿੱਬਤੀ ਜਾਪਦਾ ਸੀ, ਸਾਫ਼-ਸੁੱਥਰੇ ਕੱਪੜੇ ਪਾਈ ਬੜਾ ਸਭਿਅ।

ਅਕਸ਼ੈ ਨੇ ਆਖਿਆ "ਸੋਨਾਮ, ਇਹ ਰਾਧਿਕਾ ਹੈ, ਅੱਜ ਹੀ ਬਾਹਰੋਂ ਆਈ ਹੈ"

ਨੌਕਰ ਨੇ ਝੁੱਕ ਕੇ ਰਾਧਿਕਾ ਨੂੰ ਪ੍ਰਮਾਣ ਕੀਤਾ, ਫਿਰ ਚਾਹ ਬਨਾਉਣ ਲੱਗਾ। ਚਾਹ ਦੀ ਪਿਆਲੀ ਹੱਥ ਵਿਚ ਫ਼ੜ ਕੇ ਰਾਧਿਕਾ ਨੇ ਅਕਸ਼ੈ ਵੱਲ ਮੁੜਕੇ ਪੁੱਛਿਆ "ਮੇਰੀ ਵਜ੍ਹਾ ਨਾਲ ਆਪ ਨੂੰ ਕੋਈ ਤਕਲੀਫ਼ ਤਾਂ ਨਹੀਂ ਹੋ ਰਹੀ?"

"ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਹੋ ?" ਅਕਸ਼ੈ ਨੇ ਆਖਿਆ।

ਚਾਹ ਪੀ ਕੇ ਉਹ ਦਫ਼ਤਰ ਚਲਾ ਗਿਆ।

ਫਿਰ ਘਰ ਵਿਚ ਇਕਦਮ ਸੱਨਾਟਾ, ਰੋਸਈ ਵਿਚੋਂ ਸੋਨਾਮ ਦਾ ਕੋਈ ਖੜਕਾ ਵੀ ਨਹੀਂ ਆਉਂਦਾ।

ਰਾਧਿਕਾ ਕੁਝ ਚਿਰ ਉੱਥੇ ਚੁੱਪ-ਚਾਪ ਬੈਠੀ ਰਹੀ, ਇਸ ਗੱਲ ਨੂੰ ਦੁਹਰਾਉਂਦੀ ਹੋਈ ਕਿ ਉਹ ਆਪਣੇ ਦੇਸ਼ ਵਾਪਸ ਆ ਗਈ ਹੈ। ਅੱਜ ਭਾਰਤ ਵਿਚ ਉਸ ਦਾ ਪਹਿਲਾ ਦਿਨ ਹੈ। ਉਸ ਨੂੰ ਮਿਲਣ ਲਈ ਕੋਈ ਵੀ ਆਪਣਾ ਹਵਾਈ ਅੱਡੇ ਤੇ ਨਹੀਂ ਆਇਆ। ਉਹ ਇਕ ਅਣਜਾਣ ਵਿਅਕਤੀ ਦੇ ਘਰ ਬੈਠੀ ਹੈ। ਵਿਅਕਤੀ ਵੀ ਅਜਿਹਾ ਜੋ ਬਿਨਾਂ ਪੁੱਛਿਆ ਆਪਣੇ ਆਪ ਬਾਰੇ ਕੁਝ ਵੀ ਨਹੀਂ ਦੱਸਦਾ ! ਇਹ ਉਸ ਦਾ ਛੋਟਾ ਜਿਹਾ ਫਲੈਟ ਹੈ, ਇਕ ਤਿੱਬਤੀ ਨੌਕਰ।

ਰਾਧਿਕਾ ਇਕੱਲੀ ਹੈ।

ਇਸ ਦਿਨ ਦੀ ਕਲਪਨਾ ਰਾਧਿਕਾ ਨੇ ਬਹੁਤ ਵਾਰ ਕੀਤੀ ਸੀ। ਉਸ ਨੂੰ ਇਹ ਯਕੀਨ ਸੀ ਕਿ ਪਾਪਾ ਉਸ ਨੂੰ ਜ਼ਰੂਰ ਹੀ ਲੈਣ ਆਉਣਗੇ ਭਾਵੇਂ ਵਿਦਿਆ ਨਾ ਆਵੇ। ਫਿਰ ਉਹ ਦੋਨੋਂ ਕਿਸੇ ਚੰਗੀ ਜਿਹੀ ਥਾਂ ਤੇ ਠਹਿਰਨਗੇ। ਪਾਪਾ ਉਸ ਨੂੰ ਖਾਣਾ ਖਵਾਉਣ ਲੈ ਜਾਣਗੇ। ਉਹ ਖਾਣ ਲਈ ਅਜਿਹੀਆਂ ਚੀਜ਼ਾਂ ਦਾ ਆਡਰ ਦੇਵੇਗੀ ਜਿਨ੍ਹਾਂ ਲਈ ਉਹ ਵਿਦੇਸ਼ ਵਿਚ ਤਰਸਦੀ ਰਹਿ ਗਈ ਸੀ ਜਿਵੇਂ ਖ਼ੂਬ ਫੁੱਲੀਆਂ ਹੋਈਆਂ ਖਸਤਾ ਪੂਰੀਆਂ, ਕਾਬਲੀ ਛੋਲਿਆਂ ਦੀ ਮਸਾਲੇਦਾਰ ਸਬਜ਼ੀ ਜਿਸ ਤੇ ਹਰੀ ਮਿਰਚ ਤੇ ਨਿੰਬੂ ਦੇ ਲੰਮੇ-ਲੰਮੇ ਟੁਕੜੇ ਸਜੇ ਹੋਏ ਹੋਣ,ਪਨੀਰ ਕੋਫ਼ਤੇ,ਦਹੀਂ ਵਾਲੇ ਗੁਲਗਲੇ, ਚਟਣੀ, ਸਭ ਤਰ੍ਹਾਂ ਦੇ ਅਚਾਰ, ਮਿਰਚ ਵਾਲੇ ਪਾਪੜ ਤੇ ਅਖ਼ੀਰ ਵਿਚ ਮੇਵਿਆਂ ਵਾਲਾ ਗਾਜਰ ਦਾ ਕੜਾਹ ਜਾਂ ਤਾਜ਼ੇ ਕੱਟੇ ਹੋਏ ਅੰਬਾਂ ਦੀਆਂ ਫਾੜੀਆਂ ਅਤੇ ਮਲਾਈ ਜਾਂ ਕੇਸਰ ਨਾਲ ਸੁਗੰਧਿਤ ਗਾੜ੍ਹੀ ਖੀਰ !

'ਆਪ ਲਈ ਪਾਣੀ ਗਰਮ ਹੋ ਗਿਆ ਹੈ।' ਸੋਨਾਮ ਕਹਿ ਰਿਹਾ ਸੀ।

'ਨਹਾ ਧੋ ਕੇ ਰਾਧਿਕਾ ਆ ਕੇ ਸੋਫੇ ਤੇ ਲੇਟ ਗਈ। ਕਮਰੇ ਵਿਚ ਧੁੱਪ ਆ ਗਈ। ਜੋ ਰਾਧਿਕਾ ਨੂੰ ਚੰਗੀ ਲੱਗ ਰਹੀ ਸੀ। ਧੋਤੇ ਹੋਏ ਵਾਲ ਕੁਸ਼ਨ ਤੇ ਖਿਲਾਰ ਲਏ, ਖੱਬੀ ਬਾਂਹ ਅੱਖ ਤੇ !

ਰਾਧਿਕਾ ਚਾਹੁੰਦੀ ਸੀ ਕਿ ਅੱਜ ਦੇ ਦਿਨ ਉਹ ਦੁਖਦਾਈ ਗੱਲਾਂ ਯਾਦ ਨਾ ਅਉਣ। ਠੀਕ ਹੈ, ਪਾਪਾ ਨਾਲ ਭਿਅੰਕਰ ਝਗੜਾ ਕਰਕੇ ਉਹ ਵਿਦੇਸ਼ ਚਲੀ ਗਈ ਸੀ ਪਰ ਉਸ ਗੱਲ

ਨੂੰ ਤਿੰਨ ਵਰ੍ਹਿਆਂ ਤੋਂ ਉੱਪਰ ਹੋ ਗਏ ਹਨ। ਉਸ ਨੇ ਮਾਫ਼ੀ ਵੀ ਮੰਗ ਲਈ ਤੇ ਵਾਪਸ ਵੀ ਆ ਗਈ। ਕੀ ਪਾਪਾ ਅੱਜੇ ਵੀ ਉਹਨਾਂ ਗੱਲਾਂ ਨੂੰ ਲਈ ਬੈਠੇ ਹੋਣਗੇ ? ਨਹੀ ਤਾਂ ਆਏ ਕਿਉਂ ਨਹੀ ? ਕਿਸ ਘਰ ਵਿਚ ਬਾਪ ਬੱਚਿਆਂ ਵਿਚ ਝਗੜਾ ਨਹੀਂ ਹੁੰਦਾ ? ਫਿਰ ਝਗੜਾ ਪੀੜ੍ਹੀਆਂ ਦੇ ਦ੍ਰਿਸ਼ਟੀਕੋਣ ਕਾਰਨ ਨਹੀਂ ਹੋਇਆ ਸੀ। ਰਾਧਿਕਾ ਆਪਣੀ ਨਿੱਜੀ ਆਜ਼ਾਦੀ ਲਈ ਲੜੀ ਸੀ।ਲ਼ਕੀਰ ਦੇ ਫ਼ਕੀਰ ਨਾ ਬਣਨਾ ਉਸ ਨੂੰ ਪਾਪਾ ਨੇ ਹੀ ਤਾਂ ਸਿਖਾਇਆ ਸੀ। ਉਸ ਦੀ ਵਾਰਤਾ ਤੋਂ ਪਾਪਾ ਨੂੰ ਦੁੱਖ ਹੋਇਆ ਹੈ, ਇਹ ਤਾਂ ਉਸ ਨੂੰ ਪਤਾ ਸੀ, ਪਰ ਇਸ ਤਰ੍ਹਾਂ ਨਿਰਮੋਹ ਤੇ ਕਠੋਰ ਹੋ ਜਾਣਗੇ, ਅਜਿਹਾ ਉਸ ਨੂੰ ਖਿਆਲ ਵੀ ਨਹੀਂ ਸੀ ?ਪਾਪਾ ਨੇ ਉਸ ਨੂੰ ਮਾਫ਼ ਕਰ ਦਿੱਤਾ ਹੋਵੇਗਾ ਤੇ ਉਸ ਨੂੰ ਲੈਣ ਲਈ ਦਿੱਲੀ ਅਉਣਗੇ। ਵਾਪਸ ਆਉਣ ਵੇਲੇ ਉਨ੍ਹਾਂ ਦੇ ਨਾਂ ਤਾਰ ਦੇਣ ਤੇ ਮੂਲ ਵਿਚ ਇਹੀ ਵਿਸ਼ਵਾਸ ਸੀ

ਉਸ ਨੇ ਹਵਾਈ ਜਹਾਜ਼ ਤੋਂ ਉਤਰਦਿਆਂ ਉਤਸੁਕ ਅੱਖਾਂ ਨਾਲ ਚਾਰੇ-ਪਾਸੇ ਦੇਖਿਆ ਪਰ ਉਸ ਨੂੰ ਇੱਕ ਵਾਕਫ਼ ਚਿਹਰਾ ਦਿਖਾਈ ਨਹੀਂ ਦਿੱਤਾ। ਲੰਡਨ ਤੋਂ ਲੈ ਕੇ ਨਵੀਂ ਦਿੱਲੀ ਤੱਕ ਜੋ ਪ੍ਰੋੜ ਅਮਰੀਕਨ ਨਾਲ ਦੀ ਸੀਟ ਤੇ ਬੈਠਾ ਸੀ ਹੁਣ ਰਾਧਿਕਾ ਨੂੰ ਦੇਖ ਕੇ ਫੇਰ ਮੁਸਕਰਾਇਆ ?

"ਲੰਮੇ ਸਮੇਂ ਮਗਰੋਂ ਘਰ ਵਾਪਸ ਆਉਣਾ ਕਿਵੇਂ ਲੱਗ ਰਿਹਾ ਹੈ ?" ਉਸ ਨੇ ਪੁੱਛਿਆ।

ਰਾਧਿਕਾ ਇਕਦਮ ਕੁਝ ਨਾ ਕਹਿ ਸਕੀ। ਇਕ ਵਾਰ ਫਿਰ ਉਸ ਨੇ ਰੇਲਿੰਗ ਤੇ ਝੁਕੇ ਖੜੇ ਲੋਕਾਂ ਦੀ ਲਾਈਨ ਨੂੰ ਦੇਖਿਆ, ਉਸ ਨੂੰ ਜਾਪਿਆ ਕਿ ਉਹ ਅਚਾਨਕ ਬਹੁਤ ਭਾਵੁਕ ਹੋ ਗਈ ਹੈ, ਜੋ ਸਭ ਕੁਝ ਉਸ ਦੇ ਚਾਰੇ-ਪਾਸੇ ਸੀ,ਧੂੜ ਦੇ ਛੋਟੇ-ਛੋਟੇ ਕਣਾਂ ਨਾਲ ਭਰੀ ਹਵਾ,ਫਿੱਕਾ ਅੰਬਰ, ਤੇਜ਼ ਧੁੱਪ ਸੜਿਆ ਹੋਇਆ ਘਾਹ ਉਸ ਦੇ ਪੈਰਾਂ ਹੇਠਲੀ ਸਖ਼ਤ ਧਰਤੀ ਇਹ ਸਭ ਉਸ ਦਾ ਸੀ, ਇਸ ਸਭ ਕੁਝ ਦਾ ਉਹ ਇਕ ਅਟੁੱਟ ਅੰਗ ਸੀ ਤੇ ਇਸ ਸਮੇਂ ਜੋ ਕੁਝ ਉਹ ਅਨੁਭਵ ਕਰ ਰਹੀ ਸੀ, ਉਸ ਨੂੰ ਉਹ ਇਕ ਵਾਕ ਵਿਚ ਕਿਵੇਂ ਪ੍ਰਗਟ ਕਰਦੀ। ਪਰ ਪ੍ਰਸ਼ਨ-ਕਰਤਾ ਦੇ ਜਵਾਬ ਦੀ ਜ਼ਰੂਰਤ ਸੀ, ਇਸ ਲਈ ਉਸ ਥੋੜ੍ਹਾ ਜਿਹਾ ਹੱਸ ਕੇ ਆਖਿਆ 'ਜਸਟ ਵੰਡਰਫੁੱਲ'

ਰਾਧਿਕਾ ਫਿਰ ਭੀੜ ਨੂੰ ਵੇਖਣ ਲੱਗੀ। ਰੇਲਿੰਗ ਤੇ ਲਟਕੇ ਹੋਏ ਲੋਕ ਜ਼ੋਰ ਨਾਲ ਹਵਾ ਵਿਚ ਬਾਹਾਂ ਹਿਲਾ ਰਹੇ ਸਨ, ਪੌੜੀਆਂ ਤੇ ਲੜਕਿਆਂ ਦਾ ਇਕ ਛੋਟਾ ਜਿਹਾ ਇਕੱਠ, ਇਕ

ਪਾਸੇ ਬਿਰਧ ਜੋੜਾ,ਗੰਭੀਰ ਉਡੀਕ ਦੀ ਮੁਦਰਾ ਵਿਚ ਆਉਣ ਜਾਣ ਵਾਲਿਆਂ ਦੇ ਚਿਹਰਿਆ ਵੱਲ ਧਿਆਨ ਨਾਲ ਦੇਖ ਰਹੇ ਹਨ।

ਜਿਉਂ ਹੀ ਉਹ ਕਸਟਮ ਵਾਲਿਆਂ ਤੋਂ ਛੁਟਕਾਰਾ ਪਾ ਕੇ ਬਾਹਰ ਨਿਕਲੇਗੀ, ਕੋਈ ਨਾ ਕੋਈ ਆਪਣਾ ਜ਼ਰੂਰ ਦਿਸੇਗਾ। ਆਪਣੇ ਭਾਵਾਂ ਦਾ ਦੂਜਿਆਂ ਸਾਹਮਣੇ ਦਿਖਾਵਾ ਕਰਨ ਵਿਚ ਸਾਰੇ ਪਰਿਵਾਰ ਨੂੰ ਝਿਜਕ ਹੈ। ਇਸ ਲਈ ਸ਼ਾਇਦ ਰਾਧਿਕਾ ਨੂੰ ਗਲ ਨਾਲ ਲੱਗਾ ਕੇ ਕੋਈ ਨਾ ਘੁੱਟੇ ਪਰ ਖੁਸ਼ੀ ਤਾਂ ਚਿਹਰੇ ਤੋਂ ਛੁਪਾ ਨਹੀਂ ਸਕੇਗਾ ?

ਰਾਧਿਕਾ ਹਰ ਯਾਤਰੀਆਂ ਨਾਲ ਲਾਉਂਜ ਵਿਚ ਪਹੁੰਚ ਗਈ। ਕਸਟਮ ਅਫ਼ਸਰ ਜਵਾਨ ਸੀ, ਚਿਹਰੇ ਤੇ ਛੋਟੀਆਂ-ਛੋਟੀਆਂ ਮੁੱਛਾਂ ਮੋਢੇ ਕੁੱਝ ਆਕੜੇ ਹੋਏ ਅਤੇ ਪੂਰੀ ਮੁਦਰਾ ਵਿਚ ਇਸ ਸਮੇਂ ਪੂਰੇ ਰੂਪ ਵਿਚ ਹਾਲਤ ਦਾ ਫੈਸਲਾ ਕਰਨ ਵਾਲਾ ਹੋਣ ਵਰਗਾ ਭਾਵ। ਵਿਦੇਸ਼ੀਆਂ ਨੂੰ ਪਹਿਲਾਂ ਨਿਪਟਾਉਣਾ ਰਾਧਿਕਾ ਨੂੰ ਬੁਰਾ ਨਾ ਜਾਪਿਆ, ਐਨਾ ਸਾਊਪਣਾਂ ਤਾਂ ਵਰਤਣਾ ਚਾਹੀਦਾ ਹੈ। ਬੈਂਤ ਦੇ ਸੋਫੇ ਤੇ ਆਪਣੀ ਵਾਰੀ ਦਾ ਇੰਤਜ਼ਾਰ ਕਰਦੀ ਹੋਈ ਰਾਧਿਕਾ ਨੇ ਮਨ ਵਿਚ ਥੋੜ੍ਹੀ ਜਿਹੀ ਨਿਰਾਸ਼ਾ ਅਨੁਭਵ ਕੀਤੀ।

ਲਾਉਂਜ ਵਿਚ ਹੋਰਨਾਂ ਦੇ ਸੰਬੰਧੀ ਆ-ਆ ਕੇ ਮਿਲਣ ਲੱਗੇ ਸਨ। ਬਿਰਧ ਜੋੜਾਂ ਵੀ ਆਪਣੇ ਪੁੱਤਰ ਤੇ ਗੋਰੀ ਨੂੰਹ ਨੂੰ ਮਿਲ ਪਏ ਸਨ ਅਤੇ ਹੁਣ ਉਹ ਸਾਰੇ ਬੜੀ ਦੁਖਾਂਤਕ ਜਿਹੀ ਹਾਲਤ ਵਿਚ ਖੜੇ ਹੋਏ ਸਨ।। ਆਪਣੀ ਵਾਰੀ ਅਉਣ ਤੇ ਉਹ ਬਹੁਤ ਹੀ ਸ਼ਾਂਤ ਤੇ ਧੀਰਜ ਨਾਲ ਉੱਠੀ ਅਤੇ ਪਾਸਪੋਰਟ ਤੇ ਚਾਬੀਆਂ ਕਸਟਮ ਅਫ਼ਸਰ ਨੂੰ ਫੜਾ ਦਿੱਤੀਆਂ। ਉਸ ਨੇ ਪਾਸਪੋਰਟ ਪੜ੍ਹਕੇ ਰਾਧਿਕਾ ਵੱਲ ਦੇਖਿਆ : ਨਾਮ ਰਾਧਿਕਾ ਜਨਮ ਮਿਤੀ ਜਨਵਰੀ ਉਨੀ ਸੌ ਚਾਲੀ, ਕੱਦ ਪੰਜ ਫੁੱਟ ਤਿੰਨ ਇੰਚ, ਵਜ਼ਨ ਇਕ ਸੋ ਪੰਜ ਪਾਉਂਡ, ਧੰਦਾ ਵਿਦਿਆਰਥੀ.......

ਅਤੇ ਫਿਰ ਇਕ ਵਾਰੀ ਫੇਰ ਦੇਖਿਆ।

ਹਰ ਆਦਮੀ ਉਸ ਨੂੰ ਦੋ ਵਾਰ ਦੇਖਦਾ ਹੈ। ਇਹ ਰਾਧਿਕਾ ਜਾਣਦੀ ਸੀ। ਪਹਿਲੀ ਵਾਰ ਸਰਸਰੀ ਨਿਗਾਹ ਨਾਲ ਅਤੇ ਦੁਬਾਰਾ ਕੁਝ ਧਿਆਨ ਨਾਲ। ਕਾਰਣ ਜਾਣਦਿਆਂ ਹੋਇਆ ਵੀ ਰਾਧਿਕਾ ਸਵੀਕਾਰ ਨਹੀਂ ਕਰਦੀ। ਪਹਿਲੀ ਨਜ਼ਰੇ ਉਹ ਹੋਰ ਭਾਰਤੀ ਇਸਤਰੀਆਂ ਵਾਂਗ ਦਿਖਾਈ ਦਿੰਦੀ ਹੈ, ਸਾਂਵਲੀ,ਕਾਲੀਆਂ ਅੱਖਾਂ ਤੇ ਕਾਲੇ ਕਾਲਾਂ ਵਾਲੀ, ਪਰ ਪਹਿਲੀ ਨਜ਼ਰੇ ਹੀ ਰਾਧਿਕਾ ਵਿਚ ਕੁਝ ਅਜਿਹਾ ਹੈ ਜੋ ਦੂਸਰੀ ਨਜ਼ਰ ਮਾਰਨ ਲਈ ਮਜ਼ਬੂਰ ਕਰਦਾ ਹੈ।

"ਆਪ ਉੱਥੇ ਪੜ੍ਹ ਰਹੇ ਸੀ ?" ਖਾਨਾਪੂਰੀ ਕਰਦਿਆਂ ਹੋਇਆ ਕਸਟਮ ਅਫ਼ਸਰ ਨੇ ਪੁੱਛਿਆ

"ਜੀ!" ਰਾਧਿਕਾ ਨੇ ਆਖਿਆ

"ਆਪ ਦਾ ਵਿਸ਼ਾ ਕੀ ਸੀ ?"

"ਫਾਈਨ ਆਰਟਸ।"

"ਆਪ ਸੂਟਕੇਸ ਖੋਲੋਗੇ ?"

"ਜੀ,ਅੱਛਾ !"

ਰਾਧਿਕਾ ਨੇ ਸੂਟਕੇਸ ਖੋਲ੍ਹ ਦਿੱਤਾ ਤੇ ਉਸ ਨੂੰ ਪਤਾ ਸੀ ਕਿ ਉਸ ਦੀ ਹਰ ਚੀਜ਼ ਖੁੱਲ੍ਹੀ ਜਾਵੇਗੀ। ਫਿਰ ਵੀ ਸਮਾਨ ਖੁੱਲ੍ਹਣ ਨਾਲ ਉਸ ਨੂੰ ਥੋੜ੍ਹੀ ਜਿਹੀ ਤਕਲੀਫ਼ ਹੋਣ ਲੱਗੀ। ਟ੍ਰਾਂਜਿਸਟਰ,ਕੈਮਰਾ, ਟੇਪਰਿਕਾਰਡ-ਇਹ ਸਭ ਉਹ ਨਹੀਂ ਲਿਆਈ ਹੈ। ਇਹ ਭਰਦਿਆਂ ਹੋਇਆ ਕਸਟਮ ਅਫ਼ਸਰ ਨੇ ਉਸ ਦੇ ਮੂੰਹ ਵੱਲ ਏਕ ਵਾਰ ਦੇਖ ਲਿਆ।

ਸੂਟਕੇਸ ਦਾ ਢੱਕਣ ਬੰਦ ਕਰਦਿਆਂ ਹੋਇਆਂ ਹੱਸ ਕੇ ਪੁੱਛਿਆ "ਤਾਂ ਫਿਰ ਤੁਸੀਂ ਕੀ ਲੈ ਆਏ ਹੋ ?"

ਰਾਧਿਕਾ ਕੇ ਉੱਤਰ ਵਿਚ ਕੁਝ ਨਾ ਆਖਿਆ

ਕਾਗਜ਼ਾਂ ਦੇ ਦਸਖ਼ਤ ਕਰਕੇ ਜਦੋਂ ਰਾਧਿਕਾ ਮੁੜੀ ਤਾਂ ਉਸ ਨੂੰ ਇਕ ਵਾਰ ਫਿਰ ਯਾਦ ਆਇਆ ਕਿ ਹੁਣ ਉਹ ਬਾਹਰ ਜਾ ਸਕਦੀ ਹੈ। ਉਹ ਤਿੰਨ ਵਰ੍ਹਿਆਂ ਮਗਰੋਂ ਘਰ ਵਾਪਸ ਆਈ ਹੈ, ਤੇ ਉਸ ਨੂੰ ਮਿਲਣ ਲਈ ਕੋਈ ਵੀ ਨਹੀਂ ਆਇਆ। ਜੇਕਰ ਪਾਪਾ ਆਉਂਦੇ ਤਾਂ ਕਿੰਨਾਂ ਚੰਗਾ ਲੱਗਦਾ,ਪਰ ਉਹਨਾਂ ਦੇ ਬਿਨਾਂ ਹੋਰ ਲੋਕ ਵੀ ਤਾਂ ਹਨ ਜਿਵੇਂ ਵੱਡੇ ਭਰਾ ਵਿਨੈ, ਭਾਬੀ, ਉਹਨਾਂ ਦੇ ਬੱਚੇ—ਵੀਣਾ ਵਿਵੇਕ। ਆਉਣ ਦੀ ਸੂਚਨਾ ਉਸ ਨੇ ਕਿੰਨਾ ਪਹਿਲਾਂ ਦੇ ਦਿੱਤੀ ਸੀ। ਹੁਣ ਮੈਂ ਕੀ ਕਰਾਂ, ਇਸ ਗੱਲ ਬਾਰੇ ਸੋਚਦਿਆਂ ਇਸ ਉਧੇੜ-ਬਣ ਵਿਚ ਰਾਧਿਕਾ ਪੌੜੀਆਂ ਦੇ ਪਾਸ ਆ ਕੇ ਖੜੀ ਰਹੀ, ਉਸ ਦੀਆਂ ਅੱਖਾਂ ਅਣਮੰਨੇ ਭਾਵ ਨਾਲ ਟੈਕਸੀਆਂ ਦੀ ਭੀੜ, ਰੰਗੀਨ ਸਾਫੇ ਤੇ ਕੁਝ ਦੂਰ ਏਅਰ ਇੰਡੀਆ ਦੇ ਪੋਸਟਰਾਂ ਨੂੰ ਦੇਖਦੀਆਂ ਰਹੀਆਂ ਇਹ ਸੰਭਾਵਨਾ ਕਿ ਜਹਾਜ਼ ਤੋਂ ਉਤਰ ਕੇ ਕਿੱਧਰੇ ਜਾਣ ਲਈ ਜਗ੍ਹਾ ਵੀ ਨਹੀਂ ਹੋਵੇਗੀ, ਉਸਦੇ ਮਨ ਵਿਚ ਕਦੇ ਵੀ ਨਹੀਂ ਸੀ ਆਇਆ। ਉਂਜ ਦਿੱਲੀ ਵਿਚ ਉਸ ਦੀ ਬਚਪਨ ਦੀ ਸਹੇਲੀ ਪ੍ਰਭਾ

ਰਹਿੰਦੀ ਸੀ। ਪਰ ਰਾਧਿਕਾ ਦੀ ਇੱਛਾ ਫੋਨ ਬੁੱਕ ਵਿਚ ਉਸ ਦੇ ਪਤੀ ਦਾ ਨਾਮ ਲੱਭ ਕੇ ਆਪਣੇ ਆਪ ਨੂੰ ਪ੍ਰਭਾ ਤੇ ਬੋਝ ਬਣਾਉਣ ਦੀ ਨਾ ਹੋਈ।

ਫਿਰ! ਸਮਾਂ ਸਟੇਸ਼ਨ ਤੇ ਗੁਜ਼ਾਰਿਆ ਜਾ ਸਕਦਾ ਹੈ, ਤੇ ਫਿਰ ਰਾਤ ਦੀ ਗੱਡੀ ਦੁਆਰਾ ਘਰ।

ਘਰ, ਜੇਕਰ ਕਿਧਰੇ ਘਰ ਹੈ। ਪਾਪਾ ਦਾ ਘਰ ? ਵੱਡੇ ਭਰਾ ਦਾ ਘਰ ? ਦੋਹਾਂ ਵਿਚ ਕਿਸੇ ਨੇ ਇਹ ਲੋੜ ਮਹਿਸੂਸ ਨਾ ਕੀਤੀ ਕਿ ਰਾਧਿਕਾ ਨੂੰ ਕੋਈ ਮਿਲਕੇ ਨਾਲ ਲੈ ਆਏ।

ਅਚਾਨਕ ਇਹ ਫ਼ੈਸਲਾ ਕਰਕੇ ਕਿ ਉਹ ਸਟੇਸ਼ਨ ਹੀ ਜਾਵੇਗੀ, ਉਹ ਟੈਕਸੀ ਬੁਲਾਉਣ ਲਈ ਮੁੜੀ ਤਾਂ ਹੀ ਹੌਲੀ ਜਿਹੀ ਅਕਸ਼ੈ ਉਸ ਪਾਸ ਆ ਕੇ ਖੜੋ ਗਿਆ।

ਉਸ ਦੀ ਗੱਲ ਸੁਣ ਕੇ ਰਾਧਿਕਾ ਨੂੰ ਜਾਪਿਆ ਕਿ ਉਸ ਦੀ ਔਕੜ ਹੱਲ ਹੋ ਗਈ ਹੈ, ਹੁਣ ਉਸ ਨੂੰ ਵੇਟਿੰਗ ਰੂਮ ਵਿਚ ਸਾਰਾ ਦਿਨ ਨਹੀਂ ਕੱਟਣਾ ਪਵੇਗਾ। ਉਹ ਭਰਵੀਂ ਨਜ਼ਰੇ ਅਕਸ਼ੈ ਨੂੰ ਦੇਖਦੀ ਰਹੀ। ਅਤੇ ਅਕਸ਼ੈ ਉਸਨੂੰ ਠੀਕ ਹੀ ਜਾਪਿਆ, ਗੰਭੀਰ, ਸਾਊ ਤੇ ਮਿੱਠਬੋਲੜਾ। ਵਿਦਿਆ ਨੇ ਉਸ ਨੂੰ ਭੇਜਿਆ ਹੈ ਤਾਂ ਉਸ ਦੀ ਪ੍ਰਾਹੁਣਚਾਰੀ ਸਵੀਕਾਰ ਕਰਨੀ ਠੀਕ ਹੀ ਹੋਵੇਗੀ। ਫਿਰ ਰਹਿਣਾ ਵੀ ਤਾਂ ਉਸ ਨੇ ਕੁਝ ਘੰਟੇ ਹੀ ਹੈ।

ਹੁਣ ਰਾਧਿਕਾ ਨੇ ਸੋਫੇ ਤੇ ਪਾਸਾ ਲਿਆ। ਮਨ ਵਿਚ ਬੇਚੈਨੀ ਵੱਧਦੀ ਜਾ ਰਹੀ ਹੈ। ਉਸ ਨੇ ਫਿਰ ਸਰਾਹਣੇ ਵਿਚ ਸਿਰ ਦੇ ਲਿਆ। ਅੱਖਾਂ ਬੰਦ ਕਰਨ ਤੇ ਹੁਣ ਵੀ ਲੱਗਦਾ ਹੈ ਕਿ ਉਹ ਅਜੇ ਹਵਾਈ ਜਹਾਜ਼ ਦੀ ਸੀਟ ਤੇ ਬੈਠੀ ਹੋਈ ਹੈ, ਬੈਰੂਤ ਦੀਆਂ ਝਿਲਮਿਲਾਂਦੀਆਂ ਬੱਤੀਆਂ ਹਨ, ਨੀਂਦ ਵਿਚ ਡੁੱਬਾ ਤੇਹਰਾਨ ਹੈ। ਰਾਤ ਵਿਚ ਕਦੀ ਅੱਖਾਂ ਬੰਦ ਹੋ ਗਈਆਂ ਹੋਣਗੀਆਂ। ਖਿੜਕੀ 'ਚ ਸਵੇਰ ਦੀਆਂ ਪਹਿਲੀਆਂ ਕਿਰਨਾਂ ਚਿਹਰੇ ਤੇ ਪੈਣ ਲੱਗੀਆਂ ਹਨ। ਜਹਾਜ਼ ਵਿਚ ਇਕ ਭਾਰੀ ਜਿਹੀ ਆਵਾਜ਼ ਗੂੰਜ ਰਹੀ ਹੈ "ਅਸੀਂ ਪੈਂਤੀ ਮਿੰਟਾਂ ਵਿਚ ਦਿੱਲੀ ਦੇ ਹਵਾਈ ਅੱਡੇ ਤੇ ਉਤਰਾਂਗੇ" ਰਾਧਿਕਾ ਇਕ ਦਮ ਜਾਗ ਪੈਂਦੀ ਹੈ ਤੇ ਤੀਬਰ ਤਾਂਘ ਨਾਲ ਚਿਹਰਾ ਖਿੜਕੀ ਦੇ ਸ਼ੀਸ਼ੇ ਨਾਲ ਲੱਗਾ ਲੈਂਦੀ ਹੈ ਜਿਸ ਨਾਲ ਹੇਠ ਦੇਖ ਸਕੇ।

ਉਸ ਨੂੰ ਆਪਣੀਆਂ ਇਨ੍ਹਾਂ ਸੰਵੇਦਨਾਵਾਂ ਤੋਂ ਸ਼ਰਮ ਨਹੀਂ ਆਉਂਦੀ। ਪਿਛਲੇ ਸਾਲ ਇਕ ਦਿਨ ਅਚਾਨਕ ਹੀ ਉਸ ਨੇ ਫ਼ੈਸਲਾ ਕਰ ਲਿਆ ਸੀ ਕਿ ਉਸ ਨੇ ਰਹਿਣਾ ਤਾਂ ਆਪਣੇ ਦੇਸ਼ ਵਿਚ ਹੈ, ਤੇ ਉਹ ਉਸ ਤੋਂ ਅਡੋਲ ਰਹੀ ਸੀ।

ਰਾਧਿਕਾ ਅਤੀਤ ਵਿਚ ਕੁਝ ਹੋਰ ਦੂਰ ਜਾਂਦੀ ਹੈ। ਜੋ ਕੁਝ ਪਿੱਛੇ ਛੱਡ ਆਈ ਹੈ, ਉਸ ਵੱਲ ਮਨ ਘੜੀ ਮੁੜੀ ਜਾਂਦਾ ਹੈ। ਉਹ ਭਾਰਤ ਸਦਾ ਲਈ ਛੱਡ ਦੇਵੇਗੀ, ਇਸ ਇਕ

ਛਿੰਨ ਨੂੰ ਵੀ ਉਸ ਨੇ ਨਹੀਂ ਸੋਚਿਆ ਸੀ। ਜੋ ਆਪਣਾ ਹੈ, ਆਪਣੇ ਸਾਰੇ ਜੀਵਨ ਦਾ ਸੰਦਰਭ, ਉਸ ਤੋਂ ਵੱਖ ਰਹਿ ਕੇ ਕੋਈ ਕਿੰਨੇ ਦਿਨ ਸੰਤੁਸ਼ਟ ਰਹਿ ਸਕਦਾ ਹੈ। ਵੈਸੇ ਤਾਰਿਆਂ ਭਰਿਆਂ ਨੀਲਾ ਅੰਬਰ ਤਾਂ ਉੱਥੇ ਵੀ ਸੀ, ਫੁੱਲ ਖਿੜਦੇ ਸਨ, ਬਰਫ਼ ਪਿਘਲਦੀ ਸੀ, ਝੀਲ ਦੇ ਜਲ ਵਿਚ ਇਮਾਰਤਾਂ ਦਾ ਪਰਛਾਵਾਂ ਕੰਬਦਾ ਸੀ, ਤੇ ਹਲਕੇ-ਹਲਕੇ ਹਨੇਰੇ ਵਿਚ ਪ੍ਰੇਮੀ ਹੱਥਾਂ ਵਿਚ ਹੱਥ ਪਾਈ ਘੁੰਮਦੇ ਸਨ। ਇਹ ਸਭ ਸੁੰਦਰ ਸੀ, ਜੀਵਨ ਵਿਚ ਇਕ ਅਜਿਹਾ ਨਿਰੰਤਰ ਪ੍ਰਵਾਹ ਸੀ ਜੋ ਮਨ ਨੂੰ ਕਦੇ ਊਭਣ ਨਹੀਂ ਸੀ ਦਿੰਦਾ। ਸਰੀਰਕ ਥਕਾਵਟ ਹੋਣ ਤੇ ਵੀ ਵਿਦਿਆਰਥੀ ਯੂਨੀਅਨ ਦੇ ਖੁੱਲ੍ਹੇ ਲਾਅਨ ਵਿਚ ਰੰਗ-ਬਰੰਗੀਆਂ ਕੁਰਸੀਆਂ ਤੇ ਬੈਠ ਕੇ ਕੋਫੀ ਜਾਂ ਬੀਅਰ ਪੀਂਦੇ ਅਤੇ ਤੀਜੇ ਪਹਿਰ ਦੀ ਭਿੰਨੀ ਧੁੱਪ ਵਿਚ ਸੰਗੀਤ-ਵਿਭਾਗ ਦੇ ਵਿਦਿਆਰਥੀਆਂ ਦਾ ਪੇਸ਼ ਕੀਤਾ ਸਾਜ਼ ਸੁਣਦੇ। ਗਰਮੀਆਂ ਵਿਚ ਝੀਲ ਵਿਚ ਬੇੜੀ ਤਰਦੀ ਰਹਿੰਦੀ ਸੀ ਤੇ ਝੀਲ ਦੇ ਕੰਢੇ-ਕੰਢੇ ਉੱਗੀਆਂ ਝਾੜੀਆਂ ਦੇ ਓਹਲੇ, ਆਰਟ ਦੇ ਹਰ ਵਿਦਿਆਰਥੀਆਂ ਨਾਲ ਅਕਸਰ ਰਾਧਿਕਾ ਵੀ ਇਸ਼ਨਾਨ ਕਰ ਲੈਂਦੀ।

ਆਰਟਸ ਦੇ ਵਿਦਿਆਰਥੀ ਵੈਸੇ ਵੀ ਕਾਫ਼ੀ ਖੁੱਲ੍ਹੇ ਸੁਭਾਅ ਦੇ ਹੁੰਦੇ ਤੇ ਅਸਮਾਜਿਕ ਮੰਨੇ ਜਾਂਦੇ ਸਨ, ਉਨ੍ਹਾਂ ਨੇ ਆਪਣੇ ਗੱਰੁਪ ਵਿਚ ਰਾਧਿਕਾ ਨੂੰ ਬੇਝਿਜਕ ਸ਼ਾਮਲ ਕਰ ਲਿਆ। ਕਿਸੇ ਦੇ ਨਿੱਜੀ ਜੀਵਨ ਵਿਚ ਦਖਲ ਨਾ ਦੇਣ ਵਾਲੇ ਸਮਾਜ ਵਿਚ ਵੀ ਰਾਧਿਕਾ ਦੇ ਬਾਰੇ ਕੁਝ ਗੱਲਾਂ ਹੋ ਹੀ ਗਈਆਂ ਸਨ, ਜਿਵੇਂ ਉਸ ਦੇ ਪਿਤਾ ਪ੍ਰਸਿੱਧ ਕਲਾ-ਆਲੋਚਕ ਹਨ, ਰਾਧਿਕਾ ਨਾ ਕੇਵਲ ਇਕ ਪੱਤਰਕਾਰ ਨਾਲ ਦੇਸ਼ ਛੱਡ ਕੇ ਚਲੀ ਹੀ ਆਈ, ਸਗੋਂ ਇਕ ਵਰ੍ਹਾਂ ਉਸ ਪਾਸ ਹੀ ਰਹੀ। ਜਦੋਂ ਕਿਸੇ ਕਾਰਨਾਂ ਕਰਕੇ ਦੋਨਾਂ ਦੇ ਸੰਬੰਧਾਂ ਵਿਚ ਤਨਾਓ ਆਇਆ, ਤਾਂ ਉਹ ਉਸ ਤੋਂ ਵੱਖ ਹੋ ਕੇ ਆਪਣੀਆਂ ਕਲਾਤਮਿਕ ਸੰਭਾਵਨਾਵਾਂ ਨੂੰ ਵਿਕਸਿਤ ਕਰਨ ਦਾ ਯਤਨ ਕਰ ਰਹੀ ਹੈ।

ਫੌਰਥ ਸਟਰੀਟ ਦਾ ਉਹ ਕਮਰਾ। ਦੋ ਵਰ੍ਹੇ ਪਹਿਲਾਂ ਸ਼ਹਿਰ ਵਿਚ ਆਇਆਂ ਉਸ ਨੂੰ ਯੂਨੀਵਰਸਿਟੀ ਦੇ ਹੋਮ ਮੈਨਿਜਮੈਂਟ ਦੇ ਦਫ਼ਤਰ ਮਿਸਿਜ਼ ਹੋਮਰ ਦਾ ਪਤਾ ਮਿਲਿਆ। ਕੋਨੇ ਤੇ ਉਸ ਦਾ ਬੇਹੱਦ ਪੁਰਾਣਾ ਖੰਡਰਨੁਮਾ ਮਕਾਨ ਸੀ। ਥੱਲੇ ਦੀ ਮੰਜ਼ਲ ਤੇ ਇਕ ਕਮਰਾ ਖ਼ਾਲੀ ਵੀ ਸੀ, ਰਾਧਿਕਾ ਨੇ ਉਹੀ ਲੈ ਲਿਆ ਭਾਵੇਂ ਇਕ ਛਿੰਨ ਲਈ ਉਸ ਦੀਆਂ ਅੱਖਾਂ ਅੱਗੇ ਮਸ਼ਿਗਨ ਝੀਲ ਵੱਲ, ਇਕ ਉੱਚੀ ਇਮਾਰਤ ਦੀ ਤੇਤੀਵੀਂ ਮੰਜ਼ਿਲ ਵਾਲਾ ਉਹ ਫਲੈਟ ਘੁੰਮ ਗਿਆ ਜਿਸ ਵਿਚ ਉਹ ਪਹਿਲੇ ਸਾਲ ਰਹੀ ਸੀ।

12/ਰੁਕੇਗੀ ਨਹੀਂ....ਰਾਧਿਕਾ

ਉਸ ਕਮਰੇ ਨੂੰ ਠੀਕ-ਠਾਕ ਕਰਕੇ ਆਪਣਾ ਸਮਾਨ ਲੱਗਾ ਲੈਣ ਮਗਰੋਂ ਰਾਧਿਕਾ ਨੇ ਕੰਮ ਸ਼ੁਰੂ ਕਰ ਦਿੱਤਾ। ਸਵੇਰੇ ਦੋ ਤਿੰਨ ਘੰਟੇ ਭਾਸ਼ਾ ਵਿਗਿਆਨ, ਇਕ ਅਮਰੀਕਨ ਪ੍ਰੋਫ਼ੈਸਰ ਨੂੰ, ਉਸ ਦੀ ਜਮਾਤ ਵਿਚ ਸੰਸਕ੍ਰਿਤ ਪੜ੍ਹਾਉਣ ਵਿਚ ਸਹਾਇਤਾ ਦਿੰਦੀ ਤੇ ਤੀਜੇ ਪਹਿਰ ਆਪਣੀ ਜਮਾਤ ਵਿਚ ਜਾਂਦੀ। ਜਦੋਂ ਮੌਸਮ ਚੰਗਾ ਰਹਿੰਦਾ ਤਾਂ ਮਿਸਿਜ਼ ਹੋਮਰ ਦੇ ਬਰਾਂਡੇ ਵਿਚ ਪਏ ਝੂਲੇ ਤੇ ਬੈਠ ਕੇ ਸੜਕ ਨੂੰ ਦੇਖਦੀ ਤੇ ਅਕਸਰ ਆਪਣੇ ਤੇ ਦੂਜਿਆਂ ਬਾਰੇ ਸੋਚਦੀ।

ਉਨ੍ਹਾਂ ਦਿਨਾਂ ਵਿਚ ਉਸ ਨੂੰ ਘਰ ਦੀ ਬੇਹੱਦ ਯਾਦ ਆਉਣ ਲੱਗੀ ਸੀ। ਘਰ,ਅਰਥਾਤ ਪਾਪਾ ਤੇ ਪਾਪਾ ਦੇ ਵਿਦਿਆ ਨਾਲ ਵਿਆਹ ਤੋਂ ਪਹਿਲੇ ਦਿਨ ਜਦੋਂ ਕਿ ਉਨ੍ਹਾਂ ਦੇ ਜੀਵਨ ਵਿਚ ਰਾਧਿਕਾ ਸੀ। ਪੁੱਤਰੀ, ਖਾਲੀ ਛਿੰਨਾ ਦੀ ਸਾਥਣ, ਪੂਰੇ ਜੀਵਨ ਦਾ ਧੁਰਾ। ਉਸ ਮਗਰੋਂ ਉਨ੍ਹਾਂ ਦਾ ਪੜ੍ਹਨਾ ਲਿਖਣਾ। ਅਜਿਹੇ ਜੀਵਨ ਵਿਚ ਨਵੀਂ ਪਤਨੀ ਦੀ ਥਾਂ ਹੀ ਕਿੱਥੇ ਸੀ? ਉਸ ਨੂੰ ਥਾਂ ਦੇਣ ਲਈ ਰਾਧਿਕਾ ਨੂੰ ਹਟਣਾ ਪਿਆ ਸੀ ਅਤੇ ਇਹ ਗੱਲ ਉਹ ਕਦੇ ਨਹੀਂ ਭੁੱਲਦੀ।

ਮਿਸਿਜ਼ ਹੋਮਰ ਦੇ ਘਰ ਵਿਚ ਰਹਿੰਦਿਆਂ ਹੋਇਆ ਕਦੇ-ਕਦੇ ਰਾਤ ਨੂੰ ਜਾਗ ਕੇ ਜਾਂ ਕਿਸੇ ਇੱਕਲੇ ਛਿੰਨ ਵਿਚ ਰਾਧਿਕਾ ਨੂੰ ਜਾਪਦਾ ਕਿ ਉਸ ਨੇ ਪਾਪਾ ਨਾਲ ਬਹੁਤ ਅਨਿਆ ਕੀਤਾ ਹੈ।ਪਾਪਾ ਪਾਸੋਂ ਉਨ੍ਹਾਂ ਦੀ ਸੰਪੂਰਨ ਇਕਾਗਰਤਾ ਦੀ ਆਸ ਕਰਨੀ ਹੀ ਰਾਧਿਕਾ ਦੀ ਭੁੱਲ ਸੀ। ਮਾਂ ਦੀ ਮੌਤ ਮਗਰੋਂ ਅਠਾਰ੍ਹਾਂ ਵਰ੍ਹੇ ਉਨ੍ਹਾਂ ਨੇ ਇੱਕਲਿਆਂ ਨੇ ਕੱਟੇ, ਇਹ ਕੀ ਹੈਰਾਨੀ ਵਾਲੀ ਗੱਲ ਨਹੀਂ ਸੀ? ਰਾਧਿਕਾ ਨੂੰ ਹੁਣ ਪਤਾ ਲੱਗਾ ਸੀ ਕਿ ਇੱਕਲਾਪਣ ਕਿੰਨਾ ਭਿਆਨਕ ਹੁੰਦਾ ਹੈ।

ਤਾਂ,ਰਾਧਿਕਾ ਦੇ ਮਨ ਵਿਚ ਵਾਰ-ਵਾਰ ਅਉਣ ਲੱਗਾ ਕਿ ਉਹ ਛੇਤੀ ਤੋਂ ਛੇਤੀ ਆਪਣੀ ਪੜ੍ਹਾਈ ਸਮਾਪਤ ਕਰੇ ਤੇ ਪਾਪਾ ਪਾਸ ਵਾਪਸ ਚਲੀ ਜਾਵੇ। ਉਹ ਉਸੇ ਘਰ ਵਿਚ ਵਿਦਿਆ ਨਾਲ ਬਿਨਾਂ ਝਗੜਾ ਕੀਤੇ, ਆਪਣੇ ਬਚਪਨ ਵਾਲੇ ਕਮਰੇ ਵਿਚ ਰਹੇਗੀ ਤੇ ਇਕ ਵਾਰ ਫਿਰ ਬਿਖਰੀਆਂ ਤੰਦਾਂ ਸਮੇਟਣ ਦਾ ਯਤਨ ਕਰੇਗੀ। ਇਸ ਤਰ੍ਹਾਂ ਦੋ ਵਰ੍ਹੇ ਬਿਤਾ ਕੇ ਉਹ ਵਾਪਸ ਆਈ ਹੈ। ਹੁਣ ਉਹ ਅੰਬਰ ਵੀ ਹੈ, ਉਨ੍ਹਾਂ ਫੁੱਲਾਂ ਦੀ ਖ਼ੁਸ਼ਬੂ, ਦੁਕਾਨਾਂ ਅੱਗੇ ਲਟਕਦੀ ਹਵਾ ਵਿਚ ਫਰਫਰਾ-ਉੱਦੀਆਂ ਸਾੜੀਆਂ, ਚਾਰੇ-ਪਾਸੇ ਭਾਰਤੀ ਚਿਹਰੇ, ਪਰ ਉਹਦੇ ਅੰਦਰ ਜੋ ਰੋਸ਼ਨੀ ਜਲਦੀ ਰਹਿੰਦੀ ਸੀ ਉਹ ਅਚਾਨਕ ਬੁੱਝ ਗਈ ਹੈ।

ਰਾਤ ਦੀ ਗੱਡੀ ਚੱਲ ਪੈਣਾ ਹੈ। ਘਰ ਵੱਲ ਪਰ......

ਸਵੇਰੇ ਜਾਗ ਕੇ ਰਾਧਿਕਾ ਗੱਡੀ ਦੀ ਖਿੜਕੀ ਵਿਚੋਂ ਬਾਹਰ ਦੇਖਣ ਲੱਗੀ। ਸਟੇਸ਼ਨ ਲੰਘਣ ਮਗਰੋਂ ਹਰ ਨਗਰ ਇਕੋ ਜਿਹਾ ਜਾਪਦਾ ਸੀ। ਰੇਲ ਦੀਆਂ ਪਟੜੀਆਂ ਸਮਾਨ ਅੰਤਰ ਤੇ ਦੂਰ ਦੇਖਣ ਤੇ ਖੱਬੇ ਪਾਸੇ ਮੁੜਦੀਆਂ ਹੋਈਆਂ ! ਰੇਲਵੇ ਕਵਾਟਰਾਂ ਦੀ ਕਤਾਰ ਤੇ ਪਟੜੀਆਂ ਵੱਲ ਖੁੱਲ੍ਹਦੀਆਂ ਖਿੜਕੀਆਂ, ਅੱਧਾ ਦਰਵਾਜ਼ਾ ਖੋਲ੍ਹ ਕੇ ਝਾਕਦੀ ਹੋਈ ਇਕ ਲੰਮੇਂ ਮੁੱਖ ਵਾਲੀ ਇਸਤਰੀ। ਸਭ ਪਾਸੇ ਕੋਲੇ ਦੀ ਤੈਹ ਸੀ, ਧੂੜ ਦਾ ਗਵਾਰ ਤੇ ਹਰ ਥਾਂ ਜੰਗਲੀ ਵੇਲਾਂ ਉੱਪਰ ਜਾਮਨੀ ਫੁੱਲ ਅਤੇ ਤਲਾਵਾਂ ਵਿਚ ਕੁਮੁਦਿਨੀ। ਸਫ਼ੇਦੇ ਦੇ ਦਰੱਖਤ, ਗੋਹੇ ਨਾਲ ਲਿਖੇ ਪਿੰਡ ਦੇ ਘਰ, ਅੰਬ ਦੇ ਬਾਗ ਖੇਤਾਂ ਵਿਚ ਹੌਲੀ-ਹੌਲੀ ਚਲਦੇ ਹੱਲ-ਇਹ ਦ੍ਰਿਸ਼ ਰਾਧਿਕਾ ਨੇ ਆਉਂਦੀਆਂ ਜਾਂਦਿਆ ਹਜ਼ਾਰਾਂ  ਵਾਰ ਦੇਖੇ ਸਨ। ਪਰ ਅੱਜ ਦੇ ਦੇਖਣ ਵਿਚ ਇਕ ਰੁਮਾਂਟਿਕ ਭਾਵ ਸੀ ਕਿਉਂਕਿ ਉਹ ਉਸੇ ਧਰਤੀ ਦੇ ਸੰਦਰਭ ਵਿਚ ਪੂਰਨ ਹੋਈ। ਰਾਧਿਕਾ ਨੂੰ ਉੱਤਰ ਭਾਰਤ ਦੀ ਇਹ ਧਰਤੀ ਇਸ ਸਮੇਂ ਕਿੰਨੀ ਸੁੱਕੀ, ਮੈਦਾਨ ਕਿੰਨੇ ਸਿੱਧੇ ਲੱਗ ਰਹੇ ਸਨ। ਪਰ ਇਹ ਸਭ ਕੁਝ ਉਸ ਦਾ ਸੀ, ਉਸ ਦੀ ਵਿਰਾਸਤ !

ਰੇਲ ਹੁਣ ਗੰਗਾ ਦਾ ਪੁੱਲ ਪਾਰ ਕਰ ਰਹੀ ਸੀ! ਰੇਤ ਦੇ ਟਿੱਬੇ ਇੱਧਰ-ਉੱਧਰ ਉੱਗੇ ਘਾਹ ਵਿਚ ਇਸ ਤਰ੍ਹਾਂ ਦਿਖਾਈ ਦੇ ਰਹੇ ਸਨ ਜਿਸ ਤਰ੍ਹਾਂ ਨਾਜ਼ੁਕ ਅੰਗਾਂ ਵਾਲੀ ਅਲਸਾਈ ਹੋਈ ਇਸਤਰੀ ਲੇਟੀ ਹੋਵੇ। ਰਾਧਿਕਾ ਨੂੰ ਯਾਦ ਆਇਆ ਕਿ ਨਾਨੀ ਪਾਸ ਜਾਣ ਲਈ ਹਮੇਸ਼ਾਂ ਇਹ ਪੁੱਲ ਪਾਰ ਕਰਨਾ ਪੈਂਦਾ ਸੀ ਤੇ ਜਦੋਂ ਉਹ ਛੋਟੀ ਸੀ ਤਾਂ ਕਿੰਨੇ ਉਤਸ਼ਾਹ ਨਾਲ ਤਾਂਬੇ ਦਾ ਇਕ ਪੈਸਾ ਹੇਠਾਂ ਪਾਣੀ ਵਿਚ ਸੁੱਟਿਆ ਕਰਦੀ ਸੀ। ਜੇਕਰ ਪੁੱਲ ਦੇ ਪਾਰ, ਪੈਸਾ ਹੇਠ ਜਾ ਡਿੱਗਦਾ ਤਾਂ ਕਿਸੀ ਪ੍ਰਾਪਤੀ ਦੀ ਭਾਵਨਾ ਹੁੰਦੀ ਸੀ।

ਰਾਧਿਕਾ ਹੌਲੀ-ਹੌਲੀ ਮੁਸਕਰਾਉਣ ਲੱਗੀ ! ਆਪ ਮੁਹਾਰੀ। ਸਾਹਮਣੇ ਬੈਠੀ ਇਸਤਰੀ ਉਸ ਨੂੰ ਘੂਰ ਕੇ ਦੇਖਣ ਲੱਗੀ। ਰਾਧਿਕਾ ਦੇ ਸਮਾਨ ਵਿਚ ਅਜੇ ਵੀ ਪੈਨ. ਐਮ. ਦੇ ਬਿੱਲੇ ਝੂਲਦੇ ਦੇਖਕੇ ਰਾਤ ਨੂੰ ਉਸ ਇਸਤਰੀ ਨੇ ਗੱਲਬਾਤ ਕਰਨ ਦੀ ਇੱਛਾ ਕੀਤੀ ਸੀ ਪਰ ਉਸ ਨੂੰ ਟਾਲ ਕੇ ਰਾਧਿਕਾ ਨੇ ਮੂੰਹ ਢੱਕ ਕੇ ਲੇਟ ਗਈ ਸੀ ਭਾਵੇਂ ਨੀਂਦ ਉਸ ਨੂੰ ਕਾਫ਼ੀ ਦੇਰ ਨਾਲ ਆਈ ਸੀ।

ਘਰ ਥੋੜ੍ਹਾ ਜਿਹਾ ਖਾਣਾ ਖਾ ਕੇ ਰਾਧਿਕਾ ਨੂੰ ਅਕਸ਼ੈ ਸਟੇਸ਼ਨ ਤੇ ਲੈ ਆਇਆ ਸੀ ਕਿਉਂਕਿ ਗੱਡੀ ਪੌਣੇ ਨੌ ਚੱਲ ਪੈਂਦੀ ਸੀ।

ਬੜੇ ਦਿਨਾਂ ਮਗਰੋਂ ਰਾਧਿਕਾ ਭਾਰਤੀ ਸਟੇਸ਼ਨਾਂ ਦਾ ਇਕ ਆਪਣਾ ਹੀ ਰੌਲਾ-ਗੌਲਾ ਸੁਣ ਰਹੀ ਸੀ। ਉਹਨਾਂ ਦੀ ਇਕ ਆਪਣੀ ਹੀ ਗੰਧ ਬਰਫ਼ ਵਿਚ ਜੰਮੀਆਂ ਮੱਛੀਆਂ ਦੀ ਗੰਧ, ਕੱਚੇ ਪੱਕੇ ਫੁੱਲਾਂ, ਪਸੀਨੇ ਤੇ ਮੈਲੇ ਕੱਪੜਿਆਂ ਦੀ ਅਤੇ ਕੋਲੇ ਦਾ ਬਾਰੀਕ ਚੂਰਾ ਵੀ ਉਸ ਨੂੰ ਹੁਣ ਮਾੜਾ ਨਹੀਂ ਸੀ ਲੱਗ ਰਿਹਾ।

ਰਾਧਿਕਾ ਨੇ ਆਪਣੀ ਖਿੜਕੀ ਨੀਵੀਂ ਕੀਤੀ ਹੋਈ ਸੀ, ਜਿਸ ਨਾਲ ਪਲੇਟ ਫਾਰਮ ਤੇ ਚੱਲਣ-ਫਿਰਨ ਵਾਲਿਆਂ ਦੇ ਸਿਰਫ਼ ਧੜ ਹੀ ਦਿਖਾਈ ਦਿੰਦੇ ਸਨ, ਲੰਮੇ ਘੇਰੇਦਾਰ ਘੱਗਰਿਆਂ ਵਿਚ ਘਿਰੀਆਂ,ਇੱਧਰ-ਉੱਧਰ ਦੌੜਦੀਆਂ ਇਸਤਰੀਆ, ਫਰਸ਼, ਤੇ ਨੰਗੇ ਪੈਰਾਂ ਦੀ ਆਵਾਜ਼, ਲਾਠੀ ਲਈ, ਹੱਥਾਂ ਵਿੱਚ ਪੋਟਲੀਆਂ ਛੜੀ ਬੌਂਦਲੇ ਹੋਏ ਪੇਂਡੂ, ਦੁੱਧ ਵਾਲੇ ਖਾਲੀ ਡੱਬੇ, ਆਪਸ ਵਿਚ ਖੜਕਦੇ ਅਤੇ ਕਦੇ-ਕਦੇ ਡੱਬੇ ਦੇ ਅੱਗੇ ਚੱਕਰ ਲਾ ਲੈਣ ਵਾਲੇ ਦੋ ਤਿੰਨ ਸ਼ੋਕੀਨ ਲੋਕ। ਇਹ ਸਭ ਉਹ ਕਿਵੇਂ ਭੁੱਲ ਗਈ ਸੀ? ਅਜੇ ਹਲਕੀਆਂ ਬੱਤੀਆਂ ਨਾਲ ਅੱਖਾਂ ਨੂੰ ਪਿਆਰੇ ਲੱਗਣ ਵਾਲੇ ਰੂਪ ਨਾਲ ਰੌਸ਼ਨ, ਸ਼ਾਂਤ, ਵਿਆਸਤ ਅੰਤਰ-ਰਾਸ਼ਟਰੀ ਹਵਾਈ ਅੱਡੇ ਦਾ ਅਨੁਭਵ ਮਨ ਵਿਚ ਤਾਜ਼ਾ ਸੀ। ਪਿਛਲੀ ਰਾਤ ਹੀ ਤਾਂ ਉਹ ਬੈਰੂਤ ਵਿਚ ਡਿਊਟੀ ਫ਼ਰੀ ਅੱਡੇ ਤੇ ਪਾਪਾ ਲਈ ਕੌਨਯਾਕ ਖਰੀਦ ਰਹੀ ਸੀ।

ਰਾਧਿਕਾ ਨੂੰ ਬੈਠਾ ਕੇ ਅਕਸ਼ੈ ਹੇਠਾਂ ਉਤਰ ਆਇਆ ਸੀ ਅਤੇ ਨਾਲ ਬਾਂਹ ਟਿਕਾ ਕੇ ਬਹੁਤ ਹੀ ਸਹਿਜ ਭਾਵ ਨਾਲ ਖੜਾ ਸੀ। ਗੱਲਾਂ ਤਾਂ ਕਰਨ ਨੂੰ ਬਹੁਤ ਬਾਕੀ ਸਨ ਪਰ ਦੋਨਾਂ ਵਿਚ ਉਹ ਚੁੱਪ ਵੀ ਬੜੀ ਸੁਭਾਵਕ ਸੀ। ਪਲੇਟ ਫ਼ਾਰਮ ਨੂੰ ਦੇਖਦੀ ਰਾਧਿਕਾ ਕਦੇ-ਕਦੇ ਅਕਸ਼ੈ ਵੱਲ ਦੇਖ ਲੈਂਦੀ। ਉਵੇਂ ਹੀ ਅਕਸ਼ੈ ਵੀ ਕਦੇ- ਕਦੇ ਰਾਧਿਕਾ ਵਲੋਂ ਅੱਖਾਂ ਹਟਾ ਕੇ ਪਲੇਟਫਰਾਮ ਵੱਲ ਦੇਖਣ ਲੱਗਦਾ, ਜਦੋਂ ਉਸ ਨੂੰ ਮਹਿਸੂਸ ਹੁੰਦਾ ਕਿ ਉਸ ਦਾ ਇਸ ਤਰ੍ਹਾਂ ਦੇਖਦੇ ਰਹਿਣਾ ਰਾਧਿਕਾ ਅਸਾਊ ਨਾ ਸਮਝੇ। ਸ਼ਾਇਦ ਰਾਧਿਕਾ ਦਿਨੇ ਗੂੜੀ ਨੀਂਦ ਸੌਂ ਚੁੱਕੀ ਸੀ, ਕਿਉਂਕਿ ਪਲੇਟ ਫਾਰਮ ਦੀ ਫਿੱਕੀ ਨੀਲੀ ਰੌਸ਼ਨੀ ਵਿਚ ਉਸ ਦਾ ਚਿਹਰਾ ਬੜਾ ਸ਼ਾਂਤ ਅਤੇ ਚੰਗਾ ਲੱਗ ਰਿਹਾ ਸੀ।

## 15/ਰੁਕੇਗੀ ਨਹੀਂ....ਰਾਧਿਕਾ

ਅਕਸ਼ੈ ਨੂੰ ਕੁਝ ਦੁੱਖ ਹੋ ਰਿਹਾ ਸੀ ਕਿ ਰਾਧਿਕਾ ਇੰਨੀ ਜਲਦੀ ਉਸ ਦੇ ਜੀਵਨ ਵਿਚੋਂ ਜਾ ਰਹੀ ਹੈ ਅਤੇ ਉਹ ਉਸ ਨੂੰ ਕੁਝ ਹੋਰ ਨੇੜਿਉਂ ਨਹੀਂ ਜਾਣ ਸਕੇਗਾ। ਰਾਧਿਕਾ ਰੇਲ ਚੱਲਣ ਦੀ ਉਡੀਕ ਵਿਚ ਸੀ।

ਜਦੋਂ ਰੇਲ ਚੱਲੀ ਤਾਂ ਉਸ ਨੇ ਅਕਸ਼ੈ ਨੂੰ ਸਟੇਸ਼ਨ ਤੇ ਵਿਚਾਰ ਮਗਨ ਖੜੇ ਰਹਿ ਜਾਂਦੇ ਦੇਖਿਆ। ਰਾਧਿਕਾ ਨੂੰ ਇਕ ਛਿੰਨ ਜਾਪਿਆ ਕਿ ਉਹ ਠੀਕ ਤਰ੍ਹਾਂ ਅਕਸ਼ੈ ਨੂੰ ਧੰਨਵਾਦ ਨਹੀਂ ਕਰ ਸਕੀ। ਘਰ ਪਹੁੰਚ ਕੇ ਉਹ ਉਸਨੂੰ ਇਕ ਚਿੱਠੀ ਲਿਖੇਗੀ।

ਉਹ ਪਿੱਛੇ ਰਹਿ ਰਹੇ ਸਟੇਸ਼ਨ ਦੀਆਂ ਬੱਤੀਆਂ ਨੂੰ ਦੇਖਦੀ ਰਹੀ, ਫਿਰ ਅੰਧਕਾਰ। ਉਸ ਵਿਚ ਤੇਜ਼ਾਬ ਦੇ ਕਾਰਖ਼ਾਨਿਆ ਦੀ ਮਹਿਕ। ਫਿਰ ਠੰਢੀ ਸਰਦ ਹਵਾ। ਸਾਹਮਣੀ ਸੀਟ ਵਾਲੀ ਮੋਟੀ ਪਿਲਪਿਲੀ ਇਸਤਰੀ ਗੱਡੀ ਚਲਦਿਆਂ ਹੀ ਸੌਂ ਗਈ ਸੀ। ਪਰ ਰਾਧਿਕਾ ਜਾਗ ਰਹੀ ਸੀ-ਇਕ ਸ਼ਾਂਤ, ਸਥਿਰ ਉਡੀਕ ਵਿਚ। ਗੱਡੀ ਪਹਿਲਾਂ ਨਾਲੋਂ ਤੇਜ਼ ਚੱਲਣ ਲੱਗੀ ਹੈ। ਰਾਤ ਨੂੰ ਵੈਸੇ ਵੀ ਚਾਲ ਜ਼ਿਆਦਾ ਜਾਪਣ ਲੱਗਦੀ ਹੈ। ਹਨ੍ਹੇਰੇ ਵਿਚ ਇਕ ਟਿਮਟਿਮਾਉਂਦਾ ਦੀਵਾ, ਸ਼ਹਿਰ, ਘੁੱਪ ਹਨੇਰੀ ਰਾਤ ਹੈ, ਤਾਰੇ ਵੀ ਖਿੜਕੀ ਦੇ ਮੈਲ ਜੰਮੇ ਸ਼ੀਸ਼ਿਆਂ 'ਚੋਂ' ਦਿਖਾਈ ਨਹੀ ਦਿੰਦੇ।

ਕੀ ਇਹ ਗੱਡੀ ਕਿਸੇ ਸਟੇਸ਼ਨ ਤੇ ਨਹੀਂ ਰੁਕੇਗੀ ? ਧੱਪ-ਧੱਪ ਕਰਦੀ ਗੱਡੀ ਚਲੀ ਹੀ ਜਾ ਰਹੀ ਹੈ— ਅੰਧਕਾਰ ਵਿਚ ਇਕ ਤੋਂ ਮਗਰੋਂ ਇਕ ਸਟੇਸ਼ਨ ਆਉਂਦੇ ਹਨ ਪਰ ਗੱਡੀ ਖੜੀ ਨਹੀਂ ਹੁੰਦੀ। ਉਸ ਦੀ ਰਫ਼ਤਾਰ ਕਾਰਨ ਨਾਂ ਵੀ ਨਹੀਂ ਪੜ੍ਹੇ ਜਾਂਦੇ।

ਰਾਧਿਕਾ ਉਸ ਸਥਿਰਤਾ ਵਿਚ ਕੇਵਲ ਇੰਜਣ ਦੀ ਸੂੰ...ਸੂੰ... ਸੁਣ ਰਹੀ ਹੈ। ਡੱਬੇ ਦੇ ਅੰਦਰ ਹਲਕੀ ਨੀਲੀ ਰੌਸ਼ਨੀ ਹੈ, ਸਾਹਮਣੇ ਦੀ ਸੀਟ ਵਾਲੀ ਇਸਤਰੀ ਗੱਡੀ ਚਲਦਿਆਂ ਹੀ ਸੋ ਗਈ ਸੀ। ਰਾਧਿਕਾ ਨੇ ਬੰਦ ਡੱਬੇ ਵਿਚ ਦੋ ਚੱਕਰ ਲਗਾਏ। ਫਿਰ ਰਸਤੇ ਵਿਚ ਆ ਕੇ ਖੜੋ ਗਈ। ਅੱਧੀ ਰਾਤ ਨੂੰ ਸਿਰਫ਼ ਉਹ ਹੀ ਜਾਗ ਰਹੀ ਹੈ। ਬਾਹਰ ਹੁਣ ਕੁਝ ਨਹੀਂ ਦਿੱਸਦਾ, ਡਾਢਾ ਘੁਪ ਹਨ੍ਹੇਰਾ ਸਿਰਫ਼ ਰੇਲ ਦੇ ਪਹੀਆਂ ਦੀ ਪਟੜੀਆਂ ਨਾਲ ਰਗੜ ਤੋਂ ਪੈਦਾ ਹੋਏ ਜੁਗਨੂੰਆਂ ਵਾਂਗ ਚਮਕਦੇ ਚੰਗਿਆੜੇ।

ਰੇਲ ਬਚਪਨ ਤੋਂ ਹੀ ਰਾਧਿਕਾ ਨੂੰ ਚੰਗੀ ਲੱਗਦੀ ਰਹੀ ਹੈ। ਸਾਰੀ ਰਾਤ ਉਹ ਬੈਠਿਆਂ ਬਿਤਾ ਸਕਦੀ ਹੈ ਤੇ ਅੱਜੇ ਤਾਂ ਅੱਧੀ ਰਾਤ ਵੀ ਨਹੀਂ ਹੋਈ। ਉਸ ਦੇ ਧੱਕਿਆ ਹੁਜਕਿਆਂ ਵਿਚ ਰਾਧਿਕਾ ਦਾ ਮਨ ਵੀ ਟੰਗਿਆ ਜਿਹਾ ਹੈ। ਉਹ ਅੱਗੇ ਕੱਲ੍ਹ ਦੇ ਬਾਰੇ ਘੜੀ ਮੁੜੀ ਸੋਚਣ ਲੱਗਦੀ ਹੈ ਫਿਰ ਆਪਣੇ ਆਪ ਨੂੰ ਰੋਕ ਲੈਂਦੀ ਹੈ। ਪਿਛਲੇ ਵਰ੍ਹਿਆਂ ਵਿਚ ਉਸ ਨੂੰ ਜਾਪਦਾ ਹੈ

ਜਿਵੇਂ ਉਹ ਇਕ ਲੰਮੀ, ਹਨ੍ਹੇਰੀ, ਠੰਢੀ ਸੁਰੰਗ ਵਿਚ ਯਾਤਰਾ ਕਰ ਰਹੀ ਹੈ ਜਿੱਥੇ ਨਾ ਨਿਸ਼ਾਨਾ ਦਿਖਾਈ ਦਿੰਦਾ ਹੈ ਨਾ ਉਸਦਾ ਅੰਤ !

ਰਾਧਿਕਾ ਨੇ ਅੰਦਰ ਆ ਕੇ ਦਰਵਾਜ਼ੇ ਦੀ ਚਿਟਕਣੀ ਲਾਈ ਤੇ ਸੀਟ ਤੇ ਲੇਟ ਗਈ। ਕੱਲ੍ਹ ਦੀ ਉਡੀਕ ਵਿਚ। ਤੇ ਫਿਰ ਕਦੋਂ ਨੀਂਦ ਆ ਗਈ, ਇਹ ਉਸ ਨੂੰ ਪਤਾ ਨਹੀਂ। ਪਟੜੀਆਂ ਤੇ ਬਦਲਨ ਦੀ ਖੜਖੜ ਨਾਲ ਉਹ ਜਾਗ ਪਈ। ਕੋਈ ਵੱਡਾ ਸਟੇਸ਼ਨ ਆ ਗਿਆ ਹੈ, ਇਹ ਸਮਝਕੇ। ਉਹ ਉੱਠ ਕੇ ਬੈਠ ਗਈ ਤੇ ਖਿੜਕੀ ਨੂੰ ਉੱਪਰ ਕਰ ਦਿੱਤਾ। ਸਤੰਬਰ ਦੀ ਠੰਢੀ ਹਵਾ ਦਾ ਇਕ ਬੁੱਲਾ ਉਸਨੂੰ ਕੰਬਾ ਗਿਆ। ਰੇਲਵੇ ਕਰਾਸਿੰਗ ਦੇ ਬੰਦ ਫਾਟਕ ਅੱਗੇ ਦੋ ਚਾਰ ਰਿਕਸ਼ੇ, ਕੁਝ ਮੋਟਰਾਂ, ਇਕ ਬੁੱਢਾ, ਬੇਰੰਗੀ ਨਿੰਮ, ਕੋਲਾ, ਸੁਆਹ ਅਤੇ ਗੱਡੀ ਪਲੇਟ-ਫ਼ਾਰਮ ਤੇ ਆ ਲੱਗੀ। ਪਲੇਟ ਫਾਰਮ ਦੇ ਦੂਜੇ ਪਾਸੇ ਚੜ੍ਹਦੇ ਸੂਰਜ ਦੀ ਰੌਸ਼ਨੀ ਵਿਚ ਸਭ ਕੁਝ ਬੜਾ ਉਨੀਂਦਾ ਜਿਹਾ ਜਾਪ ਰਿਹਾ ਸੀ। ਇਸ ਰੇਲਵੇ ਲਾਈਨ ਤੇ ਰਾਧਿਕਾ ਨੇ ਅਣਗਿਣਤ ਵਾਰ ਸਫ਼ਰ ਕੀਤੇ ਹੋਣਗੇ ਤੇ ਬੀਤੀ ਰਾਤ ਵਿਚ ਹੀ ਇਨ੍ਹਾਂ ਚਿਰ ਦੇ ਜਾਣੇ-ਪਛਾਣੇ ਸਥਾਨਾਂ ਨੂੰ ਦੇਖ ਕੇ ਉਸ ਦੇ ਮਨ ਵਿਚ ਅਜੀਬ ਜਿਹੇ ਭਾਵ ਉਮੜਨ ਲੱਗੇ ਸਨ। ਰਾਧਿਕਾ ਬੜੀ ਕਠੋਰ ਬਣ....ਇਹ ਸਭ ਕੁਝ ਛੱਡ ਕੇ ਚਲੀ ਗਈ ਸੀ ਤੇ ਵਿਦੇਸ਼ ਵਿਚ ਜੇਕਰ ਯਾਦ ਆਉਣੇ ਸੀ ਤਾਂ ਪਿਆਰੇ ਸੱਜਣ, ਵਿਸ਼ੇਸ਼ ਤਿਉਹਰ ਜਾਂ ਬਦਲਦੇ ਮੌਸਮ ਅਤੇ ਫੁੱਲ; ਪਰ ਇਨ੍ਹਾਂ ਛੋਟੀਆਂ-ਛੋਟੀਆਂ ਚੀਜ਼ਾਂ ਦੀ ਯਾਦ ਵੀ ਅਵਚੇਤਨ ਵਿਚ ਦੱਬੀ ਹੀ ਰਹੀ ਹੋਵੇਗੀ ਨਹੀਂ ਤਾਂ ਉਨ੍ਹਾਂ ਨੂੰ ਦੋਬਾਰਾ ਦੇਖਣ ਨਾਲ ਮਨ ਵਿਚ ਅਜਿਹੀ ਪੀੜਾ ਭਰਿਆ ਦੁੱਖ ਕਿਉਂ ਹੁੰਦਾ ?

ਚਾਹ ਲਈ ਬੈਰਾ ਪੁੱਛਣ ਆਇਆ ਤਾਂ ਰਾਧਿਕਾ ਇਕ ਪੱਲ ਠੰਠਬਰੀ। ਉਸ ਨੂੰ ਆਪਣੇ ਡਾਕਟਰ ਦੀ ਹਦਾਇਤ ਯਾਦ ਆਈ ਕਿ ਕੁਝ ਦਿਨ ਉਹ ਖਾਣ-ਪੀਣ ਵਿਚ ਸਾਵਧਾਨੀ ਵਰਤੇ ਤੇ ਜਦੋਂ ਤਕ ਇਹ ਨਾ ਪਤਾ ਹੋਵੇ ਕਿ ਬਰਤਨ ਸਾਫ਼ ਹਨ, ਉਹ ਕੁਝ ਨਾ ਲਵੇ। ਰਾਧਿਕਾ ਨੇ ਬੈਰੇ ਨੂੰ ਮਨ੍ਹਾਂ ਕਰ ਦਿੱਤਾ ਤੇ ਜਦੋਂ ਦੂਸਰਾ ਚਾਹ ਵਾਲਾ 'ਚਾਹ ਗਰਮ' ਦਾ ਹੌਕਾ ਦਿੰਦਾ ਹੋਇਆ ਨਿਕਲਿਆ ਤਾਂ ਰਾਧਿਕਾ ਨੇ ਉਸਨੂੰ ਬੁਲਾ ਲਿਆ ਤੇ ਬਾਰਾਂ ਨਵੇਂ ਪੈਸਿਆਂ ਦੀ ਚਾਹ ਖਰੀਦ ਲਈ।

ਚਾਹ ਬੇਹੱਦ ਮਿੱਠੀ ਸੀ, ਬੇਹੱਦ ਗਰਮ, ਉਹ ਹੌਲੀ-ਹੌਲੀ ਚੁਸਕਦੀਆਂ ਲੈਣ ਲੱਗੀ ਤੇ ਚਾਹ ਜਦੋਂ ਮੁੱਕੀ ਤਾਂ ਉਸ ਨੇ ਹੱਥ ਵਧਾ ਕੇ ਕਸੋਰਾ ਬਾਹਰ ਸੁੱਟ ਦਿੱਤਾ। ਗੱਡੀ ਜਦੋਂ ਲਖਨਊ ਸਟੇਸ਼ਨ ਤੇ ਰੁਕੀ ਤਾਂ ਇਕ ਵਾਰੀ ਨਾ ਚਾਹੁੰਦਿਆਂ ਹੋਇਆ ਰਾਧਿਕਾ ਦੀਆਂ ਅੱਖਾਂ ਭੀੜ ਵਿਚ ਕਿਸੇ ਨੂੰ ਲੱਭਣ ਲੱਗੀਆਂ। ਪਾਪਾ ਪਾਸ ਜਾਣ ਲਈ ਇੱਥੇ ਗੱਡੀ ਬਦਲਨੀ ਹੋਵੇਗੀ

ਪਰ ਬੜ ਦਾ (ਵੱਡੇ ਭਾਈ) ਇੱਥੇ ਹੀ ਰਹਿੰਦੇ ਹਨ ਤੇ ਜੇਕਰ ਉਹ ਕਿਸੇ ਕਾਰਨ ਦਿੱਲੀ ਨਾ ਵੀ ਜਾ ਸਕੇ ਤਾਂ ਮਿਲਣ ਤਾਂ ਆਉਣਗੇ ਹੀ ਜਾਂ ਬੱਚਿਆਂ ਨੂੰ ਭੇਜ ਦੇਣ। ਰਾਧਿਕਾ ਨੂੰ ਸ਼ੋਫ਼ਰ ਵੀ ਪਛਾਣਦਾ ਹੈ।

ਇਕ ਛਿੰਨ ਉਹ ਬਾਹਰ ਧਿਆਨ ਨਾਲ ਦੇਖਦੀ ਰਹੀ, ਮਨ ਵਿਚ ਜਿਹੜੀਆਂ ਗੱਲਾ ਇਕ ਦਮ ਉਮੜ ਆਈਆਂ ਸਨ, ਉਹ ਨੂੰ ਪਿੱਛੇ ਧਕੇਲਦੀ ਹੋਈ। ਬਚਪਨ, ਮਾਂ ਸਵੇਰੇ ਨੌ ਵਜੇ ਮਿਲ ਦੀ ਸੀਟੀ, ਸਕੂਲ ਦੀ ਬੱਸ, ਚੋਰੀ ਤੋੜੀਆਂ ਅੰਬੀਆ, ਮਾਂ ਦਾ ਹੀਰੇ ਦਾ ਲੌਂਗ, ਬਚਪਨ, ਵਿਦਿਆ, ਵਿਦਿਆ, ਵਿਦਿਆ; ਮਾਂ ਦੀ ਘਰੋਂ ਵਿਦਾਈ ਤੋਤੇ ਮਿੱਠੂ ਦਾ ਪਿੰਜਰੇ ਵਿਚ ਘੜੀ-ਮੁੜੀ ਵਿਆਕੁਲ ਘੁੰਮਣਾ ਤੇ ਵਾਰ-ਵਾਰ ਪਾਣੀ ਦੀ ਕਟੋਰੀ ਸੁੱਟਣਾ ਰਸ ਦੀ ਖੀਰ ਦੀ ਤੇਜ਼ ਗੰਧ ਜੋ ਨਾਨੀ ਦੇ ਘਰ ਅਕਸਰ ਬਣਦੀ ਸੀ। ਲਾਲ ਹਰੇ ਪਾਣੀ ਵਿਚ ਭਿੱਜੇ ਹੋਏ ਸੰਘਾੜੇ...

'ਰਾਧਿਕਾ' ਠੀਕ ਖਿੜਕੀ ਦੇ ਨੇੜੇ ਰੱਜੂ ਮਾਮਾ ਖੜੇ ਸਨ।

'ਰਾਧਿਕਾ' ! ਉਹਨਾਂ ਨੇ ਫਿਰ ਆਖਿਆ। ਤਾਂ ਉਸ ਨੇ ਚੌਂਕ ਕੇ ਨਮਸਤੇ ਆਖੀ।

ਰਾਧਿਕਾ ਨੇ ਦੇਖਿਆ ਕਿ ਉਸ ਦੇ ਪਿੱਛੇ ਹੀ ਸਾਹੋ ਸਾਹ ਹੋਈ ਸੁਨੀਤੀ ਮਾਮੀ ਆ ਰਹੀ ਹੈ ਤੇ ਉਸ ਨਾਲ ਉਤਸੁਕਖਿੜੇ ਹੋਏ ਚਿਹਰਿਆਂ ਵਾਲੇ ਦੋਨੋਂ ਬੱਚੇ।

'ਨਮਸਤੇ ਦੀਦੀ' ਦੋਨਾਂ ਨੇ ਇਕੱਠਿਆਂ ਆਖਿਆ ਤੇ ਦਰਵਾਜ਼ੇ ਵੱਲ ਵੱਧੇ। ਦਰਵਾਜ਼ਾ ਖੋਲ੍ਹ ਕੇ ਪਹਿਲਾਂ ਵੱਡਾ ਪੈਰੀ ਪੈਣ ਲਈ ਝੁਕਿਆ, ਫਿਰ ਛੋਟਾ।

'ਓਇ ਓਇ, ਰਹਿਣ ਦਿਓ ਨਾ' ਕਹਿੰਦਿਆਂ ਰਾਧਿਕਾ ਨੇ ਦੋਨਾਂ ਨੂੰ ਸੰਭਾਲ ਲਿਆ। ਦੋਨਾਂ ਬਾਹਾਂ ਵਿਚ ਥੋੜ੍ਹੀ ਦੇਰ ਬੱਝੇ ਰਹੇ ਤੇ ਰਾਧਿਕਾ ਸੋਚਦੀ ਰਹੀ ਕਿ ਇਸ ਸਮੇਂ ਸਹਿਜ ਭਾਵ ਨਾਲ ਉਸ ਦੇ ਮੂੰਹ ਅਸੀਸ ਕਿਉਂ ਨਹੀਂ ਨਿਕਲੀ। ਜਿਵੇਂ ਉਹ ਸ਼ੁਭ ਅਸੀਸ ਦੇ ਸ਼ਬਦ ਆਖਦਿਆਂ ਉਸਨੂੰ ਅਜਿਹਾ ਸੰਕੋਚ ਜਿਹਾ ਲੱਗਾ ਜੇਹਾ ਕਿ ਆਪਣੇ ਪੈਰ ਛੁਹਾਂਦੇ ਹੋਏ।

'ਹੁਣ ਇਨ੍ਹਾਂ ਦਾ ਸਮਾਨ ਜਲਦੀ ਨਾਲ ਉਤਾਰ ਲਓ', ਸੁਨੀਤੀ ਨੇ ਰੱਜੂ ਮਾਮਾ ਨੂੰ ਆਖਿਆ।

'ਮੇਰਾ ਘਰ ਇੰਤਜ਼ਾਰ ਹੋ ਰਿਹਾ ਹੋਵੇਗਾ' ਰਾਧਿਕਾ ਦੇ ਮੂੰਹ ਨਿਕਲ ਗਿਆ।

ਸੁਨੀਤੀ ਮਾਮੀ ਨੇ ਇਕ ਲੰਮੀ ਡੂੰਘੀ ਨਜ਼ਰ ਨਾਲ ਉਸ ਨੂੰ ਦੇਖਿਆ। ਰੱਜੂ ਮਾਮਾ ਡੱਬੇ ਤੇ ਚੜ੍ਹਦੇ-ਚੜ੍ਹਦੇ ਰੁਕ ਗਏ। ਫਿਰ ਮਾਮੀ ਨੇ ਹੱਸ ਕੇ ਆਖਿਆ' ਬਈ ਇਕ ਦੋ ਦਿਨ

ਰੁਕਣ ਨਾਲ ਕੀ ਫ਼ਰਕ ਪੈਂਦਾ ਹੈ ? ਅਸੀਂ ਤਿੰਨ ਦਿਨਾਂ ਤੋਂ ਸ਼ਾਮ-ਸਵੇਰੇ ਗੱਡੀਆਂ ਦੇਖ ਰਹੇ ਹਾਂ।'

ਰਾਧਿਕਾ ਨੇ ਫਿਰ ਆਪਣੇ ਸਮਾਨ ਨੂੰ ਉਤਾਰੇ ਜਾਂਦੇ ਦੇਖਿਆ ਤੇ ਉਹ ਵੀ ਉਤਰ ਗਈ। ਰੱਜੂ ਮਾਮਾ ਤੇ ਉਹਨਾਂ ਦੇ ਪਰਿਵਾਰ ਦੇ ਇਉਂ ਮਿਲ ਜਾਣ ਨਾਲ ਉਸ ਦੇ ਮਨ ਵਿਚ ਜਿਹੜੀ ਖ਼ੁਸ਼ੀ ਭਰ ਆਈ ਸੀ, ਉਸ ਨੂੰ ਸਵੀਕਾਰ ਕਰਦਿਆਂ ਹੋਇਆ ਉਸ ਨੂੰ ਹੈਰਾਨੀ ਹੋ ਰਹੀ ਸੀ, ਕੱਲ੍ਹ ਸਵੇਰ ਤੋਂ ਜਦੋਂ ਉਸ ਨੇ ਦੇਖਿਆ ਸੀ ਕਿ ਪਰਿਵਾਰ ਦਾ ਕੋਈ ਵੀ ਮੈਂਬਰ ਉਸਨੂੰ ਮਿਲਣ ਨਹੀਂ ਸੀ ਆਇਆ, ਉਸ ਨੇ ਆਪਣੇ ਆਪ ਨੂੰ ਕਾਬੂ ਰੱਖਣ ਦਾ ਯਤਨ ਕੀਤਾ ਸੀ ਜਿਸ ਨਾਲ ਮਨ ਨੂੰ ਦੁੱਖ ਨਾ ਹੋਵੇ। ਇਹ ਨਿਰਲੇਪਤਾ ਮੁੱਢ ਤੋਂ ਹੀ ਰਾਧਿਕਾ ਦਾ ਇਕ ਕਵਚ ਰਹੀ ਸੀ। ਕੋਈ ਕੁੱਝ ਕਰੇ, ਇਸ ਦੀ ਮੈਨੂੰ ਕੀ ਪ੍ਰਵਾਹ ? ਅਜਿਹੀ ਭਾਵਨਾ ਵਰ੍ਹਿਆਂ ਤੋਂ ਉਸਦੀ ਸਾਥਣ ਸੀ। ਹੁਣ ਵੱਡੇ ਤੇ ਛੋਟੇ ਦੀ ਇਨ੍ਹਾਂ ਹੱਸਦੀਆਂ ਹੋਈਆਂ ਉੱਪਰ ਦੇਖਦੀਆਂ ਹੋਈਆਂ ਅੱਖਾਂ ਨੇ ਜਿਵੇਂ ਉਸ ਕਵਚ ਨੂੰ ਲਾਹ ਕੇ ਸੁੱਟ ਦਿੱਤਾ ਸੀ ਤੇ ਉਸ ਨਾਲ ਰਾਧਿਕਾ ਨੂੰ ਦੁਬਾਰਾ ਘਾਇਲ ਹੋ ਜਾਣ ਦਾ ਡਰ ਹੋ ਗਿਆ ਸੀ।

ਸਟੇਸ਼ਨ ਦੀਆਂ ਪੌੜੀਆਂ ਚੜ੍ਹਦਿਆਂ ਹੋਇਆ ਵੱਡਾ ਉਸ ਪਾਸੇ ਆਇਆ ਤੇ ਬੋਲਿਆ, 'ਆਪ ਹਿੰਦੀ ਬੋਲਣਾ ਭੁੱਲ ਤਾਂ ਨਹੀਂ ਗਏ ਹੋਵੇਗੇ?"

'ਭੁਲਾਂਗੀ ਕਿਉਂ ?'

'ਮੈਂ ਸੋਚਿਆ।'

ਤਾਂ ਰਾਧਿਕਾ ਨੂੰ ਪ੍ਰਾਹੁਣਾ-ਧਰਮ ਦਾ ਧਿਆਨ ਆਇਆ ਤੇ ਉਸ ਨੇ ਪਰਿਵਾਰ ਬਾਰੇ ਪ੍ਰਸ਼ਨ ਪੁੱਛਣੇ ਸ਼ੁਰੂ ਕਰ ਦਿੱਤੇ ਕਿ ਉਹ ਦੋਨੋਂ ਕਿਹੜੀ ਜਮਾਤ ਵਿਚ ਪੜ੍ਹਦੇ ਹਨ, ਨਾਨੀ ਅੱਜ ਕੱਲ੍ਹ ਕਿੱਥੇਂ ਹੈ ? ਇਸ ਦੌਰਾਨ ਉਹਨਾਂ ਦੀ ਬਿੱਲੀ ਚਿਤਕਬਰੀ ਦੇ ਕਿੰਨੇ ਬੱਚੇ ਹੋਏ ਤੇ ਇਨ੍ਹਾਂ ਸਵਾਲਾਂ ਵਿਚ ਡੁੱਬੀ ਰਾਧਿਕਾ ਸਾਰਿਆਂ ਨਾਲ ਟਾਂਗੇ ਵਿਚ ਜਾ ਬੈਠੀ ਤੇ ਟਾਂਗਾ ਚੱਲ ਪਿਆ।

ਹੁਣ ਤਕ ਚਾਰੇ-ਪਾਸੇ ਕਾਫ਼ੀ ਰੋਸ਼ਨੀ ਹੋ ਗਈ ਸੀ ਤੇ ਸੜਕ ਤੇ ਆਵਾਜਾਈ ਵੱਧ ਗਈ ਸੀ ਭਾਵੇਂ ਅਮੀਨਾਬਾਦ ਦੀਆਂ ਸਾਰੀਆਂ ਦੁਕਾਨਾਂ ਅਜੇ ਬੰਦ ਸਨ।

'ਇਕ ਗੱਲ ਹੈ, ਸਾਡੀ ਰਾਧਿਕਾ ਵਿਚ ਜ਼ਰਾ ਫ਼ਰਕ ਨਹੀਂ ਪਿਆ, ਮਾਮੀ ਨੇ ਰੱਜੂ ਮਾਮਾ ਨੂੰ ਆਖਿਆ।

ਮਾਮਾ ਨੇ ਸਹਿਮਤੀ ਵਿਚ ਸਿਰ ਹਿਲਾਇਆ ਤੇ ਮੁਸਕਰਾਉਂਦੇ ਹੋਏ ਰਾਧਿਕਾ ਵੱਲ ਦੇਖਣ ਲੱਗੇ।।

ਰੱਜੂ ਮਾਮਾ ਦੇ ਵਾਲ ਇਕ ਦਮ ਕਿੰਨੇ ਸਫ਼ੈਦ ਹੋ ਗਏ ਹਨ, ਰੋਸ਼ਨੀ ਵਿਚ ਰਾਧਿਕਾ ਨੇ ਪਹਿਲੀ ਵਾਰ ਧਿਆਨ ਦਿੱਤਾ, ਸਿਰਫ਼ ਤਿੰਨ ਵਰ੍ਹਿਆਂ ਵਿਚ। ਸੁਨੀਤੀ ਮਾਮੀ ਨੇ ਮਟਮੈਲੇ ਰੰਗ ਦੀ ਹੈਂਡਲੂਮ ਦੀ ਸਾੜ੍ਹੀ ਪਾਈ ਹੋਈ ਸੀ, ਮੱਥੇ ਤੇ ਛੋਟੀ ਜਿਹੀ ਬਿੰਦੀ, ਕੰਮ ਕਰਨ ਵਾਲੀ ਗ੍ਰਿਹਿਸਤਣ ਵਰਗ ਹੱਥ ਪੈਰਾਂ ਦੇ ਘੱਸੇ ਹੋਏ ਬਿਛੂ। ਪਰ ਸੁਨੀਤੀ ਮਾਮੀ ਇਸ ਵੇਲੇ ਖ਼ੁਸ਼ ਸੀ।

'ਜੇਕਰ ਅਸੀਂ ਸਟੇਸ਼ਨ ਤੇ ਨਾ ਆਉਂਦੇ ਤਾਂ ਆਪ ਦੀ ਦੀਦੀ ਨੇ ਇੱਥੇ ਥੋੜ੍ਹੇ ਉਤਰਨਾ ਸੀ ? ਹੈ ਨਾ? ਉਹਨਾਂ ਨੇ ਵੱਡੇ ਤੇ ਛੋਟੇ ਵੱਲ ਦੇਖਦਿਆਂ ਕਿਹਾ, 'ਸਾਨੂੰ ਤਾਂ ਇਨ੍ਹਾਂ ਨੇ ਆਉਣ ਦੀ ਚਿੱਠੀ ਵੀ ਨਹੀਂ ਪਾਈ ਸੀ।'

'ਤੁਰਨ ਤੋਂ ਪਹਿਲਾਂ ਇੰਨਾ ਕੰਮ ਸੀ ਕਿ ਵਿਹਲ ਹੀ ਨਹੀਂ ਮਿਲੀ, ਰਾਧਿਕਾ ਨੇ ਸਫ਼ਾਈ ਦਿੰਦੀਆਂ ਆਖਿਆ ਤੇ ਮਨ ਵਿਚ ਥੋੜ੍ਹਾਂ ਅਫ਼ਸੋਸ ਵੀ ਮਹਿਸੂਸ ਕੀਤਾ ਕਿ ਰੱਜੂ ਮਾਮਾ ਨੂੰ ਚਿੱਠੀ ਪਾਉਣ ਦਾ ਧਿਆਨ ਉਸ ਨੂੰ ਇਕ ਵਾਰ ਵੀ ਨਹੀਂ ਆਇਆ।

ਮਾਂ ਦੇ ਪਰਿਵਾਰ ਵਿਚ ਰਾਧਿਕਾ ਦੇ ਤਿੰਨ ਮਾਮੇ ਸਨ, ਇਕ ਬਾਲ ਵਿਧਵਾ ਮਾਸੀ, ਇਕ ਬੁੱਢੀ ਨਾਨੀ। ਲਖਨਊ ਵਿਚ ਨੌਂ ਕਮਰਿਆਂ ਵਾਲਾ ਇਕ ਜੱਦੀ ਮਕਾਨ ਜਿਸ ਵਿਚ ਰੱਜੂ ਮਾਮਾ ਦੇ ਹਿੱਸੇ ਵਿਚ ਤਿੰਨ ਕਮਰੇ ਆਏ ਸਨ, ਮਾਸੀ ਤੇ ਨਾਨੀ ਵਾਰੀ-ਵਾਰੀ ਮਾਮਿਆਂ ਪਾਸ ਰਹਿੰਦੀਆਂ ਸਨ।

ਰਾਧਿਕਾ ਦਾ ਸਮਾਨ ਸੁਨੀਤੀ ਮਾਮੀ ਨੇ ਆਪਣੇ ਕਮਰੇ ਵਿਚ ਹੀ ਰਖਵਾਇਆ।

'ਵੱਡੇ ਭਾਈ ਸਾਹਿਬ ਦਾ ਕੀ ਹਾਲ ਹੈ', ਰਾਧਿਕਾ ਨੇ ਪੁੱਛ ਲਿਆ।

'ਅਨੰਦ ਵਿਚ ਨੇ ! ਧੜਾਧੜ ਪੈਸਾ ਆ ਰਿਹਾ ਹੈ। ਉਹ ਤਾਂ ਤੁਹਾਨੂੰ ਆਪਣੀ ਭਾਬੀ ਦੇਖਕੇ ਹੀ ਪਤਾ ਲੱਗ ਜਾਵੇਗਾ। ਸੁਨੀਤੀ ਨੇ ਆਖਿਆ।

'ਮੈਂ ਸੋਚਿਆ ਸੀ ਸ਼ਾਇਦ ਹਵਾਈ ਅੱਡੇ ਤੇ ਆਉਣ ਪਰ ਵਿਹਲ ਨਹੀਂ ਮਿਲੀ ਹੋਣੀ।"

'ਇੱਥੇ ਇਕ ਨਵਾਂ ਸਿਨਮਾ ਖੋਲ੍ਹਿਆ ਹੈ। ਨਾਮ ਰਖਿਆ ਹੈ 'ਵੀਣਾ', " ਰੱਜੂ ਮਾਮਾ ਨੇ ਆਖਿਆ।

'ਹੁਣ ਤਾਂ ਵੀਣਾ ਬਹੁਤ ਵੱਡੀ ਹੋ ਗਈ ਹੋਣੀ ਹੈ' ਇਹ ਸੁਨੀਤੀ ਮਾਮੀ ਸੀ !

ਹੁਣ ਟਾਂਗਾ ਖੱਬੇ ਪਾਸੇ ਮੁੜ ਰਿਹਾ ਸੀ।ਅਚਾਨਕ ਰੱਜੂ ਮਾਮਾ ਨੇ ਆਖਿਆ 'ਰਾਧਿਕਾ ਜੇ ਤੁਸੀਂ ਵਿਨੈ ਦੇ ਕੱਲ੍ਹ ਰੁਕਣਾ ਚਾਹੋਂ ਤਾਂ ਅਸੀਂ ਤੁਹਾਨੂੰ ਉੱਥੇ ਹੀ ਉਤਾਰ ਦਈਏ।'

ਰਾਧਿਕਾ ਨੇ ਦੇਖਿਆ ਮਾਮਾ ਤੇ ਬੱਚੇ ਉਸ ਵੱਲ ਦੇਖ ਰਹੇ ਹਨ।ਉਸ ਨੇ ਸਹਿਜ ਭਾਵ ਨਾਲ ਆਖਿਆ 'ਨਹੀਂ, ਰੱਜੂ ਮਾਮਾ ਮੈਂ ਤੁਹਾਡੇ ਨਾਲ ਹੀ 'ਜਾਵਾਂਗੀ।'

ਮਾਮਾ ਉਤਸ਼ਾਹਿਤ ਹੋਣ ਲੱਗੇ।

'ਦਫ਼ਤਰ ਜਾ ਕੇ ਫੋਨ ਕਰ ਦੇਣਾ ਕਿ ਅਸੀਂ ਰਾਧਿਕਾ ਨੂੰ ਉਤਾਰ ਲਿਆਏ ਹਾਂ,' ਸੁਨੀਤੀ ਨੇ ਆਖਿਆ।

ਟਾਂਗਾ ਪੁਰਾਣੀ ਬਸਤੀ ਵਿਚ ਰਾਧਿਕਾ ਦੇ ਪੁਰਾਣੇ ਜਾਣੂ ਘਰ ਅੱਗੇ ਰੁਕ ਗਿਆ।

ਸਮਾਨ ਲਹਿਣ ਲੱਗਾ। ਉਸੇ ਵੇਲੇ ਮਾਸੀ ਵੀ ਪੱਲੇ ਨਾਲ ਹੱਥ ਪੂੰਝਦੀ ਹੋਈ ਨਿਕਲ ਆਈ ਤੇ ਰਾਧਿਕਾ ਨੂੰ ਉਸ ਨੇ ਗਲਵਕੜੀ ਵਿਚ ਘੁੱਟ ਲਿਆ। ਕੁਝ ਚਿਰ ਵਿਚ ਵੱਖ ਹੁੰਦਿਆਂ ਰਾਧਿਕਾ ਨੇ ਦੇਖਿਆ ਕਿ ਉਸ ਦੀ ਝੁਰੜੀਆਂ ਵਾਲੀ ਖੱਬੀ ਗੱਲ ਤੇ ਇਕ ਛੋਟਾ ਜਿਹਾ ਅੱਥਰੂ ਟਿਕਿਆ ਹੋਇਆ ਹੈ।

'ਹੁਣ ਤੁਸੀਂ ਨਹਾ ਧੋ ਲਓ, ਉਦੋਂ ਤਕ ਨਾਸ਼ਤਾ ਤਿਆਰ ਹੋ ਜਾਂਦਾ ਹੈ, ਤੁਸੀਂ ਕੀ ਖਾਓਗੇ ?'

'ਜੋ ਵੀ ਆਪ ਲਈ ਸੌਖਾ ਹੋਵੇ' ਰਾਧਿਕਾ ਨੇ ਆਖਿਆ। ਉਹ ਸੂਟਕੇਸ ਖੋਲ੍ਹਣ ਲਈ ਚਾਬੀ ਦੇਖਣ ਲੱਗੀ। ਮਾਮੀ ਛੋਟੇ ਤੇ ਵੱਡੇ ਨੂੰ ਉੱਥੋਂ ਹਟਾ ਕੇ ਲੈ ਗਈ ਤੇ ਰਾਧਿਕਾ ਇਕੱਲੀ ਰਹਿ ਗਈ। ਕਾਫੀ ਵੱਡਾ ਕਮਰਾ। ਕੰਧਾਂ ਖਾਲੀ। ਇਕ ਵੀ ਚਿੱਤਰ ਜਾਂ ਕਲੰਡਰ ਨਹੀਂ, ਸਿਰਫ ਇਕ ਕਿੱਲ ਤੇ ਇਕ ਵੱਡੀ ਸਾਰੀ ਪੁਰਾਣੀ ਜਿਹੀ ਚਾਬੀ : ਦੋ ਖਿੜਕੀਆਂ, ਜਿਹਨਾਂ ਵਿੱਚੋਂ ਇਕ ਦੇ ਬਾਹਰ ਫੁੱਲਾਂ ਨਾਲ ਲੱਦਿਆ ਹੋਇਆ ਇਕ ਰੁੱਖ ਦਿਖਾਈ ਦੇ ਰਿਹਾ ਹੈ ਤੇ ਤਾਰ ਤੇ ਸੁਕਦੀ ਇਕ ਕਾਲੀ ਕਿਨਾਰੇ ਵਾਲੀ ਸਾੜੀ। ਰਾਧਿਕਾ ਕੁੱਝ ਦੇਰ ਬਾਹਰ ਦੇਖਦੀ ਰਹੀ, ਫਿਰ ਸੂਟ ਕੇਸ ਬਿਨਾਂ ਖੋਲ੍ਹਿਆਂ ਉਸ ਨੇ ਮਾਮੀ ਨੂੰ ਆਵਾਜ਼ ਮਾਰੀ। ਉਹ ਕਿੱਧਰੇ ਨੇੜੇ ਹੀ ਸੀ। ਮੁਸਕਰਾਉਂਦੀ ਹੋਈ ਆ ਗਈ।

'ਮਾਮੀ ਇਕ ਸਾੜੀ ਚਾਹੀਦੀ ਹੈ, ਸੂਤੀ, ਧੋਬੀ ਦੀ ਧੋਤੀ ਹੋਈ ਕਲਫ਼ਦਾਰ'

ਸੁਨੀਤੀ ਮਾਮੀ ਜਦੋਂ ਵਿਆਹੀ ਆਈ ਸੀ ਤਾਂ ਉਸ ਦਾ ਰੰਗ ਸਾਫ਼ ਸੀ। ਚਮਕਦਾਰ ਅੱਖਾਂ, ਹੱਸਣ ਤੇ ਖੱਬੀ ਗੱਲ੍ਹ ਤੇ ਟੋਆ ਪੈਂਦਾ ਸੀ, ਉਹ ਟੋਆ ਅਜੇ ਵੀ ਸੀ।

'ਕਿਉਂ ਉੱਥੇ ਤਾਂ ਧੋਬੀ ਮਿਲਦੇ ਨਹੀਂ ਹੋਣਗੇ'

"ਬਸ ਸਾਨੂੰ ਸਮਝ ਲਉ ਧੋਬੀ, ਬਵਰਚੀ, ਝੀਰੀ ਸਭ ਕੁੱਝ।"

"ਫਿਰ ਤਾਂ ਰਾਧਿਕਾ ਤੁਸੀਂ ਤਾਂ ਕੰਮ ਕਰਨ ਵਿਚ ਖੂਬ ਨਿਪੁੰਨ ਹੋ ਗਏ ਹੋਵੋਗੇ।"

ਸੁਨੀਤੀ ਮਾਮੀ ਦੋ ਸਾੜ੍ਹੀਆ ਕੱਢ ਕੇ ਲੈ ਆਈ-ਇਕ ਕੋਰੀ ਸੀ, ਇਕ ਸਫੈਦ ਚਿਕਨ ਦੀ। ਸਧਾਰਣ ਮੁੱਲ ਦੀਆਂ ਹੋਣਗੀਆਂ। ਗੁਲਾਬੀ ਰੰਗ ਦਾ ਝਿਰਝਿਰਾ ਕੱਪੜਾ,ਹਲਕਾ-ਹਲਕਾ ਰੰਗ। ਰਾਧਿਕਾ ਨੇ ਉਸੇ ਨੂੰ ਪਸੰਦ ਕੀਤਾ।

ਨਹਾਉਂਦਿਆਂ ਰਾਧਿਕਾ ਇਹੀ ਸੋਚ ਰਹੀ ਸੀ ਕਿ ਇਸ ਪੁਰਾਣੀ ਗੜਵੀ ਬਾਲਟੀ ਤੇ ਭਿੱਜ-ਭਿੱਜ ਕੇ ਕਾਲੀ ਹੋ ਗਈ ਪੀੜ੍ਹੀ ਵਿਚ ਉਸਦਾ ਖਸ਼ਬੂਦਾਰ ਬਦੇਸ਼ੀ ਸਾਬਣ ਕਿੰਨਾ ਬੇਜੋੜ ਜਾਪ ਰਿਹਾ ਹੈ। ਉਸਨੂੰ ਆਪਣੇ ਤੇ ਥੋੜ੍ਹੀ ਜਿਹੀ ਹੈਰਾਨੀ ਵੀ ਹੋਈ ਕਿ ਇਹ ਸਭ ਚਾਰੇ ਪਾਸਿਆਂ ਦਾ ਵਾਤਾਵਰਣ ਉਸ ਨੂੰ ਖਟਕ ਕਿਉਂ ਨਹੀਂ ਰਿਹਾ ? ਇਹ ਗੱਲ ਜ਼ਰੂਰ ਹੈ ਕਿ ਜੋ ਕੁੱਝ ਧਨ ਦੀ ਅਣਹੋਂਦ ਕਾਰਨ ਹੈ, ਉਹ ਝੱਟਪਟ ਨਜ਼ਰ ਆ ਜਾਂਦਾ ਹੈ, ਜਿਵੇਂ ਰੱਜੂ ਮਾਮੇ ਦੀ ਸਿਹਤ ਜਾਂ ਛੋਟੇ ਦੀ ਜੁੱਤੀ ਪਾਲਸ਼ ਕਰਨ ਤੋਂ ਵੀ ਪੁਰਾਣਾਪਨ ਜਾਂ ਮਾਮੀ ਦੇ ਕਮਰੇ ਦੀਆਂ ਕੰਧਾਂ ਤੋਂ ਝੜਦਾ ਚੂਨਾ ਜਾਂ ਮਾਸੀ ਦੀ ਧੋਤੀ ਨੂੰ ਥਾਂ-ਥਾਂ ਲੱਗੀਆਂ ਟਾਕੀਆਂ। ਇਹ ਸਭ ਕੁਝ ਥੋੜ੍ਹਾ ਬਹੁਤ ਤਾਂ ਪਹਿਲਾਂ ਵੀ ਸੀ, ਕਿਉਂਕਿ ਇਕ ਸੈਕੰਡਰੀ ਸਕੂਲ ਦੇ ਅਧਿਆਪਕ ਦੀ ਤਨਖ਼ਾਹ ਕਿੰਨੀ ਹੋਵੇਗੀ, ਪਰ ਇਹ ਇਉਂ ਦਿਲ ਨੂੰ ਚੁੱਭਿਆ ਨਹੀਂ ਸੀ ਅਤੇ ਉਸਦਾ ਨਵਾਂ ਸੂਟਕੇਸ ਅਤੇ ਮੈਚਿੰਗ ਕਾਸਮੈਟਿਕ ਕੇਸ ਵੱਡਾ ਸਾਰਾ ਇਟੈਲੀਅਨ ਪਰਸ ਅਤੇ ਇਟੈਲੀਅਨ ਹੀ ਚੱਪਲਾਂ ਉਸਦਾ ਪਹਿਲੇ ਦਰਜੇ 'ਚੋਂ ਉਤਰਨਾਂ, ਕੀ ਇਹ ਸਭ ਮਾਮੀ ਨੂੰ ਚੁਭਿਆ ਹੋਵੇਗਾ ? ਉਸ ਨੂੰ ਪਤਾ ਸੀ ਕਿ ਮਾਮੀ ਇਹੋ ਜਿਹੀ ਨਹੀਂ ਹੈ। ਉਨ੍ਹਾਂ ਨੂੰ ਸ਼ਾਇਦ ਖ਼ੁਸ਼ੀ ਹੀ ਹੋਈ ਹੋਵੇਗੀ, ਰਾਧਿਕਾ ਦੀ ਖੁਸ਼ਹਾਲੀ ਤੇ।

ਨਹਾ ਕੇ ਆਈ ਰਾਧਿਕਾ ਨੂੰ ਇਹ ਬਸੰਤੀ ਜਿਹਾ ਮੌਸਮ ਚੰਗਾ ਲੱਗਾ। ਵਾਲ ਖੁੱਲ੍ਹੇ ਹੋਏ ਪਿੱਠ ਤੇ ਖਿਲਾਰੇ ਹੋਏ ਸਨ ਤੇ ਕਲਫ਼ਦਾਰ ਸਾੜ੍ਹੀ ਪਹਿਨ ਕੇ ਉਸ ਦਾ ਮਨ ਜਿਵੇਂ ਇਕ ਦਮ ਹਲਕਾ ਹੋ ਗਿਆ ਸੀ।

ਨਾਸ਼ਤਾ ਮੇਜ਼ ਤੇ ਸੱਜਿਆ ਪਿਆ ਸੀ। ਖੂਬ ਮੇਵੇ ਨਾਲ ਸਜਿਆ ਗਾਜਰ ਦਾ ਕੜਾਹ, ਰਸ ਵਿਚ ਭਿੱਜੇ ਪੇਠੇ ਦੇ ਟੁਕੜੇ, ਦੋ ਤਿੰਨ ਤਰ੍ਹਾਂ ਦੇ ਦਾਲ ਮੋਠ, ਤਾਜ਼ੀਆਂ ਗਰਮ ਮੱਠੀਆਂ, ਆਲੂਆਂ ਦੀਆਂ ਫੁੱਲਵੜੀਆਂ ਅਤੇ ਟੋਸਟ, ਮੱਖਣ, ਜੈਮ।

"ਆਮਲੇਟ ਲਵੋਗੇ ਜਾਂ ਫ਼ਰਾਈਡ ਅੰਡਾ ?" ਰੱਜੂ ਮਾਮਾ ਪੁੱਛ ਰਹੇ ਸਨ।

"ਇੰਨਾ ਕੁੱਝ ਕਿਉਂ ਕੀਤਾ ਹੈ। ਮੈਂ ਤਾਂ ਸਵੇਰੇ ਇਕ ਕੱਪ ਕੌਫੀ ਬਿਨ੍ਹਾਂ ਕੁਝ ਨਹੀਂ ਲੈਂਦੀ।'

"ਕੋਫੀ ਬਣਾਉ ਝੱਟ ਪੱਟ" ਰੱਜੂ ਮਾਮੇ ਨੇ ਪਤਨੀ ਵੱਲ ਦੇਖਕੇ ਹੁਕਮ ਚਲਾ ਦਿੱਤਾ।

"ਨਹੀਂ ਨਹੀਂ, ਰਹਿਣ ਦਿਉ," ਰਾਧਿਕਾ ਨੇ ਆਖਿਆ, "ਮੈਂ ਚਾਹ ਵੀ ਪੀਂਦੀ ਹਾਂ।" ਮਾਮੀ, ਤੁਸੀਂ ਤਕਲੀਫ਼ ਨਾ ਕਰੋ"

"ਦੀਦੀ ਜਲੇਬੀ ਖਾਓ। ਹੁਣੇ ਗਰਮ-ਗਰਮ ਲਿਆਇਆ ਹਾਂ ?" ਵੱਡੇ ਨੇ ਆਖਿਆ। "ਤੁਸੀਂ ਲਿਆਏ ਹੋ ? ਹੁਣ ਤੋਂ ਹੀ ਖਰੀਦਾ-ਖਰਾਦੀ ਕਰਨੀ ਸ਼ੁਰੂ ਕਰ ਦਿੱਤੀ ਹੈ।"

"ਹਾਂ ਹੁਣ ਤਾਂ ਮੈਂ ਬਾਬੂ ਜੀ ਦਾ ਸਾਈਕਲ ਵੀ ਚਲਾ ਲੈਂਦਾ ਹਾਂ," ਵੱਡੇ ਨੇ ਆਖਿਆ। ਰਾਧਿਕਾ ਨੇ ਜਲੇਬੀ ਚੁੱਕ ਕੇ ਮੂੰਹ ਵਿਚ ਪਾਈ, "ਬਹੁਤ ਵਧੀਆਂ ਹੈ"

ਵੱਡਾ ਮੁਸਕਰਾ ਪਿਆ। ਰਾਧਿਕਾ ਨੂੰ ਜਾਪਿਆ ਕਿ ਸਵੇਰ ਦਾ ਨਾਸ਼ਤਾ ਕਈ ਘੰਟੇ ਚਲਦਾ ਰਿਹਾ। ਉਸਨੂੰ ਹਰ ਚੀਜ਼ ਖਾਣੀ ਪਈ, ਹਰ ਚੀਜ਼ ਉਸ ਨੇ ਖਾਧੀ ਤੇ ਸਿਫ਼ਤ ਕੀਤੀ। ਸਿਫ਼ਤ ਕਰਨੀ ਉਸ ਦੀ ਆਦਤ ਬਣ ਗਈ ਸੀ, ਪਰ ਹਰ ਚੀਜ਼ ਵਿਚ ਸਵਾਦ ਤੋਂ ਇਲਾਵਾ ਵੀ ਹੋਰ ਵੀ ਬਹੁਤ ਕੁੱਝ ਸੀ। ਰਾਧਿਕਾ ਨੂੰ ਕੀ-ਕੀ ਚੀਜ ਪਸੰਦ ਹੈ ? ਮਾਮੀ ਦਾ ਇਹ ਧਿਆਨ ਰੱਖਣਾ ਹੀ ਉਸਨੂੰ ਬਹੁਤ ਚੰਗਾ ਲੱਗ ਰਿਹਾ ਸੀ।

ਨਾਸ਼ਤੇ ਮਗਰੋਂ ਉਹ ਮੰਜੀ ਤੇ ਲੇਟੀ ਸੀ,ਵਾਲ ਉਹਦੇ ਸਰਾਹਣੇ ਤੇ ਖਿਲਰੇ ਹੋਏ ਸਨ ਤੇ ਮਾਸੀ ਆ ਕੇ ਪਾਸ ਬੈਠ ਗਈ। ਉਸ ਦੇ ਹੱਥ ਵਿਚ ਥਾਲੀ ਸੀ ਜਿਸ ਵਿਚ ਮਸਰਾਂ ਦੀ ਧੋਤੀ ਦਾਲ ਸੀ। ਉਹ ਪੁਰਾਣੇ ਫਰੇਮ ਵਾਲੀ ਐਨਕ ਨੱਕ ਤੇ ਰੱਖੀ ਦਾਲ ਚੁਗਣ ਲੱਗੀ।

"ਸੁਣਾ ਮਾਸੀ, ਇੱਥੋਂ ਦਾ ਕੀ ਹਾਲ ਹੈ ? ਨਾਨੀ ਵੱਡੇ ਮਾਮੇ ਪਾਸ ਹੈ ?"

"ਇਥੋਂ ਦਾ ਹਾਲ ਤੁਸੀਂ ਦੇਖ ਹੀ ਰਹੇ ਹੋ। ਰੱਬ ਦੀ ਮਰਜ਼ੀ ਹੈ। ਰੱਜੂ ਦੀ ਸਿਹਤ ਦਿਨ-ਬਦਿਨ ਗਿਰਦੀ ਜਾ ਰਹੀ ਹੈ ਅਤੇ ਭਾਈ ਸਾਹਿਬ ਕੋਈ ਮਦਦ ਨਹੀਂ ਕਰਦੇ। ਮਾਂ ਤੱਕ ਨੂੰ ਨਹੀਂ ਰੱਖਦੇ, ਵਿਚਕਾਰਲੇ ਪਾਸ ਗਈ ਹੋਈ ਹੈ", ਮਾਸੀ ਗੱਲ ਵਿਚੇ ਛੱਡ ਕੇ ਬੋਲੀ "ਤੇ ਤੁਸਾਂ ਬੇਟੀ ਐਮ. ਏ. ਤਾਂ ਕਰ ਲਈ ਹੈ ਨਾ ?"

"ਹਾਂ, ਕਰ ਲਈ ਹੈ"

"ਤਾਂ ਹੁਣ ਕੀ ਸਲਾਹ ਹੈ ? ਨੌਕਰੀ ਕਰੋਗੇ ਕਿ....... ?"

ਰਾਧਿਕਾ ਕੁੱਝ ਪਲ ਚੁੱਪ ਰਹੀ "ਅਜੇ ਤਾਂ ਮੈਂ ਕੋਈ ਫੈਸਲਾ ਨਹੀਂ ਕੀਤਾ।ਮਾਸੀ ਉੱਥੇ ਢਾਈ ਸਾਲ ਕੰਮ ਕਰਦੀ-ਕਰਦੀ ਐਨੀ ਥੱਕ ਕੇ ਆਈ ਹਾਂ ਕਿ ਕੁੱਝ ਮਹੀਨੇ ਅਰਾਮ ਕਰਨ ਦਾ ਇਰਾਦਾ ਹੈ।"

"ਰਹੋਗੇ ਉੱਥੇ ਹੀ, ਵਿਦਿਆ ਦੇ ਨਾਲ ?"

ਮਾਸੀ ਵੱਡੀ ਹੋਣ ਦੇ ਨਾਤੇ ਹਰ ਤਰ੍ਹਾਂ ਦੇ ਸਵਾਲ ਪੁੱਛ ਸਕਦੀ ਹੈ, ਅਜਿਹੇ ਸਵਾਲ ਵੀ ਜਿਨ੍ਹਾਂ ਦਾ ਜਵਾਬ ਰਾਧਿਕਾ ਆਪ ਵੀ ਨਹੀਂ ਜਾਣਦੀ।

"ਜੇਕਰ ਉਹ ਰੱਖਣਗੇ ਤਾਂ ਰਹਾਂਗੀ," ਰਾਧਿਕਾ ਨੇ ਆਖਿਆ।

"ਰੱਖੇਗੀ ਕਿਉਂ ਨਹੀਂ ? ਵਿਦਿਆ ਨੇ ਤਾਂ ਕਦੇ ਤੁਹਾਡੇ ਨਾਲ ਲੜਾਈ ਝਗੜਾ ਨਹੀਂ ਕੀਤਾ, ਰੱਖੇਗੀ," ਮਾਸੀ ਨੇ ਇਕ ਰੋੜ ਉੱਗਲੀਆਂ ਨਾਲ ਸਰਕਾ ਦਿੱਤਾ।

"ਤੇਰੇ ਵੱਡੇ ਭਾਈ ਵੀ ਅਜਿਹੇ ਹੀ ਨਿਕਲੇ"

ਰਾਧਿਕਾ ਚੁੱਪ !

"ਵੀਣਾ ਇਕ ਦਿਨ ਬਹੂ ਨੂੰ ਬਜ਼ਾਰ ਵਿਚ ਮਿਲੀ ਸੀ, ਉਸਨੇ ਦੱਸਿਆ ਸੀ ਕਿ ਤੁਸੀਂ ਅੱਜ ਕੱਲ ਵਿਚ ਆਉਣ ਵਾਲੇ ਹੋ। ਅਸੀਂ ਲੋਕ ਤਾਂ ਉਦੋਂ ਤੋਂ ਇੰਤਜ਼ਾਰ ਕਰ ਰਹੇ ਸਾਂ।"

"ਹੁਣ ਤਾਂ ਵੀਣਾਂ ਕਾਫ਼ੀ ਲੰਮੀ ਹੋ ਗਈ ਹੋਵੇਗੀ," ਰਾਧਿਕਾ ਨੇ ਆਖਿਆ।

"ਤੁਹਾਡੇ ਵਾਂਗ ਨਿਕਲੀ ਹੈ। ਭਾਈ ਨੇ ਨਾਂ ਤੇ ਸਿਨਮਾਂ ਖੁੱਲ੍ਹਵਾ ਦਿੱਤਾ ਹੈ," ਮਾਸੀ ਨੇ ਖਿਸਕਦੀ ਹੋਈ ਐਨਕ ਨੱਕ ਤੇ ਕਰ ਲਈ।

ਉਸ ਦਿਨ ਰੱਜੂ ਮਾਮਾ ਰਾਧਿਕਾ ਨੂੰ ਵੱਡੇ ਭਾਈ ਦੇ ਘਰ ਲੈ ਗਏ। ਨਾਲ ਹੋਰ ਕੋਈ ਨਹੀਂ ਆਇਆ, ਸੁਨੀਤੀ ਮਾਮੀ ਦੇ ਚਿਹਰੇ ਤੇ ਥੋੜ੍ਹੀ ਜਿਹੀ ਉਦਾਸੀ ਸੀ, ਉਸਨੂੰ ਆਸ ਨਹੀਂ ਸੀ ਕਿ ਰਾਧਿਕਾ ਨੂੰ ਉਹ ਲੋਕ ਵਾਪਸ ਆਉਣ ਦੇਣਗੇ। ਸਕੇ ਭਰਾ ਭਤੀਜੇ ਤਾਂ ਆਖਰ ਉਹੀ ਹਨ। ਬੱਚਿਆ ਨੂੰ ਉਸ ਦਾ ਨਾ ਵਾਪਸ ਆਉਣਾ ਬੁਰਾ ਲੱਗੇਗਾ, ਇਸ ਲਈ ਹੋਮ ਵਰਕ ਦੀ ਯਾਦ ਦਿਵਾ ਕੇ ਉਹਨਾਂ ਨੂੰ ਘਰ ਹੀ ਰੋਕ ਲਿਆ।

ਇਕ ਪਲ, ਰਿਕਸ਼ੇ ਵਿਚ ਬੈਠਣ ਤੋਂ ਪਹਿਲਾ ਰਾਧਿਕਾ ਝਿਜਕ ਗਈ ਪਰ " ਬੈਠੋ, ਬੈਠੋ" ਸ਼ਬਦ ਸੁਣਕੇ ਉਹ ਬੈਠ ਗਈ। ਰੱਜੂ ਮਾਮਾ ਦੇ ਪਾਸ ਆ ਬੈਠਣ ਨਾਲ ਰਿਕਸ਼ਾ ਚੱਲ ਪਿਆ।

"ਹੁਣ ਕੀ ਕਰਨ ਦਾ ਇਰਾਦਾ ਹੈ ਰਾਧਿਕਾ ?", ਉਨ੍ਹਾਂ ਨੇ ਪੁਛਿਆ।

"ਪਤਾ ਨਹੀਂ ਮਾਮਾ !"

"ਯੂ ਸ਼ੁਡ ਗੈਟ ਮੈਰਿਡ ਨਾਓ," ਰੱਜੂ ਮਾਮੇ ਨੇ ਬੜੀ ਗੰਭੀਰਤਾ ਨਾਲ ਆਖਿਆ। ਰਾਧਿਕਾ ਸਾਹਮਣੇ ਦੇਖਦੀ ਰਹੀ, ਬਿਨਾ ਕੁੱਝ ਕਿਹਾ। ਰੱਜੂ ਮਾਮੇ ਨੇ ਹੌਲੀ ਜਿਹੀ ਪੁੱਛਿਆ, "ਉੱਥੇ ਜਾ ਕੇ, ਉਸ ਨਾਲ, ਅਰਥਾਤ.... "ਉਹ ਡੈਨ ਦਾ ਨਾਂ ਲੈਂਦੇ ਝਿਜਕ ਰਹੇ ਸਨ, "ਤੂੰ ਵਿਆਹ ਤਾਂ ਨਹੀਂ ਕੀਤਾ ਸੀ ਨਾ ?"

"ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਡੈਨ ਨੇ ਮੈਨੂੰ ਵਿਦੇਸ਼ ਜਾਣ ਵਿਚ ਸਹਾਇਤਾ ਜ਼ਰੂਰ ਦਿੱਤੀ ਸੀ, ਨਹੀਂ ਤਾਂ ਇੱਥੇ ਬੈਠੀ-ਬੈਠੀ ਨੂੰ ਮੈਨੂੰ ਕੀ ਪਤਾ ਲੱਗਦਾ ਕਿ ਕਿਹੜੀ ਯੂਨੀਵਰਸਿਟੀ ਵਿਚ ਅਪਲਾਈ ਕਰਾਂ" ਰਾਧਿਕਾ ਨੇ ਹੌਲੀ ਪਰ ਸਪਸ਼ਟ ਰੂਪ ਵਿਚ ਕਿਹਾ।

ਗਲਾ ਸਾਫ਼ ਕਰਦੇ ਹੋਏ ਰੱਜੂ ਮਾਮਾ ਬੋਲੇ, "ਗੱਲਾਂ ਇੱਥੇ ਉੱਡ ਜਾਂਦੀਆਂ ਹਨ। ਸੁਣਿਆ ਸੀ.......

"ਡੈਨ ਦੀ ਤਾਂ," ਰਾਧਿਕਾ ਨੇ ਆਖਿਆ, "ਪਤਨੀ ਤੇ ਇਕ ਬੱਚਾ ਵੀ ਸੀ"

'ਪਰ ਉਸ ਦਾ ਤਾਂ ਤਲਾਕ ਹੋ ਗਿਆ ਸੀ ਨਾ ?' ਫਿਰ ਰੱਜੂ ਮਾਮਾ ਨੇ ਕੁਝ ਸਫ਼ਾਈ ਦਿੰਦਿਆਂ ਹੋਇਆ ਆਖਿਆ, 'ਤੁਹਾਡੀ ਭਾਬੀ ਨੇ ਸੁਨੀਤੀ ਨੂੰ ਆਖਿਆ ਸੀ। ਸੁਣਿਆਂ ਸੀ ਕਿ ਉਹ ਡਾਈਵੋਰਸਡ ਸੀ, ਤੇਰੇ ਤੋਂ ਉਮਰ ਵਿਚ ਕਾਫੀ ਵੱਡਾ ਸੀ, ਇਸ ਲਈ ਤੇਰੇ ਪਾਪਾ ਇੰਨੇ ਖਿਲਾਫ਼ ਸਨ।"

ਰੱਜੂ ਮਾਮਾ ਵੀ ਸੁਣੀਆ ਹੋਈਆਂ ਗੱਲਾਂ ਨੂੰ ਦੋਹਰਾ ਰਹੇ ਸਨ। ਰਾਧਿਕਾ ਜਾਣਦੀ ਸੀ ਕਿ ਉਸ ਦਾ ਹਿੱਤ ਹੀ ਉਨ੍ਹਾਂ ਨੂੰ ਇਹ ਸਭ ਕਹਿਣ ਨੂੰ ਪ੍ਰੇਰਿਤ ਕਰ ਰਿਹਾ ਹੈ।

"ਡਾਇਵੋਰਸ ਤਾਂ ਡੈਨ ਨੂੰ ਮੇਰੇ ਜਾਣ ਮਗਰੋਂ ਮਿਲਿਆ, ਤੇ ਹੁਣ ਤਾਂ ਉਸਨੇ ਦੂਸਰੀ ਸ਼ਾਦੀ ਕਰ ਲਈ ਹੈ।"

"ਹਾਂ, ਉੱਥੇ ਤਾਂ ਇਹ ਸਭ ਕੁਝ ਹੁੰਦਾ ਹੀ ਰਹਿੰਦਾ ਹੈ," ਰੱਜੂ ਮਾਮੇ ਨੇ ਸਹਿਜ ਭਾਵ ਨਾਲ ਆਖਿਆ। ਇਕ ਛਿੰਨ ਡੈਨ ਦੀ ਯਾਦ ਮਨ ਵਿਚ ਪੈਦਾ ਹੋਈ ਤੇ ਡੁੱਬ ਗਈ। ਉਹ ਸਭ ਕੁਝ ਤਾਂ ਕਦੋਂ ਦਾ ਖਤਮ ਹੋ ਚੁੱਕਾ ਹੈ।

"ਤਾਂ ਰਾਧਿਕਾ", ਰੱਜੂ ਮਾਮੇ ਨੇ ਟੁੱਟੀ ਤੰਦ ਫੜੀ, “ਹੁਣ ਤੈਨੂੰ ਭਵਿੱਖ ਨੂੰ ਸਪਸ਼ਟ ਨਜ਼ਰ ਦੇਖਣਾ ਚਾਹੀਦਾ ਹੈ। ਮੈਂ ਤੈਨੂੰ ਸਲਾਹ ਦੇਣ ਦੇ ਯੋਗ ਨਹੀਂ, ਤੂੰ ਮੇਰੇ ਤੋਂ ਵੱਧ ਕਾਬਿਲ ਹੋ ਗਈ ਹੈ......।"

"ਰੱਜੂ ਮਾਮਾ।" ਵਿਰੋਧ ਦੇ ਸਵਰ ਵਿਚ ਰਾਧਿਕਾ ਨੇ ਆਖਿਆ। ਰਿਕਸ਼ਾ ਖੱਬੇ ਪਾਸੇ ਮੁੜ ਗਿਆ ਤੇ ਮੁਕਾਬਲਤਨ ਚੌੜੀ ਸੜਕ ਤੇ ਆ ਗਿਆ।

"ਇੱਥੇ ਤਾਂ ਅਸੀਂ ਲੋਕ ਬਚਪਨ ਵਿਚ ਆਇਆ ਕਰਦੇ ਸਾਂ।" ਰਾਧਿਕਾ ਨੇ ਆਖਿਆ।

"ਹਾਂ, ਜਿਨ੍ਹਾਂ ਦਿਨਾਂ ਵਿਚ ਅਮਲਤਾਸ ਨੂੰ ਫੁੱਲ ਲੱਗਦੇ ਹਨ, ਇਹ ਰਾਹ ਬੜਾ ਚੰਗਾ ਲੱਗਦਾ ਹੈ,"

"ਤੁਹਾਨੂੰ ਯਾਦ ਹੈ, ਮਾਮਾ, ਇਕ ਵਾਰ ਦਿਲਕੁਸ਼ਾਂ ਦੇ ਖੰਡਰਾਂ ਵਿਚ ਇਕ ਸੱਪ ਤੇ ਮੇਰਾ ਪੈਰ ਆ ਗਿਆ ਸੀ।"

ਰੱਜੂ ਮਾਮੇ ਨਾਲ ਉਹ ਆਪ ਹੱਸੀ। ਗੱਲ ਉੱਥੇ ਹੀ ਰੁਕ ਗਈ।

ਰਿਕਸ਼ਾ ਰੋਕ ਕੇ ਜਦੋਂ ਤੱਕ ਰੱਜੂ ਮਾਮੇ ਨੇ ਪੈਸੇ ਦਿੱਤੇ, ਫਾਟਕ ਖੋਲ੍ਹ ਕੇ ਰਾਧਿਕਾ ਅੰਦਰ ਚਲੀ ਗਈ। ਕਾਰ-ਪੋਰਚ ਹੁਣੇ ਹੀ ਬਣਿਆ ਜਾਪਦਾ ਸੀ, ਅੰਦਰ ਆਉਂਦੀ ਸੜਕ ਦੇ ਦੋਨੋਂ ਪਾਸੇ ਨੇੜੇ-ਤੇੜੇ ਗੁਲਦਾਉਂਦੀ ਦੇ ਗਮਲੇ ਰੱਖੇ ਹੋਏ ਸਨ, ਤਾਂ ਕਈ ਸੈਂਕੜੇ ਹੋਣਗੇ।

ਵਰਾਂਡੇ ਵਿਚ ਜਿਸ ਚੁੱਪ ਨੇ ਉਸ ਦਾ ਸਵਾਗਤ ਕੀਤਾ, ਉਸ ਨਾਲ ਉਹ ਥੋੜ੍ਹੀ ਠੰਠਬਰ ਗਈ। ਬਾਗ਼ ਵਿਚ ਕੰਮ ਕਰਦੇ ਹੋਏ ਮਾਲੀ ਨੇ ਮਾਮਾ ਨੂੰ ਪਛਾਣ ਕੇ ਨਮਸਕਾਰ ਕੀਤੀ ਤੇ ਦੱਸਿਆ ਕਿ ਬਾਬੂ ਜੀ ਪਰਿਵਾਰ ਸਮੇਤ ਕਲੱਕਤੇ ਗਏ ਹਨ। ਹਫ਼ਤੇ ਤੱਕ ਵਾਪਸ ਆਉਣਗੇ।

ਰਾਧਿਕਾ ਨੂੰ ਕਾਫ਼ੀ ਬੁਰਾ ਲੱਗਾ। ਮੁੜਕੇ ਮਾਮੇ ਨੂੰ ਆਖਿਆ, "ਲੱਗਦਾ ਹੈ ਮੈਂ ਚੰਗੇ ਸ਼ਗਨ ਵੇਲੇ ਨਹੀਂ ਨਿਕਲੀ।"

ਗਮਲਿਆਂ ਪਾਸ, ਕੁਝ ਦੁਬਿਧਾ ਵਿਚ ਖੜੇ ਮਾਮੇ ਨੇ ਕਿਹਾ,' ਚਲੋ, ਹੁਣ ਇਸ ਬਹਾਨੇ ਰੁਕਣਾ ਪਏਗਾ।'

ਰਾਧਿਕਾ ਨੇ ਫਾਟਕ ਵੱਲ ਵਧਦਿਆਂ ਹੋਇਆ ਆਖਿਆ, "ਦੇਖੀ ਜਾਏਗੀ,ਕਿ ਤੁਸੀਂ ਰਿਕਸ਼ਾ ਵਾਪਸ ਕਰ ਦਿੱਤਾ ?"

ਰਿਕਸ਼ੇ ਵਾਲਾ ਅੱਜੇ ਨਹੀਂ ਸੀ ਗਿਆ, ਉਸੇ ਰਿਕਸ਼ੇ ਵਾਲੇ ਨੂੰ ਲੈ ਕੇ ਦੋਨੋਂ ਵਾਪਸ ਮੁੜੇ। ਰਾਹ ਵਿਚ ਰੁਕ ਕੇ ਰਾਧਿਕਾ ਨੇ ਬੱਚਿਆਂ ਲਈ ਥੋੜ੍ਹੀਆਂ ਜਿਹੀਆਂ ਚੀਜ਼ਾਂ, ਫਲ, ਮਠਿਆਈ ਆਦਿ ਲਈਆਂ ਤੇ ਬਾਕੀ ਰਾਹ ਚੁੱਪ ਹੀ ਕੱਟਿਆ।

ਸੁਨੀਤੀ ਮਾਮੀ ਦੇ ਪੁੱਛਣ ਤੇ 'ਬੜੀ ਛੇਤੀ ਵਾਪਸ ਆ ਗਏ' ਰਾਧਿਕਾ ਨੇ ਆਵਾਜ਼ ਵਿਚ ਸਹਜ-ਸੁਭਾਵਕਤਾ ਲਿਆ ਕੇ ਕਹਿ ਦਿੱਤਾ ਕਿ ਮਿਲੇ ਨਹੀਂ ਤੇ ਸਾੜੀ ਬਦਲਣ ਚਲੀ ਗਈ।

ਵੱਡੇ ਭਰਾ ਦੇ ਘਰ ਵਾਪਸ ਆ ਕੇ ਰਾਧਿਕਾ ਨੂੰ ਇਕ ਅਜੀਬ ਜਿਹੀ ਬੇਚੈਨੀ ਨੇ ਜਕੜ ਲਿਆ। ਕਮਰੇ ਵਿਚ ਉਹ ਇਕੱਲੀ ਸੀ ਤੇ ਬਾਹਰ ਉਦਾਸੀ ਭਰੀ ਸ਼ਾਮ। ਮਾਮਾ ਆਪਣੀ ਟਿਊਸਨ ਤੇ ਚਲੇ ਗਏ, ਮਾਸੀ ਮੂੰਹ ਲਪੇਟ ਕੇ ਆਪਣੀ ਰਾਧਾ ਸਵਾਮੀ ਦੀ ਪੂਜਾ ਵਿਚ ਲੀਨ ਹੋ ਗਈ। ਬੱਚੇ ਬੈਠਕ ਵਿਚ ਬੈਠੇ ਹੋਮਵਰਕ ਕਰ ਰਹੇ ਸਨ। ਕੁੱਝ ਦੇਰ ਮਗਰੋਂ ਰਾਧਿਕਾ ਰਸੋਈ ਵਿਚ ਗਈ ਤੇ ਪੀੜ੍ਹੀ ਤੇ ਬੈਠ ਗਈ। ਪਰ ਜਦੋਂ ਉਸ ਨੇ ਆਲੂ ਛਿਲਣ ਲਈ ਚੁੱਕੇ ਤਾਂ ਮਾਮੀ ਨੇ ਹੱਸ ਕੇ ਚਾਕੂ ਹੱਥੋਂ' ਲੈ ਲਿਆ ਅਤੇ ਆਖਿਆ, "ਤੁਸੀਂ ਜਾ ਕੇ ਆਰਾਮ ਕਿਉਂ ਨਹੀਂ ਕਰਦੇ ?"

ਤਦ ਰਾਧਿਕਾ ਉੱਠੀ ਤੇ ਆ ਕੇ ਮੰਜੇ ਤੇ ਬੈਠ ਗਈ। ਕਮਰੇ ਵਿਚ ਮਧੱਮ ਜਿਹਾ ਬਲਬ ਜਗ ਰਿਹਾ ਸੀ। ਸੜਕ ਦਾ ਸ਼ੋਰ ਸ਼ਾਂਤ ਸੀ, ਘੜੀ ਮੁੜੀ ਇਕ ਗਾਂ ਅੜਿੰਗਦੀ।

ਅਗਲੇ ਦਿਨ ਸਵੇਰੇ ਹੀ ਉਹ ਪਾਪਾ ਤੇ ਵਿਦਿਆ ਦੇ ਪਾਸ ਜਾ ਰਹੀ ਸੀ। ਮਾਫ਼ੀ ਮੰਗਣ ਲਈ ਉਹ ਪਾਪਾ ਨੂੰ ਕੀ ਆਖੇਗੀ, ਮਨ ਵਿਚ ਵਾਰ-ਵਾਰ ਇਸ ਲਈ ਸ਼ਬਦ ਗੂੰਜਣ ਲੱਗਦੇ। ਅਖੀਰੀ ਵਾਰ ਜਦੋਂ ਉਹ ਉਸ ਘਰ ਤੋਂ ਆਈ ਸੀ, ਪਾਪਾ ਸਵੇਰੇ ਹੀ ਘਰੋਂ ਚਲੇ ਗਏ ਸਨ। ਅਤੇ ਇਹ ਸਭ ਕੁੱਝ ਕੇਵਲ ਪਾਪਾ ਜੀ ਤੋਂ ਬਦਲਾ ਲੈਣ ਲਈ ਹੋਇਆ। ਡੈਨ ਤਾਂ ਜੀਵਨ ਵਿਚ ਇਸ ਲਈ ਕਾਰਣ ਬਣ ਗਿਆ ਸੀ।

ਡੈਨੀਅਨ ਪੀ ਟਰਸਨ ਭਾਰਤ ਵਿਚ ਸ਼ਿਕਾਗੋ ਦੇ ਇਕ ਅਖ਼ਬਾਰ ਦਾ ਪੱਤਰ ਪ੍ਰੇਰਕ ਬਣ ਕੇ ਆਇਆ ਸੀ। ਉਨ੍ਹੀਂ ਦਿਨੀਂ ਆਪਣੀ ਮਰਜ਼ੀ ਨਾਲ ਇਕ ਸਾਲ ਦੀ ਛੁੱਟੀ ਲੈ ਕੇ ਫੈਜ਼ਾਬਾਦ ਰੋਡ ਦੀ ਇਕ ਪੁਰਾਣੀ ਕੋਠੀ ਵਿਚ ਰਹਿ ਰਿਹਾ ਸੀ ਅਤੇ ਵਿਦੇਸ਼ੀਆਂ ਲਈ ਇਕ ਭਾਰਤ ਦਰਸ਼ਨ ਨਾਂ ਦੀ ਕਿਤਾਬ ਲਿਖ ਰਿਹਾ ਸੀ। ਰਾਧਿਕਾ ਵੀ ਉਹਨਾਂ ਦਿਨਾਂ ਵਿਚ ਪਾਪਾ ਦੀ ਇਕ ਕਿਤਾਬ ਲਈ ਖੋਜ ਕਰਨ ਅਕਸਰ ਲਾਇਬਰੇਰੀ ਜਾਂ ਪੁਰਾਤਤਵ ਵਿਭਾਗ ਦੀ ਲਾਇਬਰੇਰੀ ਜਾਂਦੀ ਅਤੇ ਉੱਥੇ ਹੀ ਡੈਨ ਨਾਲ ਉਸ ਦੀ ਵਾਕਫੀਅਤ ਹੋਈ ਸੀ। ਆਪਣੀ ਉਮਰ ਦੇ ਹਰ ਵਿਦਿਆਰਥੀ ਵਾਂਗ ਰਾਧਿਕਾ ਦਾ ਵੀ ਵਿਦੇਸ਼ ਯਾਤਰਾ ਲਈ ਇਕ ਸੁਪਨਾ ਸੀ ਪਰ ਉਸ ਨੇ ਇਸ ਪਾਸੇ ਕੋਈ ਯਤਨ ਨਹੀਂ ਸੀ ਕੀਤਾ। ਉਹ ਖਿਆਲਾਂ ਵਿਚ ਡੁੱਬੀ ਰਹਿੰਦੀ ਤੇ ਫਿਰ ਜਾਪਦਾ ਕਿ ਘਰ ਦੀ ਅਸਹਿ ਹੋਈ ਸਥਿਤੀ ਤੋਂ ਬਚਣ ਦਾ ਇਹ ਇਕ ਵਧੀਆ ਤਰੀਕਾ ਹੋ ਸਕਦਾ ਹੈ। ਡੈਨ ਨੇ ਉਸ ਨੂੰ ਇਸ ਸੁਪਨੇ ਨੂੰ ਸਾਕਾਰ ਰੂਪ ਦੇਣ ਲਈ ਸਹਾਇਤਾ ਦਾ ਵਾਇਦਾ ਕੀਤਾ ਤੇ ਜਦੋਂ ਸ਼ਿਗਾਗੋ ਯੂਨੀਵਰਸਿਟੀ ਵਿਚ ਉਸ ਦਾ ਦਾਖ਼ਲਾ ਹੋ ਗਿਆ ਤਾਂ ਰਾਧਿਕਾ ਉਸ ਲਈ ਧੰਨਵਾਦ ਦੇ ਭਾਵ ਨਾਲ ਭਰ ਗਈ। ਪਰ ਉਦੋਂ ਵੀ ਸਮੱਸਿਆ ਸੀ ਉੱਥੇ ਰਹਿ ਕੇ ਜੀਵਨ ਨਿਰਵਾਹ ਦੀ, ਕਿਉਂਕਿ ਜੋ ਅੰਸ਼ਿਕ ਵਜ਼ੀਫ਼ਾ ਉਸ ਨੂੰ ਮਿਲਿਆ ਸੀ, ਉਹ ਤਾਂ ਸਿਰਫ਼ ਨਾਂ ਮਾਤਰ ਹੀ ਸੀ।

ਤੱਦ ਡੈਨ ਵਲੋਂ ਸੁਝਾ ਆਇਆ ਕਿ ਕਿਉਂ ਨਾ ਰਾਧਿਕਾ ਸ਼ਿਕਾਗੋ ਵਿਚ ਉਸ ਨੂੰ ਪੁਸਤਕ ਲਿਖਣ ਲਈ ਸਹਾਇਤਾ ਦੇਵੇ। ਸਾਰੀ ਸਮੱਗਰੀ ਇਕੱਠੀ ਕਰਨ ਮਗਰੋਂ ਡੈਨ ਨੂੰ ਇਕ ਭਾਰਤੀ  ਸਹਾਇਕ ਦੀ ਜ਼ਰੂਰਤ ਤਾਂ ਹੋਵੇਗੀ ਹੀ।

ਰਾਧਿਕਾ ਨਿਰਛਲ ਰੂਪ ਵਿਚ ਇਸ ਨਾਲ ਸਹਿਮਤ ਹੋ ਗਈ ਸੀ। ਡੈਨ ਦੀ ਸ਼ਖ਼ਸੀਅਤ ਤੋਂ ਉਹ ਪ੍ਰਭਾਵਿਤ ਸੀ। ਉਮਰ ਵਿਚ ਉਹ ਉਸ ਨਾਲੋਂ ਉਨੀ ਵੀਹ ਸਾਲ ਵੱਡਾ ਹੋਵੇਗਾ। ਗਰਮ ਜਲਵਾਯੂ ਵਿਚ ਉਸ ਦਾ ਰੰਗ ਤਪ ਕੇ ਤਾਂਬੇ ਵਰਗਾ ਹੋ ਗਿਆ ਸੀ ਅਤੇ ਉਸ ਰੰਗ ਵਿਚ ਸਲੇਟੀ ਅੱਖਾਂ ਦੀ ਨਜ਼ਰ ਅੰਤਿਅੰਤ ਵਿੰਨ੍ਹ ਦੇਣ ਵਾਲੀ ਲੱਗਦੀ ਸੀ। ਉਹ ਜਦੋਂ ਕੰਮ ਵਿਚ ਰੁਝਾ ਰਹਿੰਦਾ ਤਾਂ ਉਸ ਦੀ ਮੂਕ ਲੀਨਤਾ ਤੋਂ ਰਾਧਿਕਾ ਸਹਿਮ ਜਾਂਦੀ ਤੇ ਜਦੋਂ ਮੌਕਾ ਆਉਂਦਾ ਤਾਂ ਉਹ ਰਾਧਿਕਾ ਤੋਂ ਵੀ ਉਸੇ ਤਰ੍ਹਾਂ ਕੰਮ ਲੈਂਦਾ।

ਕਿ ਉਹ ਕਦੇ ਡੈਨ ਦੇ ਕੰਮ ਲਈ ਵੀ ਲਾਇਬਰੇਰੀ ਚਲੀ ਜਾਂਦੀ ਹੈ। ਇਹ ਰਾਧਿਕਾ ਨੇ ਪਾਪਾ ਨੂੰ ਨਹੀਂ ਦੱਸਿਆ ਸੀ। ਉਹ ਬਿਨਾ ਦੱਸੇ ਹੀ ਜਾਣਦੀ ਸੀ ਕਿ ਪਾਪਾ ਨੂੰ ਇਹ ਚੰਗਾ ਨਹੀਂ ਲੱਗੇਗਾ। ਵਿਦੇਸ਼ੀਆਂ ਤੋਂ ਉਹ ਵੈਸੇ ਵੀ ਕੁਝ ਚਿੜਦੇ ਸਨ। ਤੇ ਰਾਧਿਕਾ ਨੇ ਇਕ ਦੋ ਵਾਰ ਡੈਨ ਨੂੰ ਘਰ ਸੱਦਾ ਵੀ ਦਿੱਤਾ ਤਾਂ ਵੀ, ਗੱਲਬਾਤ ਵਿਚ ਹਿੱਸਾ ਲੈਂਦਿਆ ਹੋਇਆ ਵੀ, ਉਨ੍ਹਾਂ ਨੇ ਥੋੜ੍ਹੀ ਵਿੱਥ ਕਾਇਮ ਰੱਖੀ। ਫਿਰ ਵੀ ਆਪਣੇ ਦੇਸ਼ ਵਿਚ ਆਏ ਪ੍ਰਾਹੁਣੇ ਵੱਲ ਉਹ ਉਦਾਰ ਸਨ ਤੇ ਉਹਨਾਂ ਦਾ ਵਰਤਾਉ ਕਾਫ਼ੀ ਗੰਭੀਰ ਸੀ।

ਤਿੰਨ ਵਜੇ ਤਕ ਲਾਇਬਰੇਰੀ ਵਿਚ ਬੈਠਣਾ ਤੇ ਫਿਰ ਡੈਨ ਨਾਲ ਉਸ ਦੇ ਘਰ ਚਾਹ ਪੀਣ ਚਲੇ ਜਾਣਾ ਰਾਧਿਕਾ ਦਾ ਨੇਮ ਬਣ ਗਿਆ ਸੀ। ਉਸ ਵੇਲੇ ਡੈਨ ਦੇ ਨੌਕਰਾਂ ਵਿਚੋਂ ਸਿਰਫ਼ ਇਕ ਬੁੱਢਾ ਬੈਰਾ ਹੀ ਰਹਿੰਦਾ ਜੋ ਅੰਗਰੇਜ਼ੀ ਦਾ ਇਕ ਸ਼ਬਦ ਵੀ ਨਹੀਂ ਸੀ ਸਮਝਦਾ। ਡੈਨ ਨੂੰ ਹਿੰਦੀ ਨਹੀਂ ਸੀ ਆਉਂਦੀ ਪਰ ਕੰਮ ਠੀਕ ਰੂਪ ਵਿਚ ਚੱਲ ਜਾਂਦਾ ਸੀ। ਸਰਦੀਆਂ ਦੀ ਇਕ ਦੁਪਹਿਰ ਵਿਚ ਲਾਅਨ ਵਿਚ ਬੈਠੇ ਚਾਹ ਪੀਂਦਿਆਂ ਡੈਨ ਨੇ ਆਪਣੀ ਪਤਨੀ ਬਾਰੇ ਉਸ ਨੂੰ ਦੱਸਿਆ ਸੀ। ਭਾਰਤ ਉਸ ਨੂੰ ਰਾਸ ਨਹੀਂ ਆਇਆ ਸੀ, ਜਦੋਂ ਤਕ ਡੈਨ ਦਿੱਲੀ ਰਿਹਾ, ਉਸ ਨਾਲ ਨਿਭੀ ਵੀ ਪਰ ਲਖਨਊ ਆਉਂਦੇ ਸਮੇ ਪਤਨੀ ਨੇ ਸਾਫ਼ ਜਵਾਬ ਦੇ ਦਿੱਤਾ। ਇਕ ਕਾਰਨ ਇਹ ਵੀ ਸੀ, ਡੈਨ ਨੇ ਬੜੇ ਸ਼ਾਂਤ ਭਾਵ ਨਾਲ ਦੱਸਿਆ ਕਿ ਜੈਪੁਰ ਦੀ ਯਾਤਰਾ ਦੌਰਾਨ ਉਸ ਦੀ ਮੁਲਾਕਾਤ ਇਕ ਹੰਗਰੀਅਨ ਨਾਲ ਹੋ ਗਈ ਅਤੇ ਡੈਨ ਦੇ ਜਾਣੇ ਬਿਨਾ ਉਸ ਨੇ ਕਾਫ਼ੀ ਸਮਾਂ ਉਸ ਨਾਲ ਵੀ ਬਿਤਾਇਆ। ਹੰਗਰੀਅਨ ਅਮਰੀਕਾ ਆਉਣਾ ਚਾਹੁੰਦਾ ਹੈ ਅਤੇ ਉਸ ਲਈ ਅਮਰੀਕਨ ਪਤਨੀ ਵਰਦਾਨ ਸਿੱਧ ਹੋਵੇਗੀ। ਸਾਰੀਆਂ ਗੱਲਾਂ ਸੋਚ ਕੇ ਡੈਨ ਤੇ ਉਸ ਦੀ ਪਤਨੀ ਵੱਖ-ਵੱਖ ਰਹਿੰਦੇ ਹਨ। ਉਹ ਵਾਪਸ ਚਲੀ ਗਈ ਹੈ ਤੇ ਡੈਨ ਦੇ ਵਾਪਸ ਜਾਣ ਤੇ ਉਹ ਆਪਣੇ ਸੰਬੰਧ ਤੋੜ ਲੈਣਗੇ। ਬੱਚਾ ? ਉਹ ਦੋਨਾਂ ਪਾਸ ਆਉਂਦਾ ਜਾਂਦਾ ਰਹੇਗਾ।

ਰਾਧਿਕਾ ਕਈ ਦਿਨ ਇਨ੍ਹਾਂ ਸਬੰਧਾਂ ਬਾਰੇ ਸੋਚਦੀ ਰਹੀ। ਕਿਹੋ ਜਿਹਾ ਹੋਵੇਗਾ ਉਹ ਦੇਸ਼ ਜਿੱਥੇ ਲੋਕ ਐਨੀ ਆਸਨੀ ਨਾਲ ਸਾਥੀ ਬਦਲ ਲੈਂਦੇ ਹਨ, ਕੀ ਸਖਣਾਪੁਣਾ ਹਿਰਦੇ ਵਿਚ ਚੁਭਦਾ ਨਹੀਂ ਰਹਿੰਦਾ ? ਉਹ ਤਾਂ ਪਾਪਾ ਨੂੰ ਹੀ ਮਾਫ਼ ਨਹੀਂ ਕਰ ਸਕੀ ? ਇਸ ਬਾਰੇ ਦੱਸਣ ਤੇ ਡੈਨ ਹੱਸਿਆ।

"ਕਾਰਨ ਤੁਹਾਡੀ ਸ਼ਖ਼ਸੀਅਤ ਤੇ ਵਾਤਾਵਰਣ ਹੈ ਰਾਧਿਕਾ," ਦੋਨੋਂ ਦੋ ਕੱਪ ਚਾਹ ਪੀ ਹਟੇ ਸਨ। ਡੈਨ ਦਾ ਮੂੰਹ ਧੁੱਪ ਵੱਲ ਨੂੰ ਸੀ ਤੇ ਰਾਧਿਕਾ ਨੇ ਆਪਣੀ ਖੱਬੀ ਹਥੇਲੀ ਨਾਲ ਚਿਹਰੇ ਨੂੰ ਓਟ ਵਿਚ ਕੀਤਾ ਹੋਇਆ ਸੀ, ਚਮਕ ਤੋਂ ਬਚਣ ਲਈ। ਉਹ ਡੈਨ ਦੀ ਗੱਲ ਨੂੰ ਬੜੇ ਧਿਆਨ ਨਾਲ ਸੁਣ ਰਹੀ ਸੀ।

"ਮਾਂ ਦੇ ਮਰਨ ਮਗਰੋ ਤੁਹਾਡਾ ਪਿਤਾ ਵੱਲ ਸੰਬੰਧ ਬਹੁਤ ਕੁਝ ਅਬਨਾਰਮਲ ਹੋ ਗਿਆ। ਜੇਕਰ ਭਾਰਤੀ ਵਾਤਾਵਰਣ ਵਿਚ ਤੁਹਾਨੂੰ ਮੁੱਢ ਤੋਂ ਹੀ ਜਵਾਨ ਮਿੱਤਰ ਬਣਾਉਣ ਦੀ ਸਹੂਲਤ ਹੁੰਦੀ ਤਾਂ ਅਜਿਹਾ ਨਾ ਹੁੰਦਾ। ਉਦੋਂ ਤੁਹਾਨੂੰ ਖੁਸ਼ੀ ਹੀ ਹੁੰਦੀ ਕਿ ਤੁਹਾਡੇ ਪਿਤਾ ਨੇ ਜੀਵਨ ਵਿਚ ਫਿਰ ਸੁੱਖ ਪਾਇਆ ਹੈ।"

ਰਾਧਿਕਾ ਇਹਨਾਂ ਸਾਰੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਦੀ ਸੀ। ਉਸ ਦੇ ਚਰਿੱਤਰ ਦਾ ਇਉਂ ਕਿਸੇ ਨੇ ਵਿਸ਼ਲੇਸ਼ਣ ਨਹੀਂ ਸੀ ਕੀਤਾ।

"ਕਿਉਂ, ਬਚਪਨ ਵਿਚ ਤੁਹਾਡੇ ਸੰਗੀ ਸਾਥੀ ਸਨ।"

"ਨਹੀ।"

"ਸਕੂਲ ਵਿਚ ?"

"ਸੀ, ਪਰ ਘੱਟ।"

"ਤੁਹਾਨੂੰ ਉਨ੍ਹਾਂ ਦੇ ਘਰ ਆਉਣ ਜਾਣ ਦੀ ਸਹੂਲਤ ਸੀ"

"ਤੁਸੀਂ ਤਾਂ ਜਿਰਹ ਕਰ ਰਹੇ ਹੋ।"

ਤਾਂ ਡੈਨ ਹੱਸਿਆ ਤੇ ਬੋਲਿਆਂ," ਨਹੀਂ ਰਾਧਿਕਾ, ਮੈਂ ਤੁਹਾਨੂੰ ਇਹ ਜਿਤਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਤੁਸੀਂ ਆਪਣੇ ਹੀ ਬਣਾਏ ਦੁੱਖ ਤੇ ਘੇਰੇ ਵਿਚ ਆਪਣੇ ਆਪ ਨੂੰ ਜਕੜ ਲਿਆ ਹੈ। ਠੀਕ ਹੈ, ਪਿਤਾ ਨੇ ਦੂਸਰਾ ਵਿਆਹ ਕਰ ਲਿਆ। ਤੁਸੀਂ ਵੀ ਸੀਮਾਵਾ,'ਚੋਂ ਨਿਕਲੋ, ਦੁਨੀਆਂ ਦੇਖੋ, ਆਪਣੀਆਂ ਸੰਭਾਵਨਾਵਾਂ ਨੂੰ ਵਿਕਸਿਤ ਕਰੋ। ਕਿਸੇ ਜਵਾਨ ਆਦਮੀ ਨਾਲ...।"

"ਮੈਨੂੰ ਜਵਾਨ ਆਦਮੀ ਬਹੁਤ ਅਪ੍ਰੌੜ ਲੱਗਦੇ ਹਨ"

"ਇਸ ਲਈ ਕਿ ਤੁਸੀਂ ਹਰ ਇਕ ਵਿਚ ਆਪਣੇ ਪਿਤਾ ਵਰਗੀ ਮਾਨਸਿਕ ਪ੍ਰੌੜਤਾ ਲੱਭਦੇ ਹੋ। ਪਤਾ ਹੈ ਤੁਸੀਂ ਮੇਰੇ ਨਾਲ ਇੰਨੇ ਫ਼ਰੀ ਕਿਉਂ ਹੋ ?"

"ਕਿਉਂ?" ਰਾਧਿਕਾ ਨੇ ਪੁੱਛਿਆ।

"ਕਿਉਂਕਿ ਤੁਹਾਨੂੰ ਮੇਰੇ ਵਿਚ ਆਪਣੇ ਪਿਤਾ ਦਾ ਪ੍ਰਤਿਬਿੰਬ ਮਿਲਦਾ ਹੈ। ਠੀਕ ਹੈ ਨਾ ?"

"ਬਿੱਲਕੁਲ ਗਲਤ," ਰਾਧਿਕਾ ਨੇ ਉੱਚੀ ਆਵਾਜ਼ ਵਿਚ ਵਿਰੋਧ ਕੀਤਾ। ਪਰ ਅਜਿਹੀ ਹੀ ਹੋਰ ਗੱਲਬਾਤ ਮਗਰੋਂ ਉਸ ਨੇ ਮਨ ਵਿਚ ਇਹ ਵਿਸ਼ਵਾਸ ਦ੍ਰਿੜ੍ਹ ਹੁੰਦਾ ਗਿਆ ਕਿ ਉਸ ਨੂੰ ਡੈਨ ਦੀ ਗੱਲ ਮੰਨ ਕੇ ਇਕ ਵਾਰੀ ਵਿਦੇਸ਼ ਜ਼ਰੂਰ ਜਾਣਾ ਚਾਹੀਦਾ ਹੈ।

ਵਿਦਿਆ ਉਨ੍ਹਾਂ ਦਿਨੀਂ ਯੂਨੀਵਰਸਿਟੀ ਵਿਚ ਸ਼ਾਮ ਦੀਆਂ ਕਲਾਸਾਂ ਲੈਂਦੀ ਸੀ, ਵਾਪਸ ਆਉਂਦਿਆਂ ਨੌਂ ਵੱਜ ਜਾਂਦੇ ਸਨ। ਥੱਕੀ ਵੀ ਐਨੀ ਹੁੰਦੀ ਕਿ ਖਾਣੇ ਮਗਰੋਂ ਬਹੁਤੀ ਦੇਰ

ਜਾਗਦੀ ਨਾ ਰਹਿੰਦੀ। ਰਾਧਿਕਾ ਅਕਸਰ ਦੇਰ ਤਕ ਪਾਪਾ ਦੀਆਂ ਹੱਥ-ਲਿਖਤਾਂ ਟਾਈਪ ਕਰਦੀ ਰਹਿੰਦੀ ਤੇ ਪਾਪਾ ਕਮਰੇ 'ਚ ਟਹਿਲਦੇ ਰਹਿੰਦੇ ਤੇ ਵਿਚ-ਵਿਚ ਆ ਕੇ ਰਾਧਿਕਾ ਦੇ ਮੋਢਿਆਂ ਉੱਪਰੋਂ ਝਾਕ ਕੇ ਦੇਖ ਲੈਂਦੇ। ਪਿਛਲੇ ਵਰ੍ਹੇ ਰਾਧਿਕਾ ਨੇ ਹਿਸਟਰੀ ਵਿਚ ਪਹਿਲਾ ਸਾਲ ਲੱਗਾ ਕੇ ਛੱਡ ਦਿੱਤਾ ਸੀ। ਰਾਧਿਕਾ ਜੇ ਨਿਸਚਾ ਕਰ ਲੈਂਦੀ ਹੈ, ਉਹੀ ਕਰਦੀ ਹੈ, ਇਹ ਜਾਣਦਿਆ ਹੋਇਆ ਕਿ ਕਿਸੇ ਨੇ ਦਬਾ ਨਹੀ ਪਾਇਆ।ਇਸ ਦੌਰਾਨ ਉਸ ਨੇ ਟਾਇਪ ਸਿਖ ਲਈ। ਵੱਖ-ਵੱਖ ਰੰਗਾਂ ਦੀਆਂ ਬੋਗਨਵੇਲੀਆਂ ਇਕੱਠੀਆਂ ਕਰਨ ਦਾ ਸ਼ੌਂਕ ਨਾ ਲਿਆ ਸੀ ਤੇ ਵਿਦੇਸ਼ੀ ਸਾਹਿਤ ਦੀਆਂ ਢੇਰ ਸਾਰੀਆਂ ਕਿਤਾਬਾਂ ਪੜ੍ਹ ਲਈਆਂ ਸਨ ਜਿਨ੍ਹਾਂ ਨੂੰ ਪੜ੍ਹਨਾ ਉਹ ਟਾਲਦੀ ਆ ਰਹੀ ਸੀ। ਰਾਤ ਦੇ ਪਹਿਲੇ ਪਹਿਰ ਵਿਚ ਪਾਪਾ ਦੀ ਸਟੱਡੀ ਵਿਚ ਕੰਮ ਕਰਦਿਆਂ ਹੋਇਆ ਰਾਧਿਕਾ ਨੂੰ ਇਹ ਜਾਣਕਾਰੀ ਭਲੀ-ਭਾਂਤ ਰਹਿੰਦੀ ਸੀ ਕਿ ਵਿਦਿਆ ਆਪਣੇ ਕਮਰੇ ਵਿਚ ਇੱਕਲੀ ਹੈ। ਤੇ ਇਸ ਨਾਲ ਥੋੜ੍ਹਾ ਜਿਹਾ ਸੁੱਖ ਹੁੰਦਾ

ਆਤਮ ਵਿਸ਼ਲੇਸ਼ਣ ਦੇ ਇਕ ਛਿੰਨ ਵਿਚ ਉਸ ਨੇ ਡੈਨ ਨੂੰ ਇਹ ਆਖ ਦਿੱਤਾ ਤੇ ਡੈਨ ਨੇ ਹੱਸਦਿਆਂ ਹੋਇਆ ਆਖਿਆ, "ਰਾਧਿਕਾ ਇਹ ਤਾਂ ਬਿੱਲਕੁਲ ਬੱਚਿਆਂ ਵਾਲੀ ਗੱਲ ਹੋਈ ਕਿ ਤੁਸੀਂ ਜਦ ਤਕ ਕੰਮ ਕਰੋਗੇ, ਤੁਹਾਡੇ ਪਿਤਾ ਕਮਰੇ ਵਿਚ ਹੀ ਰਹਿਣਗੇ ਤੇ ਤੁਹਾਡੀ ਮਤ੍ਰੇਈ ਮਾਂ..."

ਰਾਧਿਕਾ ਨੇ ਟੇਢੀ ਨਜ਼ਰ ਨਾਲ ਡੈਨ ਵੱਲ ਦੇਖਿਆ "ਕੀ ਕੋਈ ਵੀ ਰਿਸ਼ਤਾ ਤੁਹਾਡੇ ਲਈ ਪਵਿੱਤਰ ਨਹੀਂ ਹੈ ?"

ਪਰ ਡੈਨ ਹਮੇਸ਼ਾ ਸੋਚਣ ਲਈ ਮਜ਼ਬੂਰ ਕਰਦਾ ਹੈ। ਡੈਨ ਨੇ ਹੀ ਇਸ ਗੱਲ ਤੇ ਜ਼ੋਰ ਦਿੱਤਾ ਸੀ ਕਿ ਪਾਪਾ ਨੂੰ ਸਭ ਕੁਝ ਦਸ ਦਿਆਂ, ਇਹ ਵੀ ਕਿ ਉਹ ਸ਼ਿਗਾਗੋ ਵਿਚ ਡੈਨ ਦੀ ਸਹਾਇਕ ਦੇ ਰੂਪ ਵਿਚ ਕੰਮ ਕਰਨਾ ਚਾਹੁੰਦੀ ਹੈ।

ਪਾਪਾ ਭਾਵਕ ਘੱਟ ਹੀ ਹੁੰਦੇ ਹਨ। ਜੀਵਨ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਬੜਾ ਉਦਾਰ ਤੇ ਸੁਲਝਿਆ ਹੋਇਆ ਹੈ। ਸ਼ਖਸੀਅਤ ਦੇ ਪੂਰੇ ਵਿਕਾਸ ਵਿਚ ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਹੈ, ਇਸ ਲਈ ਰਾਧਿਕਾ ਪੂਰੇ ਸ਼ਹਿਰ ਵਿਚ ਆਜ਼ਾਦ ਹਵਾ ਦੇ ਬੁਲਿਆ ਵਾਂਗ ਡੋਲਦੀ ਫ਼ਿਰਦੀ ਹੈ। ਪਰ ਰਾਧਿਕਾ ਦੀ ਇਹ ਗੱਲ ਸੁਣ ਕੇ ਜੋ ਧਮਾਕਾ ਹੋਇਆ, ਉਸ ਨੂੰ ਉਹ ਬਹੁਤ ਦੇਰ ਨਹੀਂ ਭੁਲੇਗੀ ਰਾਧਿਕਾ ਮੂਰਖਤਾ ਤੇ ਅਗਿਆਨ ਵਿਚ ਆਪਣਾ ਜੀਵਨ ਨਸ਼ਟ ਕਰ ਲਵੇਗੀ, ਪਾਪਾ ਨੇ ਕਈ ਵਾਰ ਆਖਿਆ। ਰਾਧਿਕਾ ਤੋਂ ਇਹ ਸਭ ਸੁਣਿਆ ਹੀ ਨਹੀਂ

ਗਿਆ। ਇਕ ਅਜਿਹੀ ਤਲਖ਼ੀ ਤੇ ਬਗ਼ਾਵਤ ਨਾਲ ਉਸਦਾ ਮਨ ਭਰ ਉਠਿਆ ਸੀ ਕਿ ਪਾਪਾ ਦੀ ਕੋਈ ਗੱਲ, ਕੋਈ ਸੈਟੀਮੈਂਟ ਉਸ ਨੂੰ ਛੁਹ ਨਹੀਂ ਸੀ ਸਕਿਆ।ਉਹ ਕੁਰਸੀ ਖੁਰਚਦੀ ਰਹੀ ਤੇ ਮੂੰਹ ਵਿਚ ਹੀ ਬੁੜਬੜਾਂਦੀ ਰਹੀ; ਲਓ ਹੁਣ ਤੁਹਾਨੂੰ ਵੀ ਪਤਾ ਲੱਗ ਗਿਆ ਨਾ, ਡੇਢ ਵਰ੍ਹਾਂ ਪਹਿਲਾਂ ਵਿਦਿਆਂ ਨਾਲ ਜਦੋਂ ਆਪ ਨੇ ਵਿਆਹ ਕਰ ਲਿਆ ਸੀ, ਉਦੋਂ ਤੋਂ ਮੈਨੂੰ ਕਿਹੋ ਜਿਹਾ ਮਹਿਸੂਸ ਹੁੰਦਾ ਆਇਆ ਹੈ। ਸੋਚਦੀ ਰਹੀ ਅਤੇ ਹੈਰਾਨ ਹੁੰਦੀ ਰਹੀ ਕਿ ਪਾਪਾ ਦੀ ਇਸ ਪੀੜਾ ਨਾਲ ਉਹ ਰੱਤੀ ਭਰ ਵੀ ਪਿਘਲੀ ਕਿਉਂ ਨਹੀਂ ?

ਅਤੇ ਉਸ ਨੂੰ ਕੁਝ ਵੀ ਮਹਿਸੂਸ ਨਾ ਕਰਨ ਦੀ ਅਵਸਥਾ ਵਿਚ ਉਸ ਨੇ ਥੋੜ੍ਹੀ ਜਿਹੀ ਤਿਆਰੀ ਕੀਤੀ ਤੇ ਘਰੋਂ ਚਲੀ ਆਈ। ਵਿਦਿਆ ਇਸ ਸਾਰੇ ਝਗੜੇ ਵਿਚ ਇਕ ਸ਼ਬਦ ਨਹੀਂ ਬੋਲੀ। ਉਹੀ ਉਸ ਨਾਲ ਸਟੇਸ਼ਨ ਤੇ ਆਈ। ਬੜੀ ਸੰਖੇਪ ਵਿਦਾਈ, ਕੁਝ ਸ਼ਬਦ, ਪਰ ਰਾਧਿਕਾ ਉਸ ਵੇਲੇ ਡੈਨ ਬਾਰੇ ਸੋਚਣ ਲੱਗੀ ਸੀ ਜੋ ਏਥਨਜ਼ ਵਿਚ ਉਸਦੀ ਉਡੀਕ ਕਰ ਰਿਹਾ ਹੋਵੇਗਾ !

ਏਥਨਜ਼ ਤੋਂ ਉਹ ਰੋਮ ਗਏ ਸਨ; ਫਿਰ ਲੰਡਨ ਤੇ ਉੱਥੋਂ ਸਿੱਧੇ ਸ਼ਿਕਾਗੋ।

ਉਸ ਦਿਨ ਹਵਾਈ ਜਹਾਜ਼ ਅੱਧਾ ਘੰਟਾ ਸ਼ਿਕਾਗੋ ਦੇ ਅੱਡੇ ਤੇ ਘੁੰਮਦਾ ਰਿਹਾ; ਹਵਾਈ ਅੱਡੇ ਤੇ ਬਹੁਤ ਭੀੜ ਸੀ ਤੇ ਜਹਾਜ਼ ਉਤਰਨ ਨੂੰ ਦੇਰ ਲੱਗੀ।

ਰਾਧਿਕਾ ਖਿੜਕੀ ਨਾਲ ਮੂੰਹ ਲਗਾਈ ਸਾਹ ਰੋਕੀ ਬਾਹਰ ਦੇਖਦੀ ਰਹੀ। ਅਸੰਖਾ ਰੋਸ਼ਨੀਆਂ ਨੂੰ ਜੋ ਹੇਠਾਂ ਝਿਲਮਿਲਾ ਰਹੀਆਂ ਸਨ। ਆਕਾਸ਼ ਨਾਲ ਛੁਹਦੀਆਂ ਅਟਾਰੀਆਂ ਨਾਲ ਸਜਿਆ ਇਕ ਬੇਹੱਦ ਵਿਸ਼ਾਲ ਸ਼ਹਿਰ ਖੱਬੇ ਪਾਸੇ, ਕੁਝ ਅੱਗੇ ਚੱਲਕੇ ਇਕ ਲਾਈਟ ਹਾਊਸ ਜਿਸ ਤੋਂ ਰਾਧਿਕਾ ਨੂੰ ਪਤਾ ਲੱਗਾ ਕਿ ਇੱਥੇ ਰੋਸ਼ਨੀਆਂ ਦੀ ਕਤਾਰ ਰੁਕ ਗਈ ਹੈ ਤੇ ਅੰਧਕਾਰ ਹੈ, ਉੱਥੇ ਹੀ ਲੇਕ ਹੋਵੇਗੀ, ਲੇਕ ਮਿਸ਼ੀ ਗਨ !

ਨਾਲ ਦੀ ਸੀਟ ਤੇ ਡੈਨ ਬੜਾ ਬੇਪਰਵਾਹ ਜਿਹਾ ਸੋ ਗਿਆ। ਜਹਾਜ਼ ਦੇ ਬਾਰ ਪੈਰ ਰੱਖਦਿਆਂ ਹਵਾ ਦੇ ਬੁੱਲਿਆਂ ਨੇ ਰਾਧਿਕਾ ਨੂੰ ਛੁਹਿਆ, ਖੂਬ ਤਿੱਖੀ ਠੰਢੀ ਹਵਾ ਨੇ, ਜਿਸ ਨਾਲ ਉਹ ਇਕ ਦਮ ਕੰਬ ਗਈ। ਤੱਦ ਡੈਨ ਦੀ ਬਾਂਹ ਨੇ ਉਸ ਦੇ ਮੋਢਿਆ ਨੂੰ ਵੱਲ ਲਿਆ।

ਡੈਨ ਨੇ ਨਵਾਂ ਫਲੈਟ ਲਿਆ ਸੀ। ਉਸ ਦੀ ਪਤਨੀ ਅਜੇ ਵੀ ਵਾਸ਼ਿੰਗਟਨ ਰਹਿ ਰਹੀ ਸੀ।......ਮੰਜ਼ਲ ਦੇ ਇਸ ਫਲੈਟ ਦੀ ਬਾਲਕੋਨੀ ਲੇਕ ਵੱਲ ਸੀ। ਰਾਧਿਕਾ ਬਾਲਕੋਨੀ ਵਿਚੋਂ ਨਿਕਲ ਆਈ ਤੇ ਅੰਧਕਾਰ ਵਿਚ ਦੇਖਣ ਲੱਗੀ। ਲਾਈਟ ਹਾਊਸ 'ਚੋਂ ਤੇਜ਼ ਰੌਸ਼ਨੀ ਨਿਕਲ

ਰਹੀ ਸੀ ਤੇ ਮੁਕਾਬਲਤਨ ਸ਼ਾਮ ਦਾ ਵਾਤਾਵਰਣ ਹੋਣ ਕਾਰਨ ਘੜੀ-ਮੁੜੀ ਵੱਜਦੇ, ਕੋਰੇ ਦੇ ਭੋਂਪੂ ਦੀ ਆਵਾਜ਼ ਵੀ ਸੁਣਾਈ ਦੇ ਰਹੀ ਸੀ।

ਅੰਦਰ ਡੈਨ ਦੇ ਕਈ ਮਿੱਤਰ ਮਿਲਣ ਆ ਗਏ ਸਨ, ਪਤਾ ਨਹੀਂ ਕਿਉਂ ਉਹ ਉਨ੍ਹਾਂ ਦੇ ਸਾਹਮਣੇ ਜਾਣੋ ਕਤਰਾ ਰਹੀ ਸੀ। ਸਭ ਕੁਝ ਕਿੰਨਾ ਹੁਸੀਨ, ਕਿੰਨਾ ਅਦਭੁੱਤ ਤੇ ਨਵਾਂ ਸੀ।

ਰਾਧਿਕਾ ਦੇਰ ਤਕ ਉੱਥੇ ਹੀ ਖੜੀ ਰਹੀ, ਠੰਢ ਨਾਲ ਘੜੀ ਮੁੜੀ ਰੋਂਗਟੇ ਖੜੇ ਹੋ ਜਾਂਦੇ। ਪਰ ਉਹ ਅੰਦਰ ਨਹੀਂ ਗਈ, ਫਿਰ ਅਚਾਨਕ ਉਹ ਇਕ ਆਵਾਜ਼ ਸੁਣ ਕੇ ਚੌਂਕ ਗਈ "ਤੁਸੀਂ ਇੱਥੇ ਖੜੇ ਹੋ, ਅੰਦਰ ਤੁਹਾਡੀ ਉਡੀਕ ਹੋ ਰਹੀ ਹੈ।"

ਰਾਧਿਕਾ ਨੇ ਮੁੜ ਕੇ ਦੇਖਿਆ। ਹਿੰਦੀ ਸ਼ੁੱਧ ਸੀ, ਉਚਾਰਣ ਨਿਰਦੋਸ਼। ਫਿਰ ਕਈ ਲੋਕ ਇਕੱਠੇ ਬਾਲਕੋਨੀ ਵਿਚ ਆ ਗਏ ਤੇ ਕਿਸੇ ਨੇ ਕਮਰੇ ਦਾ ਪਰਦਾ ਖਿਸਕਾ ਦਿੱਤਾ ਤੇ ਰਾਧਿਕਾ ਦੇ ਚਾਰੇ ਪਾਸੇ ਕਾਫੀ ਸਾਰੀ ਰੌਸ਼ਨੀ ਪਸਰ ਗਈ।

ਡੈਨ ਨੇ ਉਸਦੀ ਜਾਣ ਪਛਾਣ ਕਰਵਾਈ, ਮਿੱਤਰਾਂ ਵਿਚ ਇਕ ਲੰਮਾ ਭਾਰਤੀ ਨੌਜਵਾਨ ਵੀ ਸੀ, ਸ਼ਾਇਦ ਆਪਣੀ ਪਤਨੀ ਨਾਲ। ਉਸ ਦੀ ਕੌਤਕ ਭਰੀ ਨਜ਼ਰ ਨਾ ਸਹਿ ਕੇ ਰਾਧਿਕਾ ਦੂਸਰਿਆਂ ਵੱਲ ਦੇਖਣ ਲੱਗੀ। ਡੈਨ ਨੇ ਉਸ ਨੌਜਵਾਨ, ਮਨੀਸ਼ ਤੇ ਰਾਧਿਕਾ ਲਈ ਕੋਈ ਕਮਰਾ ਲੱਭਣ ਦਾ ਬੋਝ ਪਾ ਦਿੱਤਾ।

ਡੈਨ ਦੇ ਮਿੱਤਰ ਕਾਫੀ ਦੇਰ ਤੱਕ ਬੈਠੇ ਰਹੇ। ਉਹ ਨਾਲ ਖਾਣ ਪੀਣ ਦੀਆਂ ਚੀਜ਼ਾਂ, ਕਾਫ਼ੀ, ਬਰਫ਼ ਆਦਿ ਲੈ ਆਏ ਸਨ। ਰਾਧਿਕਾ ਬਾਰੇ ਉਹਨਾਂ ਨੂੰ ਪਤਾ ਨਹੀਂ ਸੀ, ਪਰ ਕਈ ਵਰ੍ਹਿਆਂ ਮਗਰੋਂ ਡੈਨ ਦੇ ਵਾਪਸ ਆਉਣ ਤੇ ਉਹ ਦੀ ਪਹਿਲੀ ਸ਼ਾਮ ਇਕੱਲਿਆ ਨਹੀਂ ਕੱਟਣ ਦੇਣਾ ਚਾਹੁੰਦੇ ਸਨ। ਉਹਨਾਂ ਸਾਰਿਆਂ ਵਿਚ ਰਾਧਿਕਾ ਦੇ ਮਨ ਤੋਂ ਜੋ ਕੁਝ ਛੱਡ ਕੇ ਆਈ ਸੀ, ਸਭ ਦੀ ਯਾਦ ਮਿੱਟ ਗਈ। ਆਪਣੇ ਜੀਵਨ ਦੇ ਇਕ ਨਵੇਂ ਅਧਿਆਇ ਦੇ ਆਰੰਭ ਤੇ ਖੁਸ਼ ਸੀ। ਜਦੋਂ ਕਮਰਾ ਲੱਭਣ ਵਿਚ ਮਨੀਸ਼ ਨੇ ਢਿੱਲ ਕਰ ਦਿੱਤੀ ਤਾਂ ਵੀ ਉਸ ਨੂੰ ਬਹੁਤੀ ਚਿੰਤਾ ਨਹੀਂ ਸੀ। ਉਦੋਂ ਤੱਕ ਉਹ ਕਾਲੇ ਰੰਗ ਦੇ ਵਿਦਿਆਰਥੀਆਂ ਦੀਆਂ ਪਰੇਸ਼ਾਨੀਆਂ ਬਾਰੇ ਕਾਫ਼ੀ ਕੁੱਝ ਸੁਣ ਚੁੱਕੀ ਸੀ ਤੇ ਨਾਲ ਹੀ ਮਨ ਵਿਚ ਛੋਟਾ ਜਿਹਾ ਡਰ ਵੀ ਸੀ ਕਿ ਕਿੱਧਰੇ ਡੈਨ ਨੇ ਹੀ ਤਾਂ ਉਸ ਨੂੰ ਦੱਸੇ ਬਿਨਾਂ ਮਨੀਸ਼ ਨੂੰ ਰਾਧਿਕਾ ਲਈ ਵੱਖ ਜਗ੍ਹਾ ਲੱਭਣ ਤੋਂ ਮਨ੍ਹਾ ਤਾਂ ਨਹੀਂ ਕਰ ਦਿੱਤਾ।

ਸਾਲ ਪੂਰਾ ਵੀ ਨਹੀਂ ਸੀ ਹੋਇਆ ਕਿ ਡੈਨ ਨੇ ਉਸਨੂੰ ਬੜੇ ਠੰਢੇ ਸ਼ਾਂਤ ਸਵਰ ਵਿਚ ਆਖਿਆ ਕਿ ਮੈਨੂੰ ਇਕ ਵਾਰ ਫਿਰ ਪੂਰਬ ਜਾਣ ਦਾ ਮੌਕਾ ਮਿਲ ਰਿਹਾ ਹੈ ਅਤੇ ਮੈਂ ਸੋਚ ਰਿਹਾ ਹਾਂ ਕਿ ਆਪਣੀ ਮਨਜ਼ੂਰੀ ਦੇ ਦੇਵਾਂ। ਰਾਧਿਕਾ ਫਿਰ ਆਜ਼ਾਦ ਹੋ ਜਾਵੇਗੀ ਅਤੇ ਜਿਵੇਂ ਚਾਹੇਗੀ ਰਹਿ ਸਕੇਗੀ।

ਰਾਧਿਕਾ ਨੂੰ ਇਹ ਗ੍ਰਹਿਣ ਕਰਨ ਵਿਚ ਸਮਾਂ ਲੱਗਾ।

"ਤੁਹਾਨੂੰ ਨਵੀਂ ਤਰ੍ਹਾਂ ਐਡਜਸਟ ਕਰਨ ਵਿਚ ਸਮਾਂ ਲਗੇਗਾ, ਮੈਂ ਜਾਣਦਾ ਹਾਂ, ਮੈਥੋਂ ਵਿਛੜਨ ਤੇ ਦੁੱਖ ਵੀ ਹੈ, ਪਰ ਤੁਹਾਡੇ ਵਿਚ ਜਵਾਨੀ ਦੀ ਲਚਕ ਹੈ ਅਤੇ ਤੁਸੀਂ ਜਲਦੀ ਹੀ ਇਸ ਦੁੱਖ ਤੇ ਜਿੱਤ ਪ੍ਰਾਪਤ ਕਰ ਲਵੋਗੇ। ਮੈਂ ਤੁਹਾਨੂੰ ਰੀਜੈਕਟ ਨਹੀਂ ਕਰ ਰਿਹਾ ਹਾਂ, ਆਜ਼ਾਦ ਕਰ ਰਿਹਾ ਹਾਂ। ਤੁਹਾਨੂੰ ਆਪਣੇ ਨਾਲ ਜਾਣ ਲਈ ਇਸ ਕਰਕੇ ਨਹੀਂ ਆਖਦਾ ਕਿਉਂ ਕਿ ਤੁਸੀਂ ਕਦੇ ਇਕ ਛਿੰਨ ਲਈ ਵੀ ਪਿਆਰ ਨਹੀਂ ਕੀਤਾ। ਰਾਧਿਕਾ ਤੁਸੀਂ ਮੇਰੇ ਵਿਚ ਆਪਣਾ ਪਿਤਾ ਲੱਭ ਰਹੇ ਸੀ, ਉਹੀ ਪਿਤਾ ਜਿਸ ਨੂੰ ਦੁੱਖ ਦੇਣ ਲਈ ਤੁਸੀਂ ਮੇਰੇ ਨਾਲ ਚਲੇ ਆਏ ਸੀ। ਪਰ ਮੈਂ ਤੁਹਾਡੇ ਪਿਤਾ ਜੀ ਥਾਂ ਸਥਾਪਿਤ ਹੋਣਾ ਨਹੀਂ ਚਾਹਿਆ, ਮੈਂ ਤਾਂ ਆਜ਼ਾਦ ਵਿਅਕਤੀ ਹਾਂ।"

ਕੁੱਝ ਰੁਕ ਕੇ, "ਤੇ ਮੈਂ ਤੁਹਾਡੇ ਵਿਚ ਆਪਣੀ ਗਵਾਚੀ ਜਵਾਨੀ ਲੱਭ ਰਿਹਾ ਸਾਂ। ਆਪਣੀ ਪਤਨੀ ਦੇ ਛੱਡ ਕੇ ਚਲੇ ਜਾਣਦੀ ਕੁੜਤਣ ਧੋਣਾ ਚਾਹੁੰਦਾ ਸਾਂ ਪਰ ਸ਼ਾਇਦ ਆਪਾਂ ਦੋਨੋ ਹੀ ਸਫਲ ਨਹੀਂ ਹੋਏ।"

ਫਿਰ ਡੈਨ ਦੇ ਚਿਹਰੇ ਦੀਆਂ ਰੇਖਾਵਾਂ ਬੜੀਆਂ ਕੋਮਲ ਹੋ ਗਈਆਂ, "ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਆਪਣੀ ਜਵਾਨੀ ਦਾ ਕੁੱਝ ਸਮਾਂ ਮੈਨੂੰ ਵੀ ਦਿੱਤਾ ਹੈ। ਤੁਹਾਨੂੰ ਕਹਿਣਾ ਵੀ ਚਾਹੁੰਦਾ ਹਾਂ ਕਿ ਤੁਸੀਂ ਵੱਡੇ ਬਣਨ ਦੀ ਕਾਮਨਾ ਕਰੋ ਤੇ ਜੀਵਨ 'ਚੋਂ ਭੱਜੋ ਨਹੀਂ, ਉਸ ਨੂੰ ਦੋਨੇਂ ਹੱਥ ਪਸਾਰ ਕੇ ਅਪਣਾਓ।"

ਰਾਧਿਕਾ ਜਿਵੇਂ ਪੱਥਰ ਦੀ ਮੂਰਤੀ। ਡੈਨ ਜੋ ਕੁੱਝ ਆਖ ਰਿਹਾ ਹੈ ਉਸ ਵਿਚ ਸੱਚ ਦਾ ਇਕ ਬੜਾ ਵੱਡਾ ਅੰਸ਼ ਹੈ, ਇਹ ਉਹ ਸਮਝ ਰਹੀ ਸੀ। "ਪਰ ਮੇਰਾ ਕੀ ਬਣੇਗਾ", ਇਹ ਸਵਾਲ ਵਾਰ-ਵਾਰ ਉਸ ਦੇ ਹੋਠਾਂ ਤੱਕ ਆ ਜਾਂਦਾ, ਪਰ ਉਹ ਚੁੱਪ ਰਹੀ।

ਮੈਂ ਤੁਹਾਡੇ ਲਈ ਕੁੱਝ ਪ੍ਰਬੰਧ ਕਰ ਜਾਵਾਂਗਾ, ਮੇਰੇ ਮਿੱਤਰ ਵੀ ਦੇਖ-ਭਾਲ ਕਰਦੇ ਰਹਿਣਗੇ, ਤੁਹਾਡੇ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਮੈਂ ਨੱਠਾਂ ਭਜਾਂਗਾ ਨਹੀਂ।"

ਰਾਧਿਕਾ ਉਸ ਸਭ ਕੁੱਝ ਲਈ ਨਹੀਂ ਰੁਕੀ। ਜਿਵੇਂ ਪਾਪਾ ਦੇ ਘਰੋਂ ਆ ਗਈ ਸੀ, ਉਵੇਂ ਹੀ ਡੈਨ ਨੂੰ ਵੀ ਛੱਡ ਦਿੱਤਾ। ਜੇਕਰ ਉਸਨੇ ਆਪਣੀ ਮਰਜ਼ੀ ਨਾਲ ਡੈਨ ਦਾ ਸਾਥ ਚੁਣਿਆ ਸੀ ਤਾਂ ਉਸ ਸੰਬੰਧ ਦੀ ਸਮਾਪਤੀ ਤੇ ਉਹ ਉਸ ਦੇ ਧੰਨਵਾਦ ਲਈ ਕਿਉਂ ਰੁਕੇ ? ਡੈਨ ਨੇ ਆਖਿਆ ਸੀ ਕਿ ਉਹ ਮੈਨੂੰ ਰੀਜੈਕਟ ਨਹੀਂ ਕਰ ਰਿਹਾ ਅਤੇ ਉਸ ਦੇ ਘਰ ਚਲੇ ਜਾਣ ਵਿਚ ਰਾਧਿਕਾ ਦੇ ਮਨ ਵਿਚ ਇਹ ਭਾਵ ਸੀ ਕਿ ਲਓ ਮੈਂ ਹੀ ਤੁਹਾਨੂੰ ਛੱਡ ਕੇ ਜਾ ਰਹੀ ਹਾਂ। ਦੁੱਖ, ਅਫਸੋਸ, ਸ਼ਰਮਿੰਦਗੀ, ਖਿਝ, ਰੋਣਾਂ, ਆਪਣੇ ਆਪ ਨੂੰ ਫਿਟਕਾਰਾਂ ਦਾ ਇਕ ਭਾਰੀ ਬੋਝ ਹਿਰਦੇ ਤੇ ਰਖਿਆ ਹੋਇਆ ਸੀ ਤੇ ਬੁਲ੍ਹ ਮੀਟੇ ਹੋਏ ਸਨ।

ਡੈਨ ਨੇ ਉਸ ਨੂੰ ਰੋਕਿਆ ਵੀ ਨਹੀਂ। ਉਹ ਵੀ ਜਾਣਦਾ ਸੀ ਅਤੇ ਰਾਧਿਕਾ ਵੀ ਕਿ ਦੋਨਾਂ ਦੇ ਵਿਚਕਾਰ ਕੀ ਕਮੀ ਸੀ। ਕਿੰਨੀਆਂ ਰਾਤਾਂ ਡੈਨ ਨੇ ਬੈਠ ਕੇ ਸੋਫੇ ਤੇ ਗੁਜ਼ਾਰੀਆਂ ਸਨ, ਕਿੰਨੀ ਵਾਰ ਡੈਨ ਨੂੰ ਸੋਫੇ ਤੇ ਛੱਡ ਕੇ ਉਹ ਬਾਲਕੋਨੀ ਵਿਚ ਆ ਕੇ ਖੜੀ ਹੋ ਗਈ ਸੀ।

ਡੈਨ ਜਦ ਉਸ ਨੂੰ ਹਿੰਮਕੰਨਿਆਂ ਵਾਂਗ ਜੰਮੀ ਹੋਈ ਤੇ ਸੰਗਮਰਮਰ ਦੀ ਮੂਰਤੀ ਆਖ ਕੇ ਚਿੜਾਉਂਦਾ ਉਦੋਂ ਵੀ ਰਾਧਿਕਾ ਇਕ ਚੀਸ ਨਾਲ ਸਮਝ ਜਾਂਦੀ ਕਿ ਇਸ ਤੋਂ ਜ਼ਿਆਦਾ ਉਹ ਹੋਰ ਆਖ ਹੀ ਕੀ ਸਕਦਾ ਹੈ।

ਬਾਦ ਵਿਚ, ਮਿਸਿਜ਼ ਹੋਮਰ ਦੇ ਘਰ ਰਹਿੰਦਿਆਂ ਹੋਇਆ, ਰਾਧਿਕਾ ਅਕਸਰ ਸੋਚਦੀ ਕਿ ਉਸਨੂੰ ਕੋਈ ਵੀ ਆਦਮੀ ਦਿਲਕਸ਼ ਕਿਉਂ ਨਹੀਂ ਜਾਪਦਾ ? ਕੀ ਡੈਨ ਸੱਚ ਆਖਦਾ ਸੀ ਕਿ ਆਪਣੇ ਪਿਤਾ ਪ੍ਰਤੀ ਉਸ ਦੀਆਂ ਭਾਵਨਾਵਾਂ ਇਕ ਮਾਨਸਿਕ ਵਿਕਾਰ ਦੇ ਰੂਪ ਤੱਕ ਪੁੱਜ ਗਈਆਂ ਸਨ ਤੇ ਉਸ ਨੂੰ ਕੋਈ ਵੀ ਆਦਮੀ ਪਿਤਾ ਦੇ ਸਮੁੱਖ ਨਹੀਂ ਜਚੇਗਾ ? ਜੇਕਰ ਉਹ ਕਿਸੇ ਨਾਲ ਡੇਟ ਤੇ ਗਈ ਵੀ ਤਾਂ ਇਕ ਸ਼ਾਮ ਦੀ ਸਭਿਅ ਲੋਕ-ਰਖਣੀ ਨਿਭਾਉਣ ਦੇ ਯਤਨ ਨਾਲ ਹੀ, ਵਾਪਸ ਆ ਕੇ ਸਿਰ ਵਿਚ ਦਰਦ ਹੋ ਜਾਂਦਾ।

ਹੁਣ ਇੰਨੇ ਚਿਰ ਪਿਛੋਂ ਪਾਪਾ ਤੇ ਡੈਨ, ਦੋਨਾਂ ਦੇ ਪ੍ਰਤੀ ਹੀ ਕੁੜੱਤਣ ਦਾ ਭਾਵ ਮਨ ਵਿਚੋਂ ਧੋਤਾ ਜਾ ਚੁੱਕਾ ਸੀ, ਉਹ ਡੈਨ ਪ੍ਰਤੀ ਕੁਝ ਧੰਨਵਾਦੀ ਬਣ ਗਈ ਸੀ। ਡੈਨ ਨੇ ਹੀ ਅੱਖ ਵਿਚ ਉਂਗਲੀ ਚੋਭ ਕੇ ਹਰ ਚੀਜ਼, ਹਰ ਸੱਚ ਨੂੰ ਸਹੀ ਵਾਤਾਵਰਣ ਵਿਚ ਦੇਖਣ ਲਈ ਮਜ਼ਬੂਰ ਕੀਤਾ ਸੀ।

ਰੱਜੂ ਮਾਮੇ ਨੇ ਆਪਣੇ ਵੱਲੋਂ ਸ਼ਾਇਦ ਠੀਕ ਸਲਾਹ ਦਿੱਤੀ ਸੀ। ਬੰਨ੍ਹੀ ਹੋਈ ਨੌਕਰੀ ਕਰਨ ਪ੍ਰਤੀ ਮਨ ਵਿਚ ਹਮੇਸ਼ਾਂ ਅਰੁਚੀ ਸੀ, ਪਾਪਾ ਕੋਲ ਵੀ ਅਨਿਸਚਿਤ ਸਮੇਂ ਤੱਕ ਨਹੀਂ ਰਹਿ

ਸਕੇਗੀ। ਫਿਰ ਵਿਆਹ ? ਪਰ ਉਸ ਨੂੰ ਹੁਣ ਮਨਜ਼ੂਰ ਵੀ ਕੌਣ ਕਰੇਗਾ, ਨਾ ਉਹ ਕਿਸੇ ਅਜਨਬੀ ਮਰਦ ਨਾਲ ਸਪਤਪਦੀ ਦੀ ਰਸਮ ਪੂਰੀ ਕਰਵਾ ਕੇ ਪਤਨੀ ਬਣਨਾ ਪਸੰਦ ਕਰੇਗੀ।

ਕੀ ਅਕਸ਼ੈ ? ਸ਼ਾਇਦ ਇਸ ਲਈ ਵਿਦਿਆ ਨੇ ਆਪ ਨਾ ਆ ਕੇ ਅਕਸ਼ੈ ਨੂੰ ਭੇਜਿਆ। ਕੀ ਅਕਸ਼ੈ ਉਸ ਦੇ ਅਤੀਤ ਬਾਰੇ ਜਾਣਦਾ ਹੈ ?

ਵਿਦਿਆ !

ਵਿਦਿਆ ਦੇ ਸਾਹਮਣੇ ਹੁੰਦਿਆਂ ਹੀ ਰਾਧਿਕਾ ਨੂੰ ਤਕਲੀਫ਼ ਜਿਹੀ ਹੁੰਦੀ ਸੀ, ਹੁਣ ਤੋਂ ਨਹੀਂ ਹਮੇਸ਼ਾਂ ਤੋਂ। ਵਿਦਿਆ ਦੇ ਚਿਹਰੇ ਤੇ ਜੋ ਬੜੀ ਉਦਾਸੀਨਤਾ ਰਹਿੰਦੀ ਸੀ, ਇਕ ਜੰਮੀ ਹੋਈ ਭਾਵ-ਮੁਦਰਾ, ਉਹ ਰਾਧਿਕਾ ਤੋਂ ਸਹੀ ਨਹੀਂ ਜਾਂਦੀ ਸੀ।

ਖੜਾਕ ਸੁਣ ਕੇ ਵਿਦਿਆ ਬਾਹਰ ਨਿਕਲ ਆਈ। ਰਾਧਿਕਾ ਦੇਖ ਰਹੀ ਹੈ ਕਿ ਹੁਣ ਵੀ ਵਿਦਿਆ ਦੇ ਚਿਹਰੇ ਤੇ ਉਹੀ ਦੂਰੀ ਜਿਹੀ ਹੈ।

ਸ਼ੰਭੂ ਸਮਾਨ ਉਤਾਰ ਰਿਹਾ ਹੈ। ਚੀਜ਼ਾਂ ਰਾਧਿਕਾ ਦੇ ਕਮਰੇ ਵਿਚ ਰੱਖਣ ਦਾ ਹੁਕਮ ਦੇ ਕੇ ਵਿਦਿਆ ਨੇ ਪੁੱਛਿਆ, "ਅਕਸ਼ੈ ਮਿਲਿਆ ਸੀ ?"

"ਹਾਂ ! "

ਵਿਦਿਆ ਨੇ ਇਸ ਵੇਲੇ ਮੂੰਗਾ ਸਿਲਕ ਦੀ ਸਾੜ੍ਹੀ ਉੱਪਰ ਪਸ਼ਮੀਨੇ ਦੀ ਸ਼ਾਲ ਕੀਤੀ ਹੋਈ ਸੀ। ਲੰਮਾਂ, ਕਮਜ਼ੋਰ ਸਰੀਰ, ਉੱਚਾ ਮੱਥਾ, ਪਤਲੇ ਚਿਹਰੇ ਤੇ ਖਿੱਚੀਆਂ-ਖਿੱਚੀਆਂ ਅੱਖਾਂ! ਉੱਚੀ ਨੱਕ ਤੇ ਬੇਹੱਦ ਪਤਲੇ ਬੁੱਲ੍ਹ ! ਵਿਚਕਾਰ ਚੀਰ ਕੱਢ ਕੇ ਦੋਨੋਂ ਪਾਸੇ ਸਾਦੇ ਢੰਗ ਨਾਲ ਬਣਾਏ ਵਾਲ। ਮੁਦਰਾ ਤੇ ਲੈਕਚਰਰ ਹੋਣ ਦੀ ਚਮਕ ਤੇ ਪਹਿਨਣ-ਪਚਰਣ ਵਿਚ ਕੁਲੀਨ।

ਰਾਧਿਕਾ ਚੜ੍ਹਦੇ ਸਿਆਲ ਦੀ ਉਸ ਸਵੇਰ ਬਾਹਰ ਪੋਰਚ ਵਿਚ ਖੜੀ ਹੈ। ਸੰਭੂ ਨੂੰ ਆਪਣੇ ਕਮਰੇ ਵਿਚ ਸਮਾਨ ਲਗਾਉਣ ਦਾ ਹੁਕਮ ਸੁਣ ਕੇ ਇਕ ਛੋਟੀ ਜਿਹੀ ਹੈਰਾਨੀ ਹੁੰਦੀ ਹੈ। ਤਾਂ ਘਰ ਵਿਚ ਅਜੇ ਵੀ 'ਰਾਧਿਕਾ ਦਾ ਕਮਰਾ' ਨਾਮ ਦੀ ਜਗ੍ਹਾ ਹੈ। ਉਹ ਮਹਿਮਾਨ-ਘਰ, ਸਟੋਰ ਜਾਂ ਵਿਦਿਆ ਦੇ ਪੜ੍ਹਨ ਦਾ ਕਮਰਾ ਨਹੀਂ ਬਣਾ ਦਿੱਤਾ ਗਿਆ।

ਰਾਧਿਕਾ ਚਾਰੇ-ਪਾਸੇ ਦੇਖ ਰਹੀ ਹੈ। ਸਿਵਲ ਲਾਈਨਜ਼ ਨੂੰ ਪਿੱਛੇ ਛੱਡ ਕੇ ਸ਼ਹਿਰ ਅੱਗੇ ਵੱਧ ਗਿਆ ਹੈ ਤੇ ਬੱਚ ਗਿਆ ਹੈ ਇਕ ਉੱਜੜੀ ਜਿਹੀ ਵੀਰਾਨੀ। ਸਾਰਿਆ ਬੰਗਲਿਆਂ ਸਾਹਮਣੇ ਲੰਮੀ ਚੌੜੀ ਭੋਇ ਸੀ, ਜਿਸ ਵਿਚ ਆਪਣੇ ਆਪ ਹੀ ਕੁਝ ਫੁੱਲ ਤਾਂ ਰੰਗ, ਗੰਧ ਦਿਸੇ,

ਨਹੀਂ ਤਾਂ ਰਾਤ ਦਿਨ ਸੁਨਸਾਨ ਪਈ ਸੜਕ ਤੇ ਧੂੜ ਉਡਦੀ ਰਹੇ। ਪਿਛਲੇ ਦਿਨੀ ਸਿਰਫ ਬੁੱਢੇ ਮਾਲੀ ਨੂੰ ਹੀ ਬਗੀਚਾ ਸਵਾਰਨ ਦਾ ਸ਼ੋਕ ਸੀ, ਤਾਂ ਹੀ ਅੱਗੇ ਕੁਝ ਕਿਆਰੀਆਂ ਵਿਚ ਸਰਦੀਆਂ ਦੇ ਫੁੱਲ ਲੱਗਾ ਦਿੰਦਾ ਸੀ, ਪਿਛਲੇ ਪਾਸੇ ਗਾਜਰ, ਟਮਾਟਰ ਆਦਿ ਕੁਝ ਖਾਣ ਦੀਆਂ ਚੀਜ਼ਾਂ। ਪਰ ਹੁਣ ਤਾਂ ਕਿਆਰੀਆਂ ਵੀ ਖਾਲੀ ਪਈਆਂ ਹਨ। ਮਹਿੰਦੀ ਦੀ ਵਾੜ ਕਾਫ਼ੀ ਵਿਰਲੀ ਹੋ ਗਈ ਹੈ ਅਤੇ ਬੰਗਲਵੇਲਿਆਂ ਦੀਆਂ ਰੰਗ ਬਰੰਗੀਆ ਵੇਲਾਂ ਨੂੰ ਸ਼ਾਇਦ ਮੱਝਾ-ਬੱਕਰੀਆਂ ਖਾ ਗਈਆਂ ਹੋਣਗੀਆਂ। ਰਾਧਿਕਾ ਖੜੀ ਹੈ ਤੇ ਬੀਤੇ ਸਮੇਂ ਦਾ ਬੋਧ ਤੇਜ਼ ਵਗਦੇ ਪਾਣੀ ਵਾਂਗ ਉਸ ਨੂੰ ਕੰਬਾ ਰਿਹਾ ਹੈ। ਇਸ ਘਰੇਦੀ ਭੋਇ ਤੇ ਪੈਰ ਰੱਖਦਿਆਂ ਹੋਇਆਂ ਹੀ ਹਿਰਦੇ ਵਿਚ ਇਕ ਅਜੀਬ ਜਿਹੀ ਤੜਪਣ ਹੋਣ ਲੱਗੀ ਹੈ ਅਤੇ ਜਿਵੇਂ ਤੇਜ਼ ਨੌਹਾਂ ਨਾਲ ਤੈਹਾਂ ਦੀ ਤੈਹਾਂ ਖੁਰਚੀਆਂ ਜਾਂ ਰਹੀਆਂ ਹੋਣ।

ਵਿਦਿਆ ਨੇ ਖੱਬੇ ਮੋਢੇ ਤੋਂ ਹੇਠ ਖਿਸਕਦੇ ਸ਼ਾਲ ਨੂੰ ਸੰਭਾਲਦਿਆਂ ਆਖਿਆ, "ਅੰਦਰ ਚਲੋ ਰਾਧਿਕਾ !"

ਰਾਧਿਕਾ ਠਠੰਬਰ ਗਈ ਹੈ। ਉਹ ਦੇਖ ਰਹੀ ਹੈ ਕਿ ਉਸ ਨੂੰ ਬੈਠਕ ਵਿਚ ਬੁਲਾਇਆ ਜਾ ਰਿਹਾ ਹੈ।

ਸ਼ੰਭੂ ਆ ਕੇ ਪੁੱਛਦਾ ਹੈ, "ਤੁਹਾਡੇ ਲਈ ਚਾਹ ਹੁਣੇ ਲਿਆਵਾਂ ਜਾਂ ਮੂੰਹ-ਹੱਥ ਧੋਕੇ ਲਵੋਗੇ।

ਸ਼ੰਭੂ ਨਵਾਂ ਨੌਕਰ ਹੈ, ਤਾਂ ਹੀ ਇਹ ਸਤਿਕਾਰ ਤੇ ਲੋਕ-ਰਖਣੀ ਨਾਲ ਗੱਲ ਕਰਦਾ ਹੈ।

"ਹੁਣੇ ਹੀ ਦੇ ਦਿਉ", ਉਦਾਸ ਹੋਈ ਰਾਧਿਕਾ ਆਖਦੀ ਹੈ। ਉਹ ਵਿਦਿਆ ਨਾਲ ਬੈਠਕ ਵਿਚ ਪੁੱਜ ਜਾਂਦੀ ਹੈ ਤੇ ਚਾਰੇ-ਪਾਸੇ ਨਜ਼ਰ ਮਾਰ ਕੇ ਬੈਠ ਜਾਂਦੀ ਹੈ।

ਦੀਵਾਰ ਤੇ ਨਵਾਂ ਤੇਲ-ਚਿੱਤਰ ਹੈ, ਗੂੜੇ ਭੂਰੇ ਤੇ ਸਲੇਟੀ ਰੰਗਾਂ ਦੀ ਪ੍ਰਧਾਨਗੀ ਹੈ ਨਵੀਂ ਕਾਂਸੀ ਦੀ ਮੂਰਤੀ, ਸ਼ਾਇਦ ਨਿਪਾਲੀ ਢੰਗ ਦੀ ਹੈ। ਉਸ ਦੇ ਇਲਾਵਾ ਇਸ ਧੁੱਪ ਚੜ੍ਹੀ ਸਵੇਰ ਵਿਚ ਵੀ, ਕਮਰੇ ਵਿਚ ਇਕ ਧੁਆਖਿਆ ਇਕ ਫਿੱਕਾ ਫਿੱਕਾਪਣ।

"ਤੇ ਪਾਪਾ ਕਿੱਥੇ ਨੇ ?", ਰਾਧਿਕਾ ਨੇ ਪੁੱਛਿਆ।

ਵਿਦਿਆ ਨੇ ਜਵਾਬ ਦੇਣ ਤੋਂ ਪਹਿਲਾਂ ਝੁਕ ਕੇ ਇਕ ਕੁਸ਼ਨ ਠੀਕ ਕੀਤਾ ਤੇ ਕਿਹਾ, "ਗੰਗਾ ਪਾਰ ਵਾਲੀ ਕੋਠੀ ਵਿਚ",

"ਇਕੱਲੇ ?"

"ਨਹੀਂ, ਭਵਾਨੀ ਹੈ।"

ਸ਼ੰਭੂ ਚਾਹ ਦੀ ਟ੍ਰੇ ਲੈ ਆਇਆ। ਰਾਧਿਕਾ ਵਿਚ ਹੀ ਟੁੱਟੇ ਸਾਹ ਨੂੰ ਦੋਬਾਰਾ ਖਿੱਚਦੀ ਹੈ। ਅਤੇ ਦੂਸਰਾ ਸਵਾਲ ਪੁੱਛਣ ਤੋਂ ਪਹਿਲਾਂ ਸੋਚਦੀ ਹੈ ਕਿ ਪੁੱਛਾਂ ਜਾਂ ਨਾ ?

"ਕਦੋਂ ਤੋਂ ਹਨ ?"

"ਕਾਫ਼ੀ ਸਮੇਂ ਤੋਂ," ਵਿਦਿਆ ਨੇ ਚਾਹ ਪੁਣਨੀ ਸ਼ੁਰੂ ਕੀਤੀ।

ਵਿਦਿਆ ਨੇ ਕੁਰਸੀ ਨਾਲ ਢੋ ਲਗਾ ਲਈ। ਹੱਥ ਵਿਚ ਚਾਹ ਦਾ ਪਿਆਲਾ ਫੜ ਲਿਆ।ਘੁੱਟ-ਘੁੱਟ ਕਰਕੇ ਚਾਹ ਪੀਣ ਲੱਗੀ। ਗੰਗਾ ਪਾਰ ਵਾਲੀ ਕੋਠੀ ਵੀ ਦੂਸਰੀ ਜਾਇਦਾਦ ਵਾਂਗ ਪਾਪਾ ਨੂੰ ਬਾਬੇ ਪਾਸੋਂ ਮਿਲੀ ਸੀ। ਰਾਧਿਕਾ ਨੇ ਸੁਣਿਆ ਸੀ ਕਿ ਆਪਣੀ ਜਵਾਨੀ ਦੇ ਦਿਨਾਂ ਵਿਚ ਬਾਬੇ ਨੇ ਉਸ ਕੋਠੀ ਵਿਚ ਇਕ ਵੇਸਵਾ ਰੱਖੀ ਹੋਈ ਸੀ। ਕੋਠੀ ਵੀ ਉਹਨਾਂ ਨੇ ਉਸ ਲਈ ਸ਼ਹਿਰੋ ਦੂਰ ਇਕਾਂਤ ਵਿਚ ਬਣਵਾਈ ਸੀ। ਉਸ ਵੇਸ਼ਵਾ ਦੀ ਮੌਤ ਤੋਂ ਬਾਦ ਇਹ ਕਾਫ਼ੀ ਸਮਾਂ ਖਾਲੀ ਪਈ ਰਹੀ ਤੇ ਰਾਧਿਕਾ ਨੇ ਬਚਪਨ ਵਿਚ ਹੀ, ਪਾਪਾ ਨਾਲ ਗਰਮੀਆਂ ਵਿਚ ਉੱਥੇ ਜਾਣਾ ਸ਼ੁਰੂ ਕਰ ਦਿੱਤਾ ਸੀ। ਇਕ ਵਿੰਗ ਨੂੰ ਸੁਧਾਰ ਕੇ ਚੰਗੀ ਤਰ੍ਹਾਂ ਸਜਾਇਆ ਸੀ ਤੇ ਉੱਥੇ ਜੋ ਰਾਧਿਕਾ ਦਾ ਕਮਰਾ ਸੀ, ਉਸ ਦਾ ਦਰਵਾਜ਼ਾ ਜੇਕਰ ਖੁੱਲ੍ਹਾ ਹੋਵੇ ਤਾਂ ਦੂਰ ਗੰਗਾ ਤੇ ਲੰਬਾ ਪੁਲ ਦਿਖਾਈ ਦਿੰਦਾ ਅਤੇ ਅਕਸਰ ਰਾਤ ਨੂੰ ਬਰਾਂਡੇ ਵਿਚ ਬੈਠੇ ਰਹਿਣ ਤੇ ਪੁੱਲ ਉਪਰੋਂ ਗੁਜ਼ਰਦੀ ਰੇਲ ਦੀਆਂ ਰੌਸ਼ਨੀਆਂ ਤੇ ਸ਼ਾਂਤ ਵਾਤਾਵਰਨ ਨੂੰ ਬਿੰਨ੍ਹ ਦੀ ਹੋਈ ਗੜਗੜਾਹਟ। ਹੁਣ ਪਾਪਾ ਨੂੰ ਇੱਕਲੇ ਰਹਿੰਦਿਆਂ ਹੋਇਆ ਕਿਵੇਂ ਲੱਗਦਾ ਹੋਵੇਗਾ ? ਮੁਮਤਾਜ਼, ਜਿਸ ਨੂੰ ਬਾਬਾ ਤਾਜੋ ਕਹਿ ਕੇ ਬਲਾਉਂਦੇ ਸਨ, ਪਾਪਾ ਦੀ ਜਵਾਨੀ ਤੱਕ ਜੀਉਂਦੀ ਸੀ, ਮਾਂ ਨੂੰ ਉਸਨੇ ਮੂੰਹ ਦਿਖਾਈ ਵਿਚ ਜੜਾਉ ਕੰਗਣਾ ਦੀ ਜੋੜੀ ਭੇਜੀ ਸੀ। ਬਚਪਨ ਵਿਚ ਇਕ ਵਾਰ ਪਾਪਾ ਤੋਂ ਪੁੱਛਣ ਤੇ ਉਹ ਕਿਹੋ ਜਿਹੀ ਸੀ,ਪਾਪਾ ਨੇ ਸੰਖੇਪ ਵਿਚ ਆਖਿਆ ਸੀ,"ਸੁੰਦਰ ! ਖੂਬ ਗੋਰੀ,ਹਸਮੁੱਖ.....।" ਤੇ ਚੁੱਪ ਹੋ ਗਏ ਸਨ। ਵਿਦਿਆ ਨੂੰ ਪਹਿਲੀ ਵਾਰ ਮਤਰੇਈ ਮਾਂ ਦੇ ਰੂਪ ਵਿਚ ਦੇਖ ਕੇ ਰਾਧਿਕਾ ਨੇ ਸੋਚਿਆ ਕਿ ਕੀ ਤਾਜੋ ਵੀ ਅਜਿਹੀ ਹੀ ਹੋਈ ਹੋਵੇਗੀ।

"ਪਾਪਾ ਇੱਧਰ ਆਉਂਦੇ ਹਨ ?"

"ਬਹੁਤ ਘੱਟ ! ਜ਼ਰੂਰਤ ਦੀਆਂ ਚੀਜ਼ਾਂ ਭਵਾਨੀ ਲੈ ਜਾਂਦਾ ਹੈ।"

"ਉਨ੍ਹਾਂ ਨੂੰ..." ਰਾਧਿਕਾ ਰੁਕੀ, ਫਿਰ ਇਕੋ ਸਾਹੇ ਆਖ ਦਿੱਤਾ, "ਪਤਾ ਹੈ ਕਿ ਮੈਂ ਆਉਣ ਵਾਲੀ ਹਾਂ ?"

"ਭਵਾਨੀ ਪਰਸੋਂ ਆਇਆ ਸੀ। ਮੈ ਸੁਨੇਹਾ ਭੇਜ ਦਿੱਤਾ ਸੀ' ਜਿਸ ਤੇਜ਼ੀ ਨਾਲ ਅੱਖ ਵਿਚ ਹੰਝੂ ਭਰ ਆਏ ਉਸ ਨਾਲ ਰਾਧਿਕਾ ਆਪ ਅਵਾਕ ਰਹਿ ਗਈ। ਹੰਝੂ ਇਕ ਦਮ ਆਏ ਤੇ ਵਹਿ ਗਏ। ਵਿਦਿਆ ਸਾਹਮਣੇ ਉਹ ਕਦੇ ਨਹੀਂ ਰੋਈ ਸੀ। ਘੁੱਟ ਕੇ ਬੁੱਲ੍ਹ ਮੀਟਦਿਆ ਉਸਨੇ ਪਿਆਲਾ ਠੱਕ ਕਰਕੇ ਹੇਠਾਂ ਰਖਿਆ ਤੇ ਘਬਰਾਈ ਹੋਈ ਅੰਦਰ ਵੱਲ ਵਧਣ ਲੱਗੀ। ਕੁਝ ਦੂਰ ਗਈ ਤੇ ਰੁਕਣਾ ਪਿਆ, ਕਿਉਂਕਿ ਪਹਿਲਾਂ ਜਿੱਥੇ ਦਰਵਾਜ਼ਾ ਸੀ, ਹੁਣ ਕਿਤਾਬਾਂ ਦੀ ਉੱਪਰ ਛੱਤ ਤਕ ਚਿਣੀ ਹੋਈ ਸ਼ੈਲਫ ਸੀ।

ਮੁੜ ਕੇ ਪਿੱਛੇ ਆਉਣ ਤੇ ਜਿਧਰੋ ਸ਼ੰਭੂ ਆਇਆ ਸੀ, ਉੱਧਰ ਦੀ ਹੀ ਅੰਦਰ ਜਾ ਕੇ ਰਾਧਿਕਾ ਆਪਣੇ ਕਮਰੇ ਵੱਲ ਚਲੀ ਗਈ। ਅਤੇ ਪਲੰਘ ਤੇ ਪਈ। ਤਿੰਨ ਚਾਰ ਦਿਨਾਂ ਤੋਂ ਜੋ ਚੁੱਭਦਾ, ਚੀਸ ਪਾਉਂਦਾ, ਤੜਪਦਾ, ਛਟਪਟਾਂਦਾ ਸੀ, ਉਹ ਹੁਣ ਅਚਾਨਕ ਬੇਕਾਬੂ ਹੋਇਆ ਛੁੱਟ ਪਿਆ ਸੀ, ਜਿਸ ਦੇ ਵੇਗ ਸਾਹਮਣੇ ਰਾਧਿਕਾ ਬੇਸਹਾਰਾ ਸੀ।

ਦੁਪਹਿਰ ਦੀ ਮੁੜਦੀ ਧੁੱਪ ਨਾਲ ਕਮਰਾ ਰੌਸ਼ਨ ਹੋ ਗਿਆ ਹੈ। ਰਾਧਿਕਾ ਅਜੇ ਤੱਕ ਪਲੰਘ ਤੇ ਪਈ ਹੋਈ ਹੈ। ਗਿਆਰਾਂ ਵਜੇ ਉਸਨੇ ਬਾਹਰ ਰਿਕਸ਼ੇ ਦੀ ਘੰਟੀ ਸੁਣੀ ਸੀ ਤੇ ਵਿਦਿਆ ਦੀ ਆਵਾਜ਼ ਵੀ ਸ਼ੰਭੂ ਨੂੰ ਆਖਦਿਆਂ ਹੋਇਆ ਕਿ ਉਹ ਚੰਗੀ ਤਰ੍ਹਾਂ ਰਾਧਿਕਾ ਨੂੰ ਖਿਲਾ-ਪਿਲਾ ਦੇਵੇ। ਉਸ ਮਗਰੋਂ ਸ਼ੰਭੂ ਦੇ ਦਰਵਾਜ਼ਾ ਬੰਦ ਕਰਕੇ ਗੁਣਗੁਣਾਂਦੇ ਹੋਏ ਅੰਦਰ ਜਾਣ ਦੀ ਆਵਾਜ਼ ਵੀ।

ਰਾਧਿਕਾ ਹੁਣ ਹੌਲੀ ਹੈ, ਇਕ ਦਮ ਖਾਲੀ, ਭਾਰਹੀਣ ਜਿਹੀ ਮਹਿਸੂਸ ਕਰਦੇ ਹੋਇਆ ਸਿਰ ਵਿਚ ਸਿਰਫ਼ ਥੋੜ੍ਹਾਂ ਜਿਹਾ ਦਰਦ ਹੈ, ਤੇ ਹੱਥ ਪੈਰ ਬਿੱਲਕੁਲ ਬਲਹੀਣ ਜਾਪਦੇ ਹਨ।

ਉਸ ਦਾ ਇਹ ਕਮਰਾ ! ਵਿਦਿਆ ਨੇ ਆਉਂਦਿਆਂ ਹੀ ਘਰ ਦੀ ਕਾਇਆ ਪਲਟ ਦਿੱਤੀ। ਮਾਂ ਦੇ ਜ਼ਮਾਨੇ ਦਾ ਭਾਰਾ-ਭਾਰਾ ਫਰਨੀਚਰ, ਅਲਮਾਰੀਆਂ, ਪਲੰਘ, ਮੇਜ਼ਾਂ ਸਭ ਅਲੋਪ ਹੋ ਗਏ।

ਵਿਦਿਆ ਤੇ ਤੋੜਨ ਭੰਨਣ ਦੀ ਧੁੰਨ ਸਵਾਰ ਹੋ ਗਈ ਸੀ। ਕਿੱਧਰੇ ਕੰਧਾਂ ਢਾਈਆਂ ਗਈਆਂ, ਕਿੱਧਰੇ ਨਵੇਂ ਦਰਵਾਜ਼ੇ ਲੱਗੇ, ਕਿੱਧਰੇ ਦਰਵਾਜ਼ਿਆਂ ਨੂੰ ਪੱਟ ਕੇ ਖਿੜਕੀਆਂ ਕੱਢੀਆਂ

ਗਈਆਂ। ਪੁਰਾਣੇ ਸਮੇਂ ਦੀਆਂ ਬਣੀਆਂ ਉੱਚੀਆਂ-ਉੱਚੀਆਂ ਛੱਤਾਂ ਵਿਚ ਫਾਲਸ ਸੀਲਿੰਗ ਲੱਗੀ। ਰਾਧਿਕਾ ਦੇ ਕਮਰੇ ਦੇ ਨਾਲ ਹੀ ਪਾਪਾ ਦਾ ਸੌਣ-ਕਮਰਾ ਸੀ, ਜਿਸ ਨਾਲ ਰਾਤ ਨੂੰ ਡਰ ਲੱਗਣ ਜਾਂ ਜ਼ਰੂਰਤ ਹੋਣ ਤੇ ਬੇਟੀ ਉਹਨਾਂ ਨੂੰ ਪੁਕਾਰ ਸਕੇ। ਵਿਦਿਆ ਨੇ ਉਸਨੂੰ ਮਹਿਮਾਨ ਕਮਰੇ ਦਾ ਰੂਪ ਦੇ ਦਿੱਤਾ ਤੇ ਆਪਣਾ ਸੌਣ ਕਮਰਾ ਬਿੱਲਕੁਲ ਦੂਸਰੇ ਪਾਸੇ ਲੈ ਗਈ। ਰਾਧਿਕਾ ਨੇ ਜਿੱਦ ਕੀਤੀ ਸੀ ਕਿ ਉਸ ਦਾ ਪੋਰਸ਼ਨ, ਇਕ ਕਮਰਾ, ਨਾਲ ਗੁਸਲਖਾਨਾ ਤੇ ਬਗੀਚੇ ਵੱਲ ਦਾ ਵਰਾਂਡਾ ਉਵੇਂ ਦਾ ਉਵੇਂ ਹੀ ਰਹੇ। ਉਸ ਨੂੰ ਕੰਧਾਂ ਤੇ ਚੂਨੇ ਦਾ ਪੋਚਾ ਪਸੰਦ ਹੈ, ਉੱਚੀਆਂ-ਉੱਚੀਆਂ ਛੱਤਾਂ ਚੰਗੀਆਂ ਲੱਗਦੀਆਂ ਹਨ ਅਤੇ ਵਰਾਂਡੇ ਦੇ ਨੱਕਾਸ਼ਦਾਰ ਥਮਲੇ ਤੇ ਉਹਨਾਂ ਤੇ ਚੜ੍ਹੇ ਮਾਰਸ਼ਨ ਨੀਲ ਵੀ।

ਹੁਣ ਰਾਧਿਕਾ ਦੇਖ ਰਹੀ ਹੈ ਕਿ ਇਸ ਕਮਰੇ ਵਿਚ ਵੀ ਫਾਲਸ ਸੀਲਿੰਗ ਲੱਗ ਗਈ ਹੈ, ਕੰਧਾਂ ਬਹੁਤ ਫਿੱਕੇ  ਫਾਲਸਈ ਰੰਗ ਨਾਲ ਪੋਚੀਆਂ ਹੋਈਆਂ ਹਨ। ਕਮਰੇ ਦਾ ਫ਼ਰਨੀਚਰ ਉਹੀ ਹੈ, ਅਖਰੋਟ ਦੀ ਲੱਕੜੀ ਦਾ ਪਲੰਘ, ਸ਼ਿਗਾਰ ਮੇਜ਼ ਤੇ ਇਕ ਅਲਮਾਰੀ। ਕੰਧਾਂ ਖਾਲ੍ਹੀ ਹਨ, ਸ਼ੈਲਫ਼ ਵਿਚ ਉਸਦੀਆਂ ਕਿਤਾਬਾਂ ਵੀ ਨਹੀਂ ਹਨ। ਕਮਰੇ ਦੇ ਇਕ ਕੋਨੇ ਵਿਚ ਉਸਦਾ ਸੂਟਕੇਸ ਰਖਿਆ ਹੋਇਆ ਸੀ। ਅਣਚਾਹੁੰਦਿਆਂ ਰਾਧਿਕਾ ਨੇ ਜਿਵੇਂ ਆਪਣੇ ਆਪ ਨੂੰ ਧੱਕ ਕੇ ਉਠਾਇਆ। ਜਾ ਕੇ ਅਲਮਾਰੀ ਖੋਲ੍ਹੀ ਤਾਂ ਦੇਖਿਆ ਕਿ ਜਿਹੜੇ ਕੱਪੜੇ ਛੱਡ ਗਈ ਸੀ ਉਹ ਦਰਾਜ਼ਾਂ ਵਿਚ ਚੁਣੇ ਪਏ ਹਨ। ਜਿਵੇਂ ਕਿਸੇ ਨੇ ਉਨ੍ਹਾਂ ਨੂੰ ਛੁਹਿਆ ਤੱਕ ਨਾ ਹੋਵੇ। ਕਿੰਨੀਆਂ ਹੀ ਸਾੜੀਆਂ ਨੂੰ ਉਹ ਭੁਲ ਚੁੱਕੀ ਸੀ, ਬਲਾਉਜ਼ ਕਿੰਨੇ ਪੁਰਾਣੇ ਸਟਾਈਲ ਦੇ ਲੱਗਦੇ ਸਨ। ਚੂੜੀਆਂ ਦੇ ਡੱਬੇ ਵਿਚ ਚੂੜੀਆਂ, ਹਰੇ ਰੰਗ ਦੀਆਂ ਦੋ ਚਾਰ- ਚਾਰ। ਦਰਾਜ਼ ਵਿਚ ਸਾੜੀਆਂ ਹੇਠ ਹੱਥ ਪਾਉਣ ਤੇ ਉਂਗਲਾਂ ਨੇ ਇਕ ਮਾਲਾ ਦੇ ਮਣਕੇ ਨੂੰ ਛੁਹਿਆ। ਉਸਨੇ ਇਕ ਮਣਕੇ ਨੂੰ ਕੱਢ ਕੇ ਦੇਖਿਆ। ਅਤੀਤ ਵਿਚ ਕਦੋਂ, ਕਿਸ ਮੌਕੇ ਤੇ ਇਹ ਮਾਲਾ ਖਰੀਦੀ ਗਈ ਹੋਵੇਗੀ, ਇਸ ਦੀ ਯਾਦ ਰਾਧਿਕਾ ਨੂੰ ਹੁਣ ਬਿੱਲਕੁਲ ਨਹੀਂ ਸੀ। ਰਾਧਿਕਾ ਨੇ ਫਿਰ ਹੱਥ ਪਾ ਕੇ ਟਟੋਲਿਆ, ਇਸ ਵਾਰ ਹੱਥ ਵਿਚ ਗੋਲਡ ਮੈਡਲ ਆ ਗਿਆ। ਦਰਾਜ਼ ਖੁੱਲ੍ਹੀ ਛੱਡ ਕੇ ਰਾਧਿਕਾ ਪਲੰਘ ਤੇ ਆ ਬੈਠੀ ਅਤੇ ਉਲਟ-ਪੁਲਟ ਕੇ ਉਸ ਮੈਡਲ ਨੂੰ ਦੇਖਣ ਲੱਗੀ। ਉਸੇ ਵਰ੍ਹੇ, ਯੂਨੀਵਰਸਿਟੀ ਦੀ ਬੀ. ਏ. ਦੀ ਪ੍ਰੀਖਿਆ ਵਿਚ ਸਾਰੇ ਵਿਦਿਆਰਥੀਆਂ ਵਿਚੋਂ ਉਹ ਫ਼ਸਟ ਆਈ ਸੀ। ਮੈਡਲ ਤੇ ਉਸ ਦਾ ਨਾਂ ਉਕਰਿਆ ਹੋਇਆ ਸੀ। ਉਸ ਵਰ੍ਹੇ ਦੀ ਉਹ ਅਲੜ੍ਹ ਅਣਜਾਣ ਅਤੇ ਬੜੀ ਗੰਭੀਰਤਾ ਨਾਲ ਜੀਵਨ ਨੂੰ ਲੈਣ ਵਾਲੀ ਰਾਧਿਕਾ ਦਾ ਹੁਣ ਉਸ ਅੰਦਰ ਕੇਵਲ ਇਕ ਅਨੁਭਵ ਮਾਤਰਾ ਹੀ ਬਚਿਆ ਸੀ। ਉਹ ਫ਼ਸਟ ਆਵੇਗੀ ਇਸ ਦੀ ਉਸ ਨੂੰ ਨਾ

ਆਸ ਸੀ ਤੇ ਨਾ ਹੀ ਉਸਨੇ ਕਲਪਨਾ ਹੀ ਕੀਤੀ ਸੀ। ਫ਼ਸਟ ਕਲਾਸ ਆਉਣ ਜੋਗੇ ਪਰਚੇ ਜ਼ਰੂਰ ਹੋਏ ਸਨ, ਅਤੇ ਨਤੀਜਾ ਨਿਕਲਣ ਤੋਂ ਉਹ ਇਕ ਬੜੀ ਸ਼ਾਨਦਾਰ ਫੀਸਟ ਦੇਣਗੇ, ਇਹ ਪਾਪਾ ਨੇ ਪਹਿਲਾ ਹੀ ਆਖ ਦਿੱਤਾ ਸੀ। ਉਨ੍ਹਾਂ ਨੇ ਫੀਸਟ ਵੀ ਦਿੱਤੀ ਪਰ ਰਾਧਿਕਾ ਦੀ ਸਫਲਤਾ ਦੇ ਖੁਸ਼ੀ ਦੇ ਮੌਕੇ ਤੇ ਸ਼ਾਮਲ ਹੋਣ ਨਾਲ ਲੋਕਾਂ ਨੂੰ ਕੁਝ ਹੋਰ ਜਗਿਆਸਾ ਵੀ ਸੀ, ਪਾਪਾ ਨੇ ਨਵੀਂ  ਵਿਆਹੀ ਪਤਨੀ ਵਿਦਿਆ ਨੂੰ ਦੇਖਣ ਦੀ।

ਜਦੋਂ ਦੀ ਆਈ ਹੈ, ਰਾਧਿਕਾ ਅਤੀਤ ਨੂੰ ਵਾਰ-ਵਾਰ ਉਖੇੜ ਕੇ ਦੇਖ ਰਹੀ ਹੈ। ਉੱਥੇ ਉਸ ਦੇਸ਼ ਵਿਚ ਨਾ ਐਨਾ ਵਿਹਲ ਸੀ, ਨਾ ਹਰ ਵੇਲੇ ਯਾਦ ਦਵਾਉਣ ਵਾਲੇ ਹਾਲਾਤ। ਉੱਥੇ ਤਾਂ ਹਰ ਵੇਲੇ ਰਾਧਿਕਾ ਆਪਣੇ ਆਪ ਨੂੰ ਕਿਸੇ ਨਾ ਕਿਸੇ ਚੀਜ਼ ਵਿਚ ਖਚਿਤ ਰੱਖਦੀ ਸੀ, ਐਨਾ ਕਿ ਸਰੀਰ ਮਸ਼ੀਨ ਵਾਂਗ ਚਲਦਾ ਰਹੇ ਅਤੇ ਐਨਾ ਪੱਕ ਜਾਵੇ ਕਿ ਰਾਤ ਨੂੰ ਬਿਸਤਰੇ ਤੇ ਪੈਂਦਿਆਂ ਹੀ ਨੀਂਦ ਆ ਜਾਵੇ। ਜੇਕਰ ਕਿਸੇ ਦਿਨ ਦਿਲ ਬਗਾਵਤ ਹੀ ਕਰ ਦੇਵੇ ਅਤੇ ਮਨ ਅਤੀਤ ਨੂੰ ਸੋਚਣ ਵਿਚ ਉਲਝ ਜਾਵੇ ਤਾਂ ਦੋ ਨੀਂਦ ਦੀਆਂ ਗੋਲੀਆਂ ਲੈ ਲਈਆਂ ਜਾਣ। ਜਦੋਂ ਸਾਰੇ ਰੁੱਖ ਨੰਗੀਆ ਟਾਹਣੀਆਂ ਲਈ ਬਹੁਤ ਸਰਦੀ ਵਿਚ ਕੰਬਣ, ਚਾਰੇ ਪਾਸੇ ਸਿਰਫ ਬਰਫ਼ ਦੀ ਜੇਲ੍ਹ ਹੋਵੇ ਤੇ ਕਿਸੇ ਨਿੱਘੀ ਥਾਂ ਤੇ ਲੇਟ ਕੇ ਦੇਰ ਤਕ ਅੱਖਾਂ ਬੰਦ ਕਰਨ ਦੀ ਤਬੀਅਤ ਹੋਵੇ, ਉਸ ਦੁੱਖ ਨੂੰ ਘੱਟ ਕਰਨ ਲਈ ਵੀ, ਖਾਣੇ ਮਗਰੋਂ ਗੋਲੀਆਂ ਦਾ ਸਹਿਜ ਪ੍ਰਬੰਧ। ਪਰ ਇੱਥੇ ਰਾਧਿਕਾ ਆਪਣੇ ਸੰਬੰਧਾਂ, ਹਾਲਾਤ ਤੇ ਭਾਵਨਾ ਵਿਚ ਆਪਣੇ ਆਪ ਨੂੰ ਐਨ ਵੱਖ ਅਨੁਭਵ ਕਰਦੀ ਹੈ ਕਿ ਬੈਠ ਕੇ ਖਰਿੰਡ ਖੁਰਚਣ ਬਿਨਾਂ ਹੋਰ ਕਰੇ ਵੀ ਕੀ।

ਰਾਧਿਕਾ ਦੀ ਮੁੱਠ ਵਿਚ ਸੋਨੇ ਦਾ ਤਗਮਾ ਹੈ ਅਤੇ ਉਹ ਉਸ ਸਾਲ ਦੀ ਗਰਮੀਆਂ ਨੂੰ ਇਕ ਵਾਰ ਫਿਰ ਮਨ ਵਿਚ ਦੋਹਰਾਉਣ ਲੱਗਦੀ ਹੈ।

ਰਾਧਿਕਾ ਦੀ ਪ੍ਰੀਖਿਆ ਖਤਮ ਹੋਣ ਤੇ ਮਸੂਰੀ ਜਾਣ ਦਾ ਪ੍ਰਬੰਧ ਪਾਪਾ ਨੇ ਪਹਿਲਾਂ ਹੀ ਕਰ ਦਿੱਤਾ ਸੀ। ਬਹੁਤ ਵਰ੍ਹਿਆਂ ਤੋਂ ਮਸੂਰੀ ਗਏ ਵੀ ਨਹੀਂ ਸੀ, ਅਤੇ ਸ਼ਾਇਦ ਜਾਂਦੇ ਵੀ ਨਾ, ਜੇਕਰ ਭਾਬੀ ਵਾਰ-ਵਾਰ ਰਾਧਿਕਾ ਨੂੰ ਆਪਣੇ ਨਾਲ ਕਿੱਧਰੇ ਲੈ ਜਾਣ ਲਈ ਜ਼ੋਰ ਨਾ ਪਾਉਂਦੀ। ਉਹਨਾਂ ਦਾ ਕਹਿਣਾ ਸੀ ਕਿ ਪਾਪਾ ਤੇ ਵੱਡੇ ਭਾਈ ਦੋਨੋਂ ਹੀ ਆਪਣੇ-ਆਪਣੇ ਕੰਮਾਂ ਵਿਚ ਐਨੇ ਮਸ਼ਰੂਫ ਰਹਿੰਦੇ ਹਨ ਤੇ ਰਾਧਿਕਾ ਵੱਡੀ ਹੁੰਦੀ ਜਾਂਦੀ ਹੈ, ਕਿਸੇ ਨੂੰ ਖਿਆਲ ਵੀ

ਨਹੀਂ ਕਿ ਵਿਆਹ-ਸ਼ਾਦੀ ਦੀ ਗੱਲ ਕਰੇ ? ਗਰਮੀਆਂ ਵਿਚ ਪਹਾੜਾਂ ਤੇ ਕਿੰਨੀ ਰੋਣਕ ਰਹਿੰਦੀ ਹੈ ਤੇ ਚਾਰ ਭਲੇ ਲੋਕਾਂ ਨਾਲ ਮਿਲਣਾ-ਜੁਲਣਾ ਹੋ ਜਾਂਦਾ ਹੈ।

ਭਾਬੀ ਦੀ ਦੇਖ-ਰੇਖ ਵਿਚ ਗਰਮੀਆਂ ਬੀਤਾਉਣਾ ਰਾਧਿਕਾ ਲਈ ਸਜ਼ਾ ਹੋ ਜਾਵੇਗੀ, ਸ਼ਾਇਦ ਇਹ ਸੋਚ ਕੇ ਪਾਪਾ ਨੇ ਆਪ ਮਸੂਰੀ ਜਾਣ ਦਾ ਪ੍ਰਬੰਧ ਕਰ ਲਿਆ। ਕੈਮਲਸ ਬੈਕ ਰੋਡ ਤੇ ਆਪਣੀ ਇਕ ਕਾਟੇਜ ਸੀ ਜਿੱਥੇ ਪਾਪਾ ਵਰ੍ਹਿਆਂ ਤੋਂ ਨਹੀਂ ਗਏ ਸਨ, ਉਸ ਸਾਲ ਉਸ ਨੂੰ ਮੁਰੰਮਤ ਕਰਵਾ ਕੇ ਠੀਕ ਕਰਵਾਇਆ ਤੇ ਭਵਾਨੀ ਨੂੰ ਨਾਲ ਲੈ ਕੇ, ਅਪਰੈਲ ਦੇ ਸ਼ੁਰੂ ਵਿਚ ਹੀ ਚਲੇ ਗਏ। ਰਾਧਿਕਾ ਉਨ੍ਹਾਂ ਨਾਲ ਇਸ ਸਾਥ ਦੀ ਆਸ਼ਾ ਨਾ ਰੱਖੇ, ਇਹ ਪਹਿਲਾਂ ਹੀ ਉਨ੍ਹਾਂ ਨੇ ਜਤਾ ਦਿੱਤਾ ਸੀ। ਉਨ੍ਹਾਂ ਦੀ ਇਕ ਪੁਸਤਕ ਛੱਪ ਰਹੀ ਸੀ ਤੇ ਉਹ ਉਸ ਵਿਚ ਹੀ ਰੁੱਝੇ ਰਹਿਣਗੇ।

ਰਾਧਿਕਾ ਲਈ ਇਹ ਕੋਈ ਨਵੀਂ ਗੱਲ ਨਹੀਂ ਸੀ। ਉਂਜ ਤਾਂ ਪਾਪਾ ਨੇ ਬਾਬੇ ਦੀ ਮਰਜ਼ੀ ਅਨੁਸਾਰ ਵਕਾਲਤ ਪੜ੍ਹੀ ਵੀ ਸੀ, ਗੇਟ ਤੇ ਉਨ੍ਹਾਂ ਦੇ ਨਾਂ ਦਾ ਧੂੜ ਭਰਿਆ ਬੋਰਡ ਅਜੇ ਕੁਝ ਦਿਨ ਪਹਿਲਾਂ ਤੱਕ ਲਟਕਦਾ ਰਿਹਾ ਸੀ ਪਰ ਵਕਾਲਤ ਕਰਨ ਵਿਚ ਕਦੇ ਉਨ੍ਹਾਂ ਦਾ ਦਿਲ ਲੱਗਿਆ ਹੋਵੇ, ਅਜਿਹਾ ਉਸ ਨੇ ਕਦੇ ਨਹੀਂ ਸੀ ਸੁਣਿਆ। ਬਾਬਾ ਆਪਣੇ ਸਮੇਂ ਦੇ ਪ੍ਰਸਿੱਧ ਵਕੀਲਾਂ ਵਿਚੋਂ ਸਨ ਤੇ ਸ਼ਹਿਰ ਵਿਚ ਦੁਕਾਨਾਂ ਦੀ ਇਕ ਕਤਾਰ ਤੇ ਇੱਥੇ-ਉੱਥੇ ਤਿੰਨ ਚਾਰ ਘਰ ਛੱਡ ਗਏ ਸੀ। ਉਨ੍ਹਾਂ ਦੇ ਜੀਵਨ ਸਮੇਂ ਵਿਚ ਹੀ ਪਾਪਾ ਨੇ ਸਾਹਿਤ ਤੇ ਕਲਾ ਤੇ ਲੇਖ ਆਦਿ ਲਿਖਣੇ ਸ਼ੁਰੂ ਕਰ ਦਿੱਤੇ ਸਨ ਪਰ ਰਾਧਿਕਾ ਦੀ ਮਾਂ ਦੀ ਮੌਤ ਮਗਰੋਂ ਤਾਂ ਉਨ੍ਹਾਂ ਦਾ ਸਾਰਾ ਸਮਾਂ ਹੀ ਉਨ੍ਹਾਂ ਵਿਚ ਲੱਗਣ ਲੱਗਾ। ਵਰ੍ਹਿਆਂ ਤੱਕ ਜੀਵਨ ਦਾ ਕ੍ਰਮ ਇਸੇ ਤਰ੍ਹਾਂ ਹੀ ਚਲਦਾ ਰਿਹਾ। ਵੱਡੇ ਭਾਈ ਸ਼ਿਮਲੇ ਸਕੂਲ ਵਿਚ ਪੜ੍ਹਦੇ ਰਹੇ ਤੇ ਰਾਧਿਕਾ ਨੌਕਰਾਂ ਤੇ ਆਯਾ ਵਿਚ ਘਿਰੀ, ਪਾਪਾ ਨਾਲ ਸਿਵਲ ਲਾਈਨਜ਼ ਵਾਲੇ, ਵੱਡੇ ਸਾਰੇ ਪੁਰਾਣੇ ਬੰਗਲੇ ਵਿਚ ਰਹਿੰਦੀ ਰਹੀ। ਗਰਮੀਆਂ ਆਉਂਦੀਆਂ ਤਾਂ ਗੰਗਾ ਪਾਰ ਵਾਲੀ ਕੋਠੀ ਵਿਚ ਚਲੇ ਜਾਂਦੇ ਜਿੱਥੇ ਰਾਧਿਕਾ ਦੀਆ ਦੁਪਹਿਰਾਂ ਬਾਗ ਵਿਚ ਕੱਚੇ ਅੰਬ ਜਾਂ ਫਾਲਸੇ ਤੋੜ ਕੇ ਖਾਣ ਵਿਚ ਬੀਤਦੀ।

ਮਸੂਰੀ ਦੀ ਭੀੜ-ਭਾੜ ਵਿਚ ਰਾਧਿਕਾ ਦਾ ਦਿਲ ਖੂਬ ਲੱਗ ਗਿਆ। ਕਾਟੇਜ਼ ਦੇ ਨੇੜੇ ਹੀ ਵਿਦਿਆ ਆਪਣੀ ਛੋਟੀ ਭੈਣ ਰਮਾ ਤੇ ਬੁੱਢੀ ਮਾਂ ਦੇ ਨਾਲ ਠਹਿਰੀ ਹੋਈ ਸੀ। ਰਮਾ ਰਾਧਿਕਾ ਦੀ ਹਮ ਉਮਰ ਸੀ ਅਤੇ ਹਰ ਸਾਲ ਮਸੂਰੀ ਆਉਣ ਕਾਰਨ ਉਸ ਦੇ ਜਾਣੂਆਂ ਦਾ ਦਾਇਰਾ ਬਹੁਤ ਲੰਮਾ ਚੌੜਾ ਸੀ। ਰਾਧਿਕਾ ਉਨ੍ਹਾਂ ਵਿਚ ਉਤਸ਼ਾਹ ਨਾਲ ਸ਼ਾਮਲ ਹੋ ਗਈ। ਉਹ ਜਾਣਦੀ ਸੀ ਕਿ ਕੰਮ ਕਰਦਿਆਂ ਹੋਇਆ ਪਾਪਾ ਕਿਸੇ ਤਰ੍ਹਾਂ ਦਾ ਵੀ ਵਿਘਨ ਪਸੰਦ ਨਹੀਂ

ਕਰਦੇ, ਇਸ ਲਈ ਰਾਧਿਕਾ ਦੇ ਬਹੁਤਾ ਬਾਹਰ ਰਹਿਣ ਨਾਲ ਉਨ੍ਹਾਂ ਨੂੰ ਘਰ ਵਿਚ ਥੋੜ੍ਹੀ ਜਿਹੀ ਸ਼ਾਂਤੀ ਹੀ ਮਿਲੇਗੀ। ਫਿਰ ਘਰ ਵਿਚ ਪੁਰਾਣਾ ਨੌਕਰ ਭਵਾਨੀ ਸੀ ਜੋ ਪਾਪਾ ਦੀਆਂ ਖਾਣ-ਪੀਣ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਸਕਦਾ ਸੀ।

ਭਵਾਨੀ ਨੇ ਹੀ ਸਭ ਤੋਂ ਪਹਿਲਾਂ ਬੁੜ ਬੁੜਾਣਾ ਸ਼ੁਰੂ ਕੀਤਾ। "ਸਾਰਾ ਸਾਰਾ ਦਿਨ ਇੱਥੇ ਬੀਤਦਾ ਹੈ, ਸਾਹਿਬ ਨਾਲ ਹਰ ਵੇਲੇ ਗੱਲਾਂ ਮਾਰਦੀ ਰਹਿੰਦੀ ਹੈ। ਕੰਮ ਕਾਰ ਸਭ ਠੱਪ ਪਿਆ ਹੈ,"

"ਕੌਣ ? " ਰਾਧਿਕਾ ਸਵੇਰ ਦੀ ਚਾਹ ਪੀ ਰਹੀ ਸੀ। ਗੂੜ੍ਹੀ ਨੀਂਦ ਦਾ ਨਸ਼ਾ ਅਜੇ ਵੀ ਉਸ ਤੇ ਸੀ, ਖੱਬੀ ਬਾਂਹ ਸਿਥਲ ਜਿਹੀ ਰਜ਼ਾਈ ਉੱਪਰ ਪਈ ਸੀ, ਰਜ਼ਾਈ ਦੀ ਠੰਢੀ ਸਾਟਨ ਨੂੰ ਮਹਿਸੂਸ ਕਰਦੀ ਹੋਈ। ਪਿਛਲਾ ਸਾਰਾ ਦਿਨ ਕੇਂਪਟੀ ਫਾਲ ਦੀ ਪਿਕਨਿਕ ਤੇ ਬੀਤਿਆ ਸੀ। ਤੇ ਪੈਰ ਅਜੇ ਵੀ ਥੋੜ੍ਹਾ-ਥੋੜ੍ਹਾ ਦੁੱਖ ਰਹੇ ਸਨ।

"ਉਹ ਵਿਦਿਆ ਹੋਰ ਕੌਣ ?" ਭਵਾਨੀ ਨੇ ਆਖਿਆ ਤੇ ਝਾੜਨ ਲੈ ਕੇ ਪੂੰਝਣ ਲੱਗਾ।

"ਓਹ, ਵਿਦਿਆ !" ਰਾਧਿਕਾ ਹੱਸ ਪਈ ਵਿਦਿਆ ਦੇ ਕਮਰੇ ਵਿਚ ਆਉਂਦਿਆਂ ਹੀ ਰਮਾ ਦੀਆਂ ਸਹੇਲੀਆਂ ਇਕ ਦਮ ਚੁੱਪ ਹੋ ਜਾਂਦੀਆਂ ਸਨ ਤੇ ਇਹ ਸੰਨਾਟਾਂ ਉਦੋਂ ਤੱਕ ਰਹਿੰਦਾ ਜਦੋਂ ਤਕ ਵਿਦਿਆ ਚਲੀ ਨਾ ਜਾਂਦੀ। ਰਮਾ ਤਾਂ ਕੁਝ ਵਰ੍ਹੇ ਵੱਡੀ ਹੋਣ ਤੇ ਵੀ ਉਸ ਦੇ ਸਭਾ ਵਿਚ ਬਿੱਲਕੁਲ ਫ਼ਰਕ ਸੀ, ਘੱਟ ਬੋਲਦੀ, ਘੱਟ ਹੱਸਦੀ। ਉਹੀ ਵਿਦਿਆ ਪਾਪਾ ਦਾ ਸਮਾਂ ਨਸ਼ਟ ਕਰਦੀ ਹੈ, ਇਹ ਜਾਣਕੇ ਰਾਧਿਕਾ ਨੂੰ ਹਾਸਾ ਆਇਆ, ਭਾਵੇਂ ਪਾਪਾ ਤੇ ਵਿਦਿਆ ਵਿਚਕਾਰ ਕਿਤਾਬਾਂ ਦਾ ਅਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ, ਇਸ ਬਾਰੇ ਉਹ ਜਾਣਦੀ ਸੀ।

ਕੁਝ ਹਫ਼ਤਿਆਂ ਮਗਰੋਂ ਜਦੋਂ ਉਹ ਰਮਾ ਤੇ ਹੋਰ ਜਾਣੂਆ ਦੇ ਘਰੋਂ ਸਾਰਾ ਦਿਨ ਬ੍ਰਿਜ ਖੇਲ ਵਾਪਸ ਆਈ ਤਾਂ ਪਾਪਾ ਉਸਦੀ ਉਡੀਕ ਵਿਚ ਬਾਹਰ ਵਰਾਂਡੇ ਵਿਚ ਹੀ ਟਹਿਲ ਰਹੇ ਸਨ।

ਰਾਧਿਕਾ ਦੂਰੋਂ ਦੇਖ ਕੇ ਹੀ ਠਠੰਬਰ ਕੇ ਰਹਿ ਗਈ। ਉਹ ਸਾਰਾ ਦਿਨ ਬਾਹਰ ਬਿਤਾ ਕੇ ਆਈ ਹੈ, ਇਹ ਗੱਲ ਭਵਾਨੀ ਨੇ ਪਾਪਾ ਦੇ ਕੰਨ ਵਿਚ ਆਖ ਦਿੱਤੀ ਹੋਣੀ ਹੈ ਤੇ ਹੁਣ ਪਈ ਡਾਂਟ!

ਉਹ ਕੁਝ ਦੇਰ ਵਰਾਂਡੇ ਵਿਚ ਰੁਕੀ। ਪਾਪਾ ਨੇ ਕੋਲ ਪਈ ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ। ਪਾਪਾ ਨੇ ਟਹਿਲਣਾ ਬੰਦ ਕਰ ਦਿੱਤਾ ਤੇ ਪਾਈਪ ਦੇ ਲੰਮੇ-ਲੰਮੇ ਕਸ਼ ਲੈਂਦੇ ਰਹੇ। ਉਹ ਕੁਝ ਆਖਣ ਲਈ ਉਚਿੱਤ ਸ਼ਬਦ ਲੱਭ ਰਹੇ ਸਨ, ਰਾਧਿਕਾ ਆਪਣੇ ਨੌਂਹਾਂ ਵੱਲ ਦੇਖਦੀ ਰਹੀ। ਪਾਪਾ ਦੇ ਝਾੜ-ਝਪਟ ਦੇ ਕੁਝ ਸ਼ਬਦਾਂ ਲਈ ਉਹ ਪੂਰੀ ਤਰ੍ਹਾਂ ਹਾਜ਼ਰ ਸੀ।

"ਬੇਟੀ, ਅਗਲੇ ਹਫ਼ਤੇ ਮੈਂ ਤੇ ਵਿਦਿਆ ਵਿਆਹ ਕਰਨ ਜਾ ਰਹੇ ਹਾਂ।"

ਰਾਧਿਕਾ ਨੇ ਚੌਂਕ ਕੇ ਪਾਪਾ ਵੱਲ ਵੇਖਿਆ। ਛਿੰਨਾਂ ਵਿਚ ਉਸ ਉੱਪਰ ਇਕ ਤੂਫ਼ਾਨ ਗੁਜਰ ਗਿਆ ਸੀ। ਬਾਹਰ ਪਹਾੜ ਤੇ ਗਹਿਰਾ ਨੀਲਾ ਆਕਾਸ਼ ਸੀ। ਵਰਾਂਡੇ ਦੇ ਬਾਹਰ ਜੀਨਿਆ ਦੇ ਵੱਡੇ-ਵੱਡੇ ਫੁੱਲ, ਕੁਰਸੀ ਦੀ ਬੈਂਤ ਵਿਚ ਉਂਗਲੀਆਂ ਫਸਾ ਕੇ ਰਾਧਿਕਾ ਨੇ ਆਪਣੇ ਆਪ ਨੂੰ ਕਾਬੂ ਕੀਤਾ।

ਫਿਰ ਉਹ ਬਿਨਾ ਕੁਝ ਆਖਿਆਂ ਉੱਠੀ ਤੇ ਆਪਣੇ ਕਮਰੇ ਵਿਚ ਚਲੀ ਗਈ। ਕੁਝ ਦੇਰ ਬੈਠਣ ਮਗਰੋਂ ਉੱਠੀ ਤੇ ਅਲਮਾਰੀ 'ਚੋਂ ਕੱਪੜੇ ਕੱਢ ਕੇ ਪਲੰਘ ਤੇ ਰੱਖਣ ਲੱਗੀ।

ਪਾਪਾ ਨਾਲ ਜਦੋਂ ਵੀ ਉਹ ਗੁੱਸੇ ਹੁੰਦੀ ਹੈ, ਰਾਧਿਕਾ ਘਰ ਛੱਡ ਕੇ ਦੌੜ ਜਾਣਦੀ ਧਮਕੀ ਦਿੰਦੀ। ਉਹ ਮਾਸੀ ਕੋਲ ਚਲੀ ਜਾਵੇਗੀ, ਵੱਡੇ ਭਾਈ ਦੇ ਹੋਸਟਲ, ਪਰ ਉਹ ਕਦੀ-ਕਦੀ ਪਾਪਾ ਦੇ ਪਾਸ ਨਹੀਂ ਰਹੇਗੀ। ਅਲਮਾਰੀ ਥੱਲਿਓਂ ਉਹ ਆਪਣੀ ਅਟੈਚੀ ਕੱਢਦੀ ਅਤੇ ਉਸਨੂੰ ਪੈਕ ਕਰਨ ਲੱਗਦੀ, ਆਪਣਾ ਮੰਜਨ, ਬੁਰਸ਼ ਕੰਘੀ, ਰਿਬਨ ਇਕ ਦੋ ਖਿਲੋਨੇ, ਕੁਝ ਕੱਪੜੇ, ਇਹ ਸਭ ਬੜੀ ਸਾਵਧਾਨੀ ਨਾਲ ਰਖਿਆ ਜਾਂਦਾ ਤੇ ਆਪਣੇ ਛੋਟੇ ਬਟੂਏ ਦੇ ਪੈਸੇ ਇਕ ਵਾਰ ਗਿਣ ਕੇ ਉਹ ਕਮਰੇ ਦੇ ਦਰਵਾਜ਼ੇ ਬੰਦ ਕਰਕੇ ਬਾਹਰ ਨਿਕਲਣ ਲੱਗਦੀ, ਤਾਂ ਪਾਪਾ ਹਮੇਸ਼ਾਂ ਸਟੱਡੀ 'ਚੋਂ ਨਿਕਲ ਕੇ ਉਸ ਨੂੰ ਗੋਦ ਵਿਚ ਉਠਾ ਲੈਂਦੇ।

ਇਕ ਅੱਧ ਹੰਝੂ ਕੇਰ ਕੇ ਰਾਧਿਕਾ ਮੰਨ ਜਾਂਦੀ ਤੇ ਪਾਪਾ ਉਸ ਨੂੰ ਵਾਪਸ ਲੈ ਆਉਂਦੇ, ਅਤੇ ਮੰਨਾਉਣ ਲਈ ਹਮੇਸ਼ਾਂ ਕੁਝ ਨਾ ਕੁਝ ਦਿੰਦੇ, ਜਿਵੇਂ ਤਸਵੀਰਾਂ ਵਾਲੀ ਕਿਤਾਬ ਜਾ ਰਾਧਿਕਾ ਦੇ ਪਿਆਰੇ ਕਤੂਰੇ ਲਈ ਸਵਾਟਰ ਬੁਣਨ ਲਈ ਉੱਨ ਜਾਂ ਇਕ ਹਫ਼ਤੇ ਲਈ ਰੋਜ਼ ਰਾਤ ਨੂੰ ਇਕ ਕਹਾਣੀ ਪੜ੍ਹ ਕੇ ਸੁਣਾਉਣ ਦਾ ਵਾਇਦਾ।

ਹੁਣ ਇਹ ਨਹੀਂ ਹੋ ਸਕਦਾ। ਪਾਪਾ ਵਿਦਿਆ ਨਾਲ ਵਿਆਹ ਕਰਨਾ ਚਾਹੁੰਦੇ ਹਨ ਤੇ ਜੇਕਰ ਰਾਧਿਕਾ ਘਰੋਂ ਚਲੀ ਵੀ ਜਾਵੇਗੀ ਤਾਂ ਸ਼ਾਇਦ ਉਹ ਰੋਕਣਗੇ ਵੀ ਨਹੀਂ, ਕਿਉਂਕਿ ਉਹ ਜਾਣਦੇ ਹਨ ਕਿ ਰਾਧਿਕਾ ਕਿੱਧਰੇ ਨਹੀਂ ਜਾ ਸਕਦੀ।

ਜਾ ਕਿਉਂ ਨਹੀਂ ਸਕਦੀ, ਰਾਧਿਕਾ ਨੇ ਮਨ ਵਿਚ ਸੋਚਿਆ, ਉਸ ਨੇ ਬੀ. ਏ. ਦਾ ਇਮਤਿਹਾਨ ਦਿੱਤਾ ਹੈ, ਪਾਸ ਤਾਂ ਹੋ ਹੀ ਜਾਵੇਗੀ, ਫਿਰ ਉਹ ਨੌਕਰੀ ਕਰ ਲਵੇਗੀ ਕਿੱਧਰੇ ਸਵਾਗਤ ਕਰਤਾ, ਜਾਂ ਏਅਰ ਹੋਸਟੈਸ ਜਾਂ ਸੇਲਜ਼-ਗਰਲ।

ਇਸ ਨਾਲ ਪਾਪਾ ਨੂੰ ਕਿੰਨੀ ਸੱਟ ਵੱਜੇਗੀ। ਇਹ ਉਹ ਜਾਣਦੀ ਸੀ ਤੇ ਉਸ ਵੇਲੇ ਉਹ ਚਾਹੁੰਦੀ ਸੀ, ਪਾਪਾ ਨੂੰ, ਦੁਗਣੀ ਜ਼ੋਰ ਦੀ ਸੱਟ ਮਾਰਨਾ। ਉਹ ਪੁਰਾਣੀ ਆਦਤ ਅਨੁਸਾਰ ਪਹਿਲਾਂ ਗੁਸਲਖਾਨੇ 'ਚੋਂ ਮੰਜਨ ਬੁਰਸ਼ ਲੈ ਆਈ, ਫਿਰ ਡ੍ਰੈਸਿੰਗ ਟੇਬਲ ਤੋਂ ਚੀਜ਼ਾਂ ਸਮੇਟਣ ਲੱਗੀ।

"ਰਾਧਿਕਾ !"

ਉਸ ਦੇ ਦਰਵਾਜ਼ੇ ਤੇ ਵਿਦਿਆ ਖੜੀ ਸੀ।

" ਮੇਰੇ ਕਰਕੇ ਤੁਹਾਨੂੰ ਘਰ ਛੱਡ ਕੇ ਜਾਣ ਦੀ ਲੋੜ ਹੈ," ਵਿਦਿਆ ਨੇ ਆਖਿਆ।

ਤਾਂ ਰਾਧਿਕਾ ਨੇ ਘੁੰਮ ਕੇ ਵਿਦਿਆ ਦਾ ਸਾਹਮਣਾ ਕੀਤਾ ! ਹਮੇਸ਼ਾ ਗੰਭੀਰ ਦਿਖਾਈ ਦੇਣ ਵਾਲੀ ਵਿਦਿਆ ਦਾ ਚਿਹਰਾ ਇਸ ਵੇਲੇ ਬੜਾ ਸੁਲਝਿਆ ਹੋਇਆ ਸੀ।

ਰਾਧਿਕਾ ਨੇ ਬਹੁਤ ਕੁਝ ਕਹਿਣਾ ਚਾਹਿਆ, ਪਰ ਉਸ ਦਾ ਗਲਾ ਭਰ ਆਇਆ। ਦੋ ਛਿੰਨਾਂ ਮਗਰੋਂ ਉਸ ਨੇ ਵਿਦਿਆ ਵੱਲ ਪਿੱਠ ਕਰ ਲਈ ਤੇ ਉਸ ਦੇ ਹੱਥ ਰੁਝ ਗਏ।

"ਕੀ ਆਪਾਂ ਦੋਨੋ ਚੰਗੇ ਮਿੱਤਰਾਂ ਵਾਂਗ ਨਹੀਂ ਰਹਿ ਸਕਦੀਆ?" ਵਿਦਿਆ ਨੇ ਧੀਮੀ ਆਵਾਜ਼ ਵਿਚ ਆਖਿਆ।

ਮੈਨੂੰ ਮਿੱਤਰ ਨਹੀਂ ਚਾਹੀਦੇ," ਰਾਧਿਕਾ ਨੇ ਭਰੇ ਗਲੇ ਨਾਲ ਆਖਿਆ।

"ਮੇਰੀ ਗੱਲ ਸੁਣੋ,"

"ਤੁਸੀਂ ਫਜ਼ੂਲ ਆਪਣਾ ਸਮਾਂ ਬਰਬਾਦ ਕਰ ਰਹੇ ਹੋ," ਰਾਧਿਕਾ ਚਾਹੁੰਦੀ ਸੀ ਕਿ ਉਸ ਦੀ ਆਵਾਜ਼ ਵਿਚ ਖਿੱਝ ਤੇ ਰੋਣਾ ਨਾ ਹੋਵੇ ਪਰ ਉਹ ਸਫ਼ਲ ਨਹੀਂ ਹੋਈ।

ਵਿਦਿਆ ਦੇ ਜਾਣ ਮਗਰੋਂ ਉਹ ਕੁਰਸੀ ਤੇ ਬੈਠ ਗਈ ਅਤੇ ਪੱਲੇ ਨਾਲ ਉਸ ਨੇ ਆਪਣਾ ਮੂੰਹ ਢੱਕ ਲਿਆ। ਪਲੰਘ ਤੇ ਉਸਦੀਆਂ ਚੀਜ਼ਾਂ ਬਿਖਰੀਆਂ ਰਹੀਆਂ।

ਉਹ ਜਾਣ ਰਹੀ ਸੀ ਕਿ ਹੁਣ ਕਦੇ ਵੀ ਪਹਿਲਾਂ ਵਾਂਗ ਨਹੀਂ ਹੋਵੇਗਾ। ਉਹ ਨੂੰ ਵਾਰ-ਵਾਰ ਹੈਰਾਨੀ ਹੁੰਦੀ ਹੈ ਕਿ ਪਾਪਾ ਨੂੰ ਵਿਆਹ ਦੀ ਗੱਲ ਸੁੱਝੀ ਹੀ ਕਿਵੇਂ ? ਘੱਟੋ-ਘੱਟ ਵੀਹ ਸਾਲ ਤਾਂ ਵਿਦਿਆਂ ਤੋਂ ਉਹ ਵੱਡੇ ਹੋਣਗੇ ਹੀ, ਤੇ ਵਿਦਿਆ ਵੀ, ਇਹ ਜਾਣਦਿਆਂ ਹੋਇਆ ਕਿ ਪਾਪਾ ਦੇ ਦੋ ਵੱਡੇ-ਵੱਡੇ ਬੱਚੇ ਹਨ, ਇਸ ਵਿਆਹ ਤੇ.....।'

ਭਵਾਨੀ ਨੇ ਆ ਕੇ ਉਸ ਤੋਂ ਪੁੱਛਿਆ ਕਿ ਉਹ ਰਾਤ ਨੂੰ ਕੀ ਖਾਵੇਗੀ। ਸਾਹਿਬ ਨੂੰ ਤਾਂ ਵਿਦਿਆ ਬੀਬੀ ਦੇ ਘਰ ਸੱਦਾ ਹੈ ਤੇ ਕੁਝ ਦੇਰ ਪਹਿਲਾਂ ਇਕੱਠੇ ਹੇਠਾਂ ਚਲੇ ਵੀ ਗਏ ਹਨ।

"ਕੁਝ ਨਹੀਂ," ਰਾਧਿਕਾ ਦੇ ਆਖਣ ਤੇ ਵੀ ਉਹ ਗਿਆ ਨਹੀਂ ਤੇ ਸਾਮਾਨ ਨੂੰ ਖਿਲਰਿਆ ਦੇਖ ਕੇ ਪੁੱਛਣ ਲੱਗਾ, "ਕਿਤੇ ਬਾਹਰ ਜਾ ਰਹੇ ਹੋ ?"

"ਹਾਂ"

"ਕਿੱਥੇ"

ਇਸ ਦਾ ਜਵਾਬ ਰਾਧਿਕਾ ਪਾਸ ਨਹੀਂ ਸੀ। ਫਿਲਹਾਲ ਉਸ ਨੇ ਵੱਡੇ ਭਰਾ ਪਾਸ ਜਾਣ ਦੀ ਸੋਚੀ ਸੀ। ਵੱਡਾ ਭਰਾ ਇਸ ਵਿਆਹ ਨੂੰ ਨਹੀਂ ਹੋਣ ਦੇਵੇਗਾ, ਅਜਿਹਾ ਉਸ ਦਾ ਯਕੀਨ ਸੀ।

"ਬੱਸ ਤਾਂ ਕਲ੍ਹ ਸਵੇਰੇ ਮਿਲੇਗੀ," ਭਵਾਨੀ ਨੇ ਆਖਿਆ।

"ਕਲ੍ਹ ਹੀ ਜਾਵਾਂਗੀ,' ਰਾਧਿਕਾ ਨੇ ਆਖਿਆ।

"ਤਾਂ ਥੋੜ੍ਹੀ ਦੇਰ ਬਾਹਰ ਆ ਜਾਓ। ਬਿਸਤਰੇ ਵਗੈਰਾ ਠੀਕ ਕਰ ਦੇਈਏ,"

ਰਾਧਿਕਾ ਨੂੰ ਉੱਠਣਾ ਪਿਆ। ਉਹ ਵਰਾਂਡੇ ਵਿਚ ਆ ਕੇ ਖੜੋ ਗਈ ਖ਼ੂਬ ਹੇਠ ਰਿਬਨ ਵਾਂਗ ਸੜਕ ਪਈ ਸੀ, ਅਤੇ ਛੋਟੇ-ਛੋਟੇ ਪੁਤਲਿਆਂ ਵਾਂਗ ਲੋਕ ਆ ਜਾ ਰਹੇ ਸਨ। ਅਜੇ ਸਵੇਰ ਤੱਕ ਉਹ ਆਪ ਇਸ ਆਜ਼ਾਦ ਨਿਸਚਿੰਤ ਜਨਤਾ ਦਾ ਹਿੱਸਾ ਸੀ, ਉਹ ਸਵੇਰ ਹੁਣ ਕਿੰਨੀ ਦੂਰ, ਕਿਸੇ ਹੋਰ ਜਨਮ ਵਿਚ ਵਾਪਰੀ ਜਾਪਦੀ ਸੀ। ਹੇਠਾਂ ਘਾਟੀ ਵਿਚ ਕਿਤੇ-ਕਿਤੇ ਬੱਤੀਆਂ ਜਗਣ ਲੱਗੀਆਂ। ਰਾਧਿਕਾ ਦੇ ਦੇਖਦਿਆਂ ਹੀ ਦੇਖਦਿਆ ਇਕ ਦਮ ਸਾਰੀਆਂ ਪਹਾੜੀ ਸੜਕਾਂ ਤੇ ਬਿਜਲੀਆਂ ਜਗ ਪਈਆਂ।

ਰਾਧਿਕਾ ਨੇ ਇਕ ਦੋ ਵਾਰ ਲੰਮੇ ਸਾਹ ਲਏ, ਪਾਪਾ ਸਿਰਫ਼ ਪਿਤਾ, ਲੇਖਕ, ਵਕੀਲ ਬਣ ਕੇ ਹੀ ਸੰਤੁਸ਼ਟ ਨਹੀਂ ਸਨ, ਇਹ ਉਹਦੇ ਸਾਹਮਣੇ ਸਪਸ਼ਟ ਸੀ। ਉਹ ਜੀਵਨ ਵਿਚ

ਪੂਰਨਤਾ ਚਾਹੁੰਦੇ ਸਨ, ਇਕ ਜਵਾਨ ਸਰੀਰ ਦਾ ਸਾਥ ਤੇ ਇਸ ਵਿਚਾਰ ਨਾਲ ਰਾਧਿਕਾ ਦੇ ਮਨ ਵਿਚ ਨਫ਼ਰਤ ਭਰ ਗਈ। ਇਹ ਉਨ੍ਹਾਂ ਨੂੰ ਕੀ ਸੁਝੀ, ਰਾਧਿਕਾ ਨੇ ਕਈ ਵਾਰ ਸੋਚਿਆ, ਜੇਕਰ ਉਨ੍ਹਾਂ ਦੀ ਮਹਿਬੂਬਾ ਪ੍ਰੋੜ ਉਮਰ ਦੀ, ਮੋਹ-ਮਮਤਾ ਨਾਲ ਭਰਪੂਰ ਇਸਤਰੀ ਹੁੰਦੀ ਤਾਂ ਸ਼ਾਇਦ ਰਾਧਿਕਾ ਉਸ ਨੂੰ ਸਵੀਕਾਰ ਵੀ ਕਰ ਲੈਂਦੀ। ਪਰ ਵਿਦਿਆ ? ਵਿਦਿਆ ਇਸਤਰੀਆਂ ਨਾਲ ਮੁਕਾਬਲਤਨ ਲੰਮੀ ਸੀ, ਤੇ ਸਾੜ੍ਹੀ ਬੜੀ ਸਾਵਧਾਨੀ ਨਾਲ ਬੰਨ੍ਹਦੀ ਸੀ, ਜਿਸ ਨਾਲ ਉਸ ਦੇ  ਸਰੀਰ ਦਾ ਅਨੁਪਾਤ ਹੋਰ ਵੀ ਸਪਸ਼ਟ ਹੋ ਜਾਵੇ, ਇਹ ਗੱਲ ਰਮਾ ਦੀਆ ਸਾਰੀਆਂ ਸਹੇਲੀਆਂ ਨੇ ਨੋਟ ਕੀਤੀ ਸੀ। ਨਾਲ ਹੀ ਆਰਥਿਕ ਤੌਰ ਤੇ ਆਜ਼ਾਦ ਹੋਣ ਕਾਰਨ ਉਸ ਦੇ ਕੱਪੜੇ ਕਾਫੀ ਮਹਿੰਗੇ ਪਰ ਚੰਗੇਰੀ ਰੁਚੀ ਵਾਲੇ ਹੁੰਦੇ ਸਨ, ਇਸ ਵੱਲ ਵੀ ਉਨ੍ਹਾਂ ਦਾ ਧਿਆਨ ਗਿਆ ਸੀ। ਦੀਦੀ ਨੂੰ ਕੋਈ ਆਦਮੀ ਆਪਣੇ ਲਈ ਠੀਕ ਨਹੀਂ ਜਚਦਾ, ਰਮਾ ਨੇ ਇਹ ਕਈ ਵਾਰ ਆਖਿਆ ਸੀ।

ਬਹੁਤ ਨਾ ਨੁਕਰ ਤੇ ਵੀ ਭਵਾਨੀ ਨੇ ਥੋੜ੍ਹਾ ਜਿਹਾ ਵੈਜੀਟੇਬਲ ਸੂਪ ਲੈਣ ਲਈ ਮਜ਼ਬੂਰ ਕਰ ਦਿੱਤਾ। ਠੰਢ ਵੱਧ ਜਾਣ ਤੇ ਵੀ ਰਾਧਿਕਾ ਅੰਦਰ ਨਹੀਂ ਗਈ, ਪੈਰ ਸਮੇਟ ਕੇ ਕੁਰਸੀ ਤੇ ਹੀ ਬੈਠੀ ਰਹੀ, ਭਵਾਨੀ ਸ਼ਾਲ ਦੇ ਗਿਆ। ਉਸ ਨੂੰ ਖੋਲ੍ਹ ਕੇ ਆਪਣੇ ਉਪਰ ਲੈ ਲਿਆ। ਉਹ ਚਾਹੁੰਦੀ ਸੀ ਕਿ ਪਾਪਾ ਜਦੋਂ ਬਹੁਤ ਦੇਰ ਨਾਲ ਵਾਪਸ ਆਉਣ ਤਾਂ ਉਸ ਨੂੰ ਇਉਂ ਬੈਠੀ ਦੇਖਣ ਅਤੇ ਤਾਂ ਸਮਝਣ ਕਿ ਉਨ੍ਹਾਂ ਨੇ ਉਸ ਨੂੰ ਕਿੰਨਾਂ ਦੁੱਖੀ ਕੀਤਾ ਹੈ। ਦੂਜੇ ਪਾਸੇ ਮਨ ਵਿਚ ਇਹ ਭਾਵ ਵੀ ਸੀ ਕਿ ਉਹ ਦੀਨ ਅਵਸਥਾ ਵਿਚ ਆਪਣੇ ਆਪ ਨੂੰ ਵਿਖਾ ਕੇ ਕਿਉਂ ਉਨ੍ਹਾਂ ਵਿਚ ਤਰਸ ਜਗਾਉਣਾ ਚਾਹੁੰਦੀ ਹੈ ? ਕਿਉਂ ਨਹੀਂ ਉਹ ਉਨੀ ਵਰ੍ਹਿਆਂ ਦੀ ਆਜ਼ਾਦ ਮੁਟਿਆਰ ਵਾਂਗ ਸੂਟਕੇਸ ਲੈ ਕੇ ਕਿਧਰੇ ਚਲੀ ਜਾਂਦੀ ? ਬਿਨਾਂ ਆਪਣਾ ਪਤਾ-ਟਿਕਾਣਾ ਦੱਸੇ, ਫਿਰ ਪਾਪਾ ਨੂੰ ਲੱਗੇਗਾ।

ਬੈਠੀ-ਬੈਠੀ ਅਖੀਰ ਉਹ ਸੋ ਹੀ ਗਈ। ਸ਼ਾਇਦ ਪਾਪਾ ਜਲਦੀ ਹੀ ਵਾਪਸ ਆ ਗਏ ਹੋਣਗੇ, ਕਿਉਂਕਿ ਉਸ ਨੂੰ ਇਉਂ ਜਾਪਿਆ ਕਿ ਉਸ ਦੀ ਅੱਖ ਸਿਰਫ਼ ਪੰਜ ਮਿੰਟ ਹੀ ਲੱਗੀ ਹੈ ਪਰ ਕੁਰਸੀ ਤੇ ਬੈਠੇ-ਬੈਠੇ ਉਸ ਦਾ ਸਾਰਾ ਸਰੀਰ ਆਕੜ ਗਿਆ ਸੀ।

"ਬੇਟਾ, ਰਾਧਿਕਾ" ਪਾਪਾ ਨੇ ਬਹੁਤ ਧੀਮੀ ਅਵਾਜ਼ ਵਿਚ ਆਖਿਆ।

ਰਾਧਿਕਾ ਨੇ ਮਹਿਸੂਸ ਕੀਤਾ ਕਿ ਉਸ ਦਾ ਖੱਬਾ ਪੈਰ ਮੁੰਨ ਹੋ ਗਿਆ ਹੈ।

"ਅੰਦਰ ਜਾ ਕੇ ਠੀਕ ਤਰ੍ਹਾਂ ਸੌਂਵੋਂ। ਇਥੇ ਠੰਢ ਲੱਗ ਜਾਵੇਗੀ," ਕਹਿ ਕੇ ਉਨ੍ਹਾਂ ਨੇ ਵਰਾਂਡੇ ਦੀ ਬੱਤੀ ਜਗਾ ਦਿੱਤੀ।

ਰਾਧਿਕਾ ਨੇ ਉਠਣ ਦਾ ਯਤਨ ਕੀਤਾ ਪਰ ਲੜ ਖੜਾ ਗਈ। ਫਿਰ ਉਹ ਖੱਬਾ ਪੈਰ ਘੜੀਸਦੀ ਹੋਈ ਆਪਣੇ ਕਮਰੇ ਵੱਲ ਵਧੀ।

ਪਾਪਾ ਉਸ ਦੇ ਨਾਲ ਆਏ। ਆ ਕੇ ਕੁਰਸੀ ਤੇ ਬੈਠ ਗਏ। "ਮੈਂ ਚਾਹੁੰਦਾ ਹਾਂ ਕਿ ਤੁਸੀਂ ਵਿਦਿਆ ਨਾਲ ਚੰਗਾ ਵਰਤਾਉ ਕਰਨਾ ਸਿੱਖ ਲਉ। ਤੁਸੀਂ ਦੋਨਾਂ ਨੇ ਹੁਣ ਇਕੱਠੇ ਹੀ ਰਹਿਣਾ ਹੈ।

ਰਾਧਿਕਾ ਨੇ ਦੁੱਖੀ ਅੱਖਾਂ ਉੱਚੀਆ ਕੀਤੀਆਂ। ਕੁਝ ਸਮਾਂ ਪਹਿਲਾਂ, ਹਨ੍ਹੇਰੇ ਵਿਚ ਪਾਪਾ ਦੀ ਆਵਾਜ਼ ਸੁਣ ਕੇ ਉਸ ਨੂੰ ਲੱਗਾ ਕਿ ਪਾਪਾਂ ਚੰਗੀ ਤਰ੍ਹਾਂ ਸਮਝ ਰਹੇ ਹਨ ਕਿ ਉਨ੍ਹਾਂ ਦੀ ਗੱਲ ਨਾਲ ਰਾਧਿਕਾ ਦੇ ਜੀਵਨ ਵਿਚ ਭੂਚਾਲ ਜਿਹਾ ਆ ਗਿਆ ਹੈ। ਪਰ ਪਾਪਾ ਦੇ ਇਸ ਸਵਰ ਨੇ ਉਸ ਦਾ ਉਹ ਭਰਮ ਦੂਰ ਕਰ ਦਿੱਤਾ।

"ਮੈਂ ਹੁਣ ਤੁਹਾਡੇ ਨਾਲ ਨਹੀਂ ਰਹਾਂਗੀ," ਰਾਧਿਕਾ ਨੇ ਤਿੱਖੀ ਆਵਾਜ਼ ਵਿਚ ਆਖਿਆ।

ਪਾਪਾ ਉਸ ਵੱਲ ਸਿੱਧੀ ਨਜ਼ਰੇ ਦੇਖਦੇ ਰਹੇ। ਫਿਰ ਉਨ੍ਹਾਂ ਨੇ ਉਠਦਿਆਂ ਹੋਇਆ ਬੜੇ ਠਰੰਮੇ ਨਾਲ ਆਖਿਆ, "ਮੈਨੂੰ ਆਸ ਹੈ ਕਿ ਤੂੰ ਜਲਦਬਾਜ਼ੀ ਵਿਚ ਕੁਝ ਨਹੀਂ ਕਰੇਂਗੀ।" ਆਪਣੇ ਪਿੱਛੇ ਉਨ੍ਹਾਂ ਨੇ ਰਾਧਿਕਾ ਦੇ ਦਰਵਾਜ਼ੇ ਬੰਦ ਕਰ ਦਿੱਤੇ ਤੇ ਉਨ੍ਹਾਂ ਦੇ ਪੈਰਾਂ ਦੀ ਆਵਾਜ਼ ਦੂਰ ਹੁੰਦੀ ਗਈ।

ਵੱਡੇ ਭਾਈ ਤੇ ਭਾਬੀ ਦੀਆਂ ਵੱਖ-ਵੱਖ ਪ੍ਰਤਿਕ੍ਰਿਆਵਾਂ ਹੋਈਆਂ। ਭਾਬੀ ਜਿਸ ਨੂੰ ਹਮੇਸ਼ਾ ਇਹ ਡਰ ਰਹਿੰਦਾ ਸੀ ਕਿ ਪਾਪਾ ਜਾਂ ਰਾਧਿਕਾ ਉਨ੍ਹਾਂ ਪਾਸ ਆ ਕੇ ਰਹਿਣ ਨਾ ਲੱਗ ਪੈਣ, ਸ਼ਾਇਦ ਕੁਝ ਨਿਸਚਿਤ ਹੋਈ। ਵੱਡੇ ਭਰਾ ਨੂੰ ਖਬਰ ਮਿਲੀ ਸੀ, ਪਰ ਉਹ ਵਿਦਿਆ ਬਾਰੇ ਕੁਝ ਨਹੀਂ ਸਨ ਜਾਣਦੇ, ਫਿਰ ਉਹ ਆਪਣੇ ਸਹੁਰਿਆਂ ਦੇ ਬਿਜ਼ਨਿਸ ਵਿਚ ਐਨੇ ਰੁਝੇ ਹੋਏ ਸਨ ਕਿ ਪਾਪਾ ਨਾਲ ਉਨ੍ਹਾਂ ਦਾ ਲੈਣ ਦੇਣ ਹੀ ਕੀ ਸੀ ? ਇਸ ਵਿਹਾਰਕ ਬੁੱਧੀ ਵੱਸ ਉਨ੍ਹਾਂ ਨੇ ਰਾਧਿਕਾ ਨੂੰ ਸਲਾਹ ਦਿੱਤੀ ਕਿ ਉਹ ਵਾਪਸ ਜਾ ਕੇ ਚੰਗੀ ਧੀ ਵਾਂਗ ਘਰ ਵਿਚ ਹੀ ਰਹੇ। ਉਨ੍ਹਾਂ ਨੂੰ ਪਾਪਾ ਦਾ ਇਸ ਉਮਰੇ ਵਿਆਹ ਕਰਨਾ ਚੰਗਾ ਨਹੀਂ ਸੀ ਲੱਗਾ। ਪਰ ਉਹ ਇਸ ਗੱਲ ਦਾ ਡੱਟ ਕੇ ਵਿਰੋਧ ਵੀ ਨਹੀਂ ਸਨ ਕਰਨਾ ਚਾਹੁੰਦੇ।

ਰਾਧਿਕਾ ਨੇ ਕੁਝ ਦਿਨ ਰਹਿਣ ਮਗਰੋਂ ਮਹਿਸੂਸ ਕੀਤਾ ਕਿ ਭਾਬੀ ਘੜੀ ਮੁੜੀ ਇਹੀ ਕਿੱਸਾ ਛੇੜ ਕੇ ਬਹਿ ਜਾਂਦੀ ਹੈ ਕਿ ਹੁਣ ਰਾਧਿਕਾ ਨੂੰ ਪਾਪਾ ਕੋਲ ਹੀ ਰਹਿਣਾ ਚਾਹੀਦਾ ਹੈ।

ਇਸੇ ਦੌਰਾਨ ਰਾਧਿਕਾ ਦਾ ਰਿਜ਼ਲਟ ਆ ਗਿਆ ਤੇ ਉਹ ਫ਼ਸਟ ਕਲਾਸ ਲੈ ਕੇ ਪਾਸ ਵੀ ਹੋ ਗਈ। ਵੱਡੇ ਭਾਈ ਦੇ ਘਰ ਇਸ ਗੱਲ ਦਾ ਕੋਈ ਅਸਰ ਨਹੀਂ ਪਿਆ, ਹਾਂ, ਸ਼ਾਮ ਤਕ ਵਧਾਈ ਦੀ ਇਕ ਤਾਰ ਜ਼ਰੂਰ ਆਈ, ਵਿਦਿਆ ਵੱਲੋਂ ! ਅਤੇ ਫਿਰ ਕੁਝ ਦਿਨਾਂ ਮਗਰੋਂ ਇਕ ਪਾਰਸਲ ਵੀ, ਜਿਸ ਵਿਚ ਇਕ ਸਾੜ੍ਹੀ ਸੀ। ਰਾਧਿਕਾ ਨੇ ਪਾਰਸਲ ਖੋਲ੍ਹ ਕੇ ਉਂਜ ਹੀ ਛੱਡ ਦਿੱਤਾ ਭਾਵੇਂ ਭਾਬੀ ਕਈ ਦਿਨ ਉਸੇ ਡਿਜ਼ਾਈਨ ਦੀ ਸਾੜ੍ਹੀ ਦੀ ਖੋਜ ਵਿਚ ਘੁੰਮਦੀ ਰਹੀ।

"ਹੁਣ ਅੱਗੇ ਕੀ ਕਰੇਂਗੀ ?" ਇਕ ਦਿਨ ਸ਼ਾਮ ਨੂੰ ਲਾਅਨ ਵਿਚ ਬੈਠਿਆਂ ਹੋਇਆ ਵੱਡੇ ਭਾਈ ਨੇ ਪੁੱਛਿਆ।

ਵੱਡੇ ਭਾਈ ਦੀ ਇਹ ਕੋਠੀ ਹੁਣੇ ਹੀ ਬਣੀ ਸੀ, ਉਹ ਲਾਅਨ ਵਿਚ ਵੀ ਬੈਠਦੇ ਤਾਂ ਕੋਠੀ ਵੱਲ ਮੂੰਹ ਕਰਕੇ। ਲਾਅਨ ਦੇ ਘਾਹ ਦੀ ਕਟਿੰਗ ਉਨ੍ਹਾਂ ਨੇ ਇਕ ਅਜਿਹੀ ਐਗਰੀਕਲਚਰਲ ਇੰਸਟੀਚਿਊਟ ਤੋਂ ਮੰਗਵਾਈ ਸੀ, ਜਿੱਥੇ ਹਮੇਸ਼ਾਂ ਘਾਹ ਨਿਊਯਾਰਕ ਤੋਂ ਆਉਂਦਾ ਸੀ। ਲਾਅਨ ਸੱਚਮੁੱਚ ਹੀ ਵਧੀਆ ਸੀ, ਪੰਨੇ ਵਰਗੇ ਰੰਗ ਦਾ ਦੂਰ ਤੱਕ ਫੈਲਿਆ ਮੁਲਾਇਮ ਗਲੀਚਾ ਜਿਹਾ।

ਵੱਡੇ ਭਾਈ ਵਿਦੇਸ਼ ਯਾਤਰਾ ਮਗਰੋਂ ਰੋਜ਼ ਸ਼ਾਮ ਨੂੰ ਸਕਾਚ ਪੀਣ ਲੱਗੇ ਸਨ। ਇਸ ਵੇਲੇ ਉਨ੍ਹਾਂ ਦਾ ਦੂਸਰਾ ਦੌਰ ਚਲ ਰਿਹਾ ਸੀ। ਭਾਬੀ ਉੱਥੇ ਨਹੀਂ ਸੀ।

"ਮੈਂ ਅਜੇ ਕੁਝ ਸੋਚਿਆ ਨਹੀਂ ਹੈ," ਰਾਧਿਕਾ ਨੇ ਆਖਿਆ।

"ਤੁਹਾਡੀ ਭਾਬੀ ਦੀ ਰਾਏ ਹੈ ਕਿ ਤੁਹਾਡਾ ਵਿਆਹ ਹੋ ਜਾਣਾ ਚਾਹੀਦਾ ਹੈ। ਮੈਂ ਆਪ ਵੀ ਸੋਚਦਾ ਹਾਂ ਕਿ ਪਾਪਾ ਨੂੰ ਇਸ ਬਾਰੇ ਲਿਖਾਂ।"

ਰਾਧਿਕਾ ਨੇ ਕੁਝ ਨਹੀਂ ਆਖਿਆ। ਚੁੱਪ-ਚਾਪ ਦੂਰ ਚਾਰ ਦੀਵਾਰੀ ਵੱਲ ਦੇਖਦੀ ਰਹੀ।

"ਮੁਸ਼ਕਿਲ ਤਾਂ ਇਹ ਹੈ ਕਿ ਇਨ੍ਹਾਂ ਸਭ ਗੱਲਾਂ ਵਿਚ ਸਮਾਂ ਲੱਗਦਾ ਹੈ। ਉਦੋਂ ਤੱਕ ਤੁਹਾਡਾ ਵਿਹਲੇ ਬੈਠਣਾ ਵੀ ਠੀਕ ਨਹੀਂ।"

ਰਾਧਿਕਾ ਨੇ ਉਨ੍ਹਾਂ ਦੀ ਗੱਲ ਸੁਣਨੀ ਛੱਡ ਦਿੱਤੀ। ਉਸ ਦਾ ਓਰੈਂਜ ਸਕਵੈਸ਼ ਦੇਰ ਦਾ ਖਤਮ ਹੋ ਚੁੱਕਾ ਸੀ। ਪੀ ਲੈਣ ਮਗਰੋਂ ਵੱਡੇ ਭਾਈ ਦਾ ਚਿਹਰਾ ਅਕਸਰ ਲਾਲ ਹੋ ਜਾਂਦਾ ਸੀ ਤੇ ਉਨ੍ਹਾਂ ਨੂੰ ਵਾਰ-ਵਾਰ ਮੱਥੇ ਦਾ ਪਸੀਨਾਂ ਰੁਮਾਲ ਨਾਲ ਪੂੰਝਣਾ ਪੈਂਦਾ ਸੀ। ਰਾਧਿਕਾ ਨੂੰ ਲੱਗਾ ਕਿ ਬੜੇ ਭਾਈ ਸਾਹਿਬ ਕਦੇ-ਕਦੇ ਪਾਪਾ ਨਾਲ ਬਹੁਤ ਮਿਲਦੇ ਹਨ ਪਰ ਪਾਪਾ ਦੇ ਚਿਹਰੇ ਤੇ ਜੋ

ਸੁਧਾਰ ਹੈ, ਉਹ ਆਰਾਮ ਦੀ ਜ਼ਿੰਦਗੀ ਕਾਰਨ ਵੱਡੇ ਭਾਈ ਵਿਚ ਨਹੀਂ ਆ ਸਕਿਆ। ਵਿਆਹ ਉਨ੍ਹਾਂ ਦਾ ਇੰਜਨੀਅਰਿੰਗ ਕਾਲਜ ਨਿਕਲਦੇ ਹੀ ਹੋ ਗਿਆ ਸੀ। ਹੁਣ ਉਨ੍ਹਾਂ ਦੇ ਦੋ ਵੱਡੇ-ਵੱਡੇ ਬੱਚੇ ਸਨ, ਵੀਣਾ ਤੇ ਵਿਵੇਕ। ਭਾਬੀ ਆਪਣੇ ਪਿਤਾ ਦੀ ਇੱਕਲੀ ਸੰਤਾਨ ਹੈ ਅਤੇ ਵੱਡੇ ਭਾਈ ਨੇ ਵਿਆਹ ਮਗਰੋਂ ਸਹੁਰਿਆਂ ਦਾ ਕਾਰੋਬਾਰ ਸੰਭਾਲ ਲਿਆ, ਦੋ ਮਿਲਾਂ, ਇਕ ਸ਼ੂਗਰ ਫੈਕਟਰੀ, ਟਰੱਕ, ਸਿਨੇਮਾ ਹਾਊਸ, ਹੋਰ ਵੀ ਪਤਾ ਨਹੀਂ ਕੀ ਕੀ। ਵੱਡੇ ਭਰਾ ਦਾ ਵਿਆਹ ਵੀ ਪਾਪਾ ਦਾ ਕਰਵਾਇਆ ਹੋਇਆ ਨਹੀਂ ਸੀ। ਇਸੇ ਤਰ੍ਹਾਂ ਅਚਾਨਕ ਉਨ੍ਹਾਂ ਨੂੰ ਸੂਚਨਾ ਦਿੱਤੀ ਸੀ ਕਿ ਉਸ ਨੂੰ ਇਕ ਲੜਕੀ ਪਸੰਦ ਆ ਗਈ ਤੇ ਉਹ ਜਲਦੀ ਵਿਆਹ ਕਰਨਾ ਚਾਹੁੰਦਾ ਹੈ। ਪਾਪਾ ਰਾਧਿਕਾ ਨੂੰ ਲੈ ਕੇ ਜਦ ਵਿਆਹ ਵਿਚ ਸ਼ਾਮਲ ਹੋਏ ਤਾਂ ਰਾਧਿਕਾ ਭਾਬੀ ਨੂੰ ਦੇਖ ਕੇ ਵਾਰ-ਵਾਰ ਇਹ ਸਚੋਦੀ ਰਹੀ ਕਿ ਵੱਡੇ ਭਰਾ ਨੂੰ ਪਸੰਦ ਆਉਣ ਵਾਲੀ ਗੱਲ ਕਿਹੜੀ ਲੱਗੀ ? ਇਹ ਗੱਲ ਨਹੀਂ ਕਿ ਉਹ ਦੇਖਣ ਸੁਣਨ ਨੂੰ ਚੰਗੀ ਨਹੀਂ ਸੀ, ਪਰ ਮੁੱਢ ਤੋਂ ਹੀ, ਪਿਤਾ ਦੀ ਇਕੱਲੀ ਧੀ ਹੋ ਕੇ ਬੇਮਾਰ ਦੌਲਤ ਲਿਆਉਣ ਦਾ ਜੋ ਹੰਕਾਰ ਉਸ ਵਿਚ ਸੀ, ਉਹ ਰਾਧਿਕਾ ਤੋਂ ਸਹਿਆ ਨਹੀਂ ਸੀ ਜਾਂਦਾ।

ਪਾਪਾ ਦੀਆਂ ਕਈ ਚਿੱਠੀਆਂ ਵੱਡੇ ਭਰਾ ਪਾਸ ਆਈਆ ਕਿ ਹੁਣ ਰਾਧਿਕਾ ਨੂੰ ਆ ਜਾਣਾ ਚਾਹੀਦਾ ਹੈ। ਜੇਕਰ ਯੂਨੀਵਰਸਿਟੀ ਵਿਚ ਅੱਗੇ ਪੜ੍ਹਨਾ ਹੈ ਤਾਂ ਹੁਣੇ ਹੀ ਵਿਸ਼ਾ ਆਦਿ ਨਿਸ਼ਚਿਤ ਕਰਨਾ ਹੋਵੇਗਾ। ਦੇਰੀ ਕਰਨ ਨਾਲ ਬਾਦ ਵਿਚ ਪੰਗਾ ਹੀ ਹੋਵੇਗਾ। ਕਿਉਂਕਿ ਪੱਤਰ ਵੱਡੇ ਭਰਾ ਨੂੰ ਲਿਖੇ ਗਏ ਸੀ, ਇਸ ਲਈ ਰਾਧਿਕਾ ਨੇ ਇਨ੍ਹਾਂ ਪੱਤਰਾਂ ਦਾ ਜਵਾਬ ਨਾ ਦਿੱਤਾ।

ਮਸੂਰੀ ਤੋਂ ਵਾਪਸ ਆਉਂਦਿਆਂ ਹੋਇਆ ਪਾਪਾ ਵਿਦਿਆ ਨਾਲ ਕੁਝ ਸਮਾਂ ਵੱਡੇ ਭਰਾ ਪਾਸ ਰੁਕੇ।

ਵਿਦਿਆ ਸਾਹਮਣੇ ਹੋ ਕੇ ਵੱਡੇ ਭਾਈ ਕੁਝ ਠੰਠਬਰ ਜਾਂਦੇ ਹਨ, ਇਹ ਦੇਖ ਕੇ ਰਾਧਿਕਾ ਨੂੰ ਬੜਾ ਮਜ਼ਾ ਆਇਆ। ਭਾਬੀ ਤਾਂ ਜਿਵੇਂ ਬੌਂਦਲ ਹੀ ਗਈ ਸੀ, ਉਸ ਦੀ ਸਾਰੀ ਸ਼ਾਨ ਸ਼ੌਕਤ ਤੋਂ ਵਿਦਿਆ ਤਾਂ ਬਿੱਲਕੁਲ ਅਪ੍ਰਭਾਵਿਤ ਜਿਹੀ ਲੱਗਦੀ ਸੀ। ਫਿਰ ਇਸ ਸ਼ਾਂਤ ਰੂਪ, ਉਜਲੀ ਦੀਪਸ਼ਿਖਾ ਵਰਗੀ ਹਮ ਉਮਰ ਸੱਸ ਦੀ ਕਲਪਨਾ ਉਨ੍ਹਾਂ ਨੇ ਵੀ ਨਹੀਂ ਕੀਤੀ ਹੋਵੇਗੀ।

ਜਦੋਂ ਪਾਪਾ ਚੰਗੀ ਤਰ੍ਹਾਂ ਸਾਹਮਣੇ ਨਾ ਹੁੰਦੇ ਤਾਂ ਰਾਧਿਕਾ ਉਨ੍ਹਾਂ ਦੇ ਚਿਹਰੇ ਤੇ ਇਹ ਖੋਜਣ ਦਾ ਯਤਨ ਕਰਦੀ ਕਿ ਕੀ ਉਹ ਸਚਮੁੱਚ ਸੁੱਖੀ ਹਨ ? ਉਨ੍ਹਾਂ ਦੇ ਚਿਹਰੇ ਵਿਚ ਉਸ ਨੂੰ

ਕੋਈ ਫ਼ਰਕ ਨਜ਼ਰ ਨਾ ਆਉਂਦਾ, ਉਹੀ ਚੌੜਾ ਮੱਥਾ ਘਣੇ ਭਰਵੱਟਿਆਂ ਹੇਠਾਂ ਪ੍ਰਤਿਭਾ ਨਾਲ ਚਮਕਦੀਆਂ ਅੱਖਾਂ, ਅੱਖਾਂ ਦੇ ਆਸ-ਪਾਸ ਅਸੰਖ ਝੁਰੜੀਆਂ, ਉਹੀ ਵਿਚਾਰ-ਮਗਨ ਮੁਦਰਾ ਤੇ ਜਦੋਂ ਕਦੀ ਮੁਸਕਰਾਉਣਾ ਤਾਂ ਪੂਰੇ ਚਿਹਰੇ ਤੇ ਇਕ ਚਿੱਟੇ ਪ੍ਰਕਾਸ਼ ਦਾ ਬਿਖਰ ਜਾਣਾ।

ਇਕ ਸ਼ਾਮ ਉਹ ਸਾਰੇ ਲਾਅਨ ਵਿਚ ਬੈਠੇ ਸਨ, ਸਿਵਾਏ ਰਾਧਿਕਾ ਦੇ, ਜਿਸ ਨੂੰ ਭਾਬੀ ਨੇ ਨੌਕਰ ਭੇਜ ਕੇ ਬੁਲਾਇਆ ਸੀ, ਉਹ ਖਿਝੀ ਹੋਈ ਉੱਠੀ ਸੀ। ਹਨ੍ਹੇਰੇ ਏਅਰ ਕੰਡੀਸ਼ਨ ਕਮਰੇ ਵਿਚ ਪਏ ਰਹਿਣਾ ਉਸ ਨੂੰ ਚੰਗਾ ਲੱਗਦਾ ਸੀ ਅਤੇ ਫਿਰ ਉਹ ਪਾਪਾ ਤੇ ਵਿਦਿਆ ਸਾਹਮਣੇ ਜਾਣਾ ਵੀ ਨਹੀਂ ਸੀ ਚਾਹੁੰਦੀ।

ਉਹ ਆ ਕੇ ਕੁਝ ਅਲੱਗ ਪਈ ਕੁਰਸੀ ਤੇ ਬੈਠ ਗਈ। ਸਵੇਰ ਤੋਂ ਹੀ ਉਸ ਨੇ ਬਹੁਤ ਹਲਕੇ ਰੰਗ ਦੀ ਆਰਕੰਡੀ ਦੀ ਸਾੜੀ ਪਹਿਨੀ ਹੋਈ ਸੀ, ਇਸ ਵੇਲੇ ਤੱਕ ਜਿਸ ਵਿਚ ਕਾਫ਼ੀ ਵੱਟ ਪੈ ਗਏ ਸਨ। ਵਿਦਿਆ ਤੇ ਭਾਬੀ ਦੋਨੋਂ ਹੀ ਆਪਣੇ-ਆਪਣੇ ਅਨੁਸਾਰ ਕਾਫੀ ਬਣੀਆਂ ਸੰਵਰੀਆਂ ਸਨ। ਵਿਦਿਆ ਸਫੈਦ ਚਿਕਨ ਦੀ ਸਾੜੀ ਤੇ ਢਿੱਲੇ ਜਿਹੇ ਜੂੜੇ ਵਿਚ ਤੇ ਭਾਬੀ ਨੇ ਇਸ ਵੇਲੇ ਕੁਝ ਜ਼ਿਆਦਾ ਹੀ ਮੇਕਅਪ ਥਪ ਲਿਆ ਸੀ।

"ਅਸੀਂ ਤੇਰੇ ਵਿਆਹ ਦੀ ਗੱਲ ਕਰ ਰਹੇ ਸਾਂ," ਇਹ ਸੁਣ ਕੇ ਰਾਧਿਕਾ ਨੇ ਭਾਬੀ ਵੱਲ ਮਾੜਾ ਜਿਹਾ ਦੇਖਿਆ

"ਇਨ੍ਹਾਂ ਦਾ......" ਵੱਡੇ ਭਰਾ ਦਾ ਇਸ਼ਾਰਾ ਵਿਦਿਆ ਵੱਲ ਸੀ, ਉਹ ਦੁਬਿਧਾ ਵਿਚ ਰੁਕ ਗਏ ਸੀ ਕਿ ਪਿਤਾ ਦੀ ਪਤਨੀ ਨੂੰ ਕਿਵੇਂ, ਸੰਬੋਧਨ ਕਰਾਂ," ਇਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਜਲਦੀ ਵਿਚ ਕੀਤੇ ਗਏ ਵਿਆਹ ਨਾਲ ਸ਼ਾਇਦ ਤੁਸੀਂ ਸੁੱਖੀ ਨਾ ਹੋਵੋ ਕਿਉਂਕਿ......ਕਿਉਂਕਿ….." ਵੱਡੇ ਭਾਈ ਰੁਕ ਗਏ।

"ਇਹ ਅਕਸਰ ਦੇਖਿਆ ਗਿਆ ਹੈ ਕਿ ਜੋ ਲੜਕੀਆਂ ਇਲੈਕਟ੍ਰਾ ਕੰਪਲੈਕਸ ਨਾਲ ਗ੍ਰਸਿਤ ਹੁੰਦੀਆਂ ਹਨ, ਉਹ ਵਿਆਹ ਕਰਕੇ ਸੁੱਖੀ ਨਹੀਂ ਹੁੰਦੀਆਂ," ਵਿਦਿਆ ਨੇ ਹੌਲੀ-ਹੌਲੀ ਸਮਝਾ ਕੇ ਆਖਿਆ।

ਰਾਧਿਕਾ ਨੂੰ ਇਕ ਦਮ ਗੁੱਸਾ ਚੜ੍ਹ ਗਿਆ, ਪਰ ਉਹ ਕੁਝ ਬੋਲ ਨਾ ਸਕੀ। ਤੱਦ ਉਸ ਦੀ ਨਜ਼ਰ ਪਾਪਾ ਨਾਲ ਮਿਲ ਗਈ। ਪਾਪਾ ਗੰਭੀਰ ਸਨ, ਪਰ ਉਨ੍ਹਾਂ ਦੀਆਂ ਅੱਖਾਂ ਵਿਚ ਇਕ ਤਰਲਤਾ ਸੀ, ਜਿਸ ਵਿਚ ਉਨ੍ਹਾਂ ਦੀਆਂ ਪੁਤਲੀਆਂ ਡੁੱਬੀਆਂ ਹੋਈਆਂ ਸਨ। ਪਹਿਲਾਂ ਹਮੇਸ਼ਾਂ ਦੋਨਾਂ ਵਿਚ ਇਕ ਹੋਰ, ਚੁੱਪ-ਭਾਸ਼ਾ ਸੀ, ਜਿਵੇਂ ਉਨ੍ਹਾਂ ਦੋਨਾਂ ਦੇ ਮੱਥੇ ਇਕ ਹੀ ਵੇਵ ਲੈਂਥ ਤੇ ਹੋਣ

ਪਰ ਹੁਣ ਪਾਪਾ ਟੀਊਨ-ਇੰਨ ਨਹੀਂ ਸਨ, ਉਹ ਦੂਰ ਸਨ, ਸਭ ਤੋਂ ਵੱਖ, ਅਤੇ ਆਪਣੇ ਆਪੇ ਵਿਚ ਡੁੱਬੇ ਹੋਏ।

"ਮੈਂ ਅਜੇ ਵਿਆਹ ਨਹੀਂ ਕਰਨਾ ਚਾਹੁੰਦੀ," ਰਾਧਿਕਾ ਨੇ ਦ੍ਰਿੜ ਆਵਾਜ਼ ਵਿਚ ਆਖਿਆ।

ਵਿਦਿਆ ਤੇ ਭਾਬੀ ਵਿਚ ਇਕ ਬੜੀ ਅਰਥ ਭਰੀ ਨਜ਼ਰ ਮਿਲੀ।

ਤੱਦ ਪਾਪਾ ਨੇ ਥੋੜ੍ਹਾ ਜਿਹਾ ਖੰਘ ਕੇ ਗਲ ਸਾਫ਼ ਕੀਤੀ ਤੇ ਕਿਹਾ, 'ਰਾਧਿਕਾ, ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਡੇ ਨਾਲ ਚੱਲੋ।"

ਰਾਧਿਕਾ ਇਕ ਦਮ ਮੱਚ ਉਠੀ, 'ਜੋ ਤੁਸੀਂ ਚਾਹੁੰਦੇ ਹੋ ਉਹੀ ਹਮੇਸ਼ਾ ਕਿਉਂ ਹੋਵੇ ? ਕੀ ਮੇਰੀ ਇੱਛਾ ਕੁਝ ਵੀ ਨਹੀਂ ? ਤੁਹਾਡੀ ਧੀ ਹਾਂ, ਇਹ ਠੀਕ ਹੈ ਪਰ ਹੁਣ ਮੈਂ ਵੱਡੀ ਹੋ ਗਈ ਹਾਂ ਤੇ ਜੋ ਮੈਂ ਚਾਹਾਂਗੀ ਉਹੀ ਕਰਾਂਗੀ।"

ਪਾਪਾ ਚੌਂਕੇ, ਫਿਰ ਉਨ੍ਹਾਂ ਦਾ ਚਿਹਰਾ ਕਰੜਾ ਹੋ ਗਿਆ। ਰਾਧਿਕਾ ਨੇ ਇਉਂ ਕਦੇ ਉਨ੍ਹਾਂ ਨੂੰ ਜਵਾਬ ਨਹੀਂ ਸੀ ਦਿੱਤਾ।

"ਰਾਧਿਕਾ," ਵਰਜਣ ਦੇ ਸਵਰ ਵਿਚ ਵੱਡੇ ਭਾਈ ਨੇ ਆਖਿਆ।

"ਬਸ ਬਹੁਤ ਹੋ ਗਈ। ਤੁਸੀਂ ਆਪਣੀ ਇੱਛਾ ਸਾਹਮਣੇ ਕਦੇ ਮੇਰੀ ਖੁਸ਼ੀ ਦਾ ਖਿਆਲ ਨਹੀਂ ਕੀਤਾ। ਬਸ ! ਹੁਣ ਤੁਸੀਂ ਸਾਰੇ ਮੈਨੂੰ ਇਕੱਲੀ ਛੱਡ ਦਿਉ," ਉਹ ਜੋਸ਼ ਵਿਚ ਉੱਠ ਕੇ ਚਲੀ ਗਈ। ਭਾਵਾਂ ਦੇ ਆਵੇਸ਼ ਕਾਰਨ ਉਸ ਨੂੰ ਆਪਣੀਆਂ ਗੱਲ੍ਹਾਂ ਤਪਦੀਆਂ ਹੋਈਆਂ ਲੱਗ ਰਹੀਆਂ ਸਨ। ਰਾਧਿਕਾ ਨੇ ਜਾ ਕੇ ਕੱਪੜੇ ਲਾਹ ਕੇ ਸੁੱਟ ਦਿੱਤੇ ਤੇ ਗੁਸਲਖਾਨੇ ਵਿਚ ਠੰਢੇ ਪਾਣੀ ਦੇ ਫੁਹਾਰੇ ਹੇਠਾਂ ਜਾ ਕੇ ਖੜੋ ਗਈ, ਫਿਰ ਵੀ ਗੁੱਸੇ ਦੀ ਗਰਮੀ ਨਾ ਮਿੱਟੀ।

ਬਾਦ ਵਿਚ ਉਹ ਪਾਪਾ ਦੇ ਪਾਸ ਹੀ ਗਈ। ਪਰ ਉਦੋਂ, ਜਦੋਂ ਵਿਦਿਆ ਨੇ, ਉਸਨੂੰ ਆਪ ਪੱਤਰ ਲਿਖ ਕੇ ਬੁਲਾਇਆ, ਉਦੋਂ ਤੱਕ ਭਾਬੀ ਵੀ ਕਾਫ਼ੀ ਪਰੇਸ਼ਾਨ ਕਰ ਚੁੱਕੀ ਸੀ ਤੇ ਰਾਧਿਕਾ ਪਾਸ ਕੋਈ ਹੋਰ ਚਾਰਾ ਨਹੀਂ ਸੀ।

ਇਹ ਗੱਲ ਨਹੀਂ ਕਿ ਗੰਗਾ ਪਾਰ ਵਾਲੀ ਕੋਠੀ ਦਾ ਰਸਤਾ ਬੜਾ ਕਠਿਨ ਹੈ, ਜਾਂ ਰਾਧਿਕਾ ਜਾਣਾ ਨਹੀਂ ਚਾਹੁੰਦੀ, ਫਿਰ ਵੀ, ਇਰਾਦਾ, ਕਰਦੇ-ਕਰਦੇ ਉਸ ਨੂੰ ਦੋ ਤਿੰਨ ਦਿਨ

ਲੱਗ ਗਏ।ਤੇ ਇਸ ਦੌਰਾਨ ਮਿਲਣ ਵਾਲਿਆਂ ਦੀ ਇੰਨੀ ਭੀੜ ਕਿ ਰਾਧਿਕਾ ਨੂੰ ਨਾ ਚਾਹੁੰਦਿਆਂ ਹੋਇਆ ਵੀ, ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਨਿਭਾਉਣਾ ਪਿਆ। ਸ਼ੰਭੂ ਸ਼ਾਇਦ ਨਾਸ਼ਤਾ, ਚਾਹ ਦਿੰਦਾ-ਦਿੰਦਾ ਥੱਕ ਗਿਆ ਹੋਵੇਗਾ, ਵਿਦਿਆ ਘੱਟ ਹੀ ਬਾਹਰ ਆਈ ਜਦੋਂ ਕਿ ਮਿਲਣ ਵਾਲੇ ਖਾਸ ਉਸ ਦੇ ਵੀ ਜਾਣੂੰ ਨਾ ਹੁੰਦੇ। ਬਹੁਤੀਆਂ ਰਾਧਿਕਾ ਦੀਆਂ ਪੁਰਾਣੀਆਂ ਸਹੇਲੀਆਂ, ਗਵਾਂਢ ਦੇ ਲੋਕ ਤੇ ਫਿਰ ਦੂਰ ਦੇ ਸੰਬੰਧੀ, ਅਤੇ ਉਨ੍ਹਾਂ ਨੂੰ ਮਿਲਣਾ ਰਾਧਿਕਾ ਨੂੰ ਥੋੜ੍ਹਾ ਟੀਡੀਅਸ ਜਾਪਿਆ। ਰਿਸ਼ਤੇ ਦੀ ਤਾਈ ਆਪਣੀ ਨੂੰਹਾਂ ਤੇ ਪੋਤਿਆਂ ਨੂੰ ਲੈ ਕੇ ਆਈ ਤੇ ਪੂਰਾ ਦਿਨ ਰਹੀ। ਵਿਚ-ਵਿਚਾਲੇ ਰਾਧਿਕਾ ਪਾਸੋਂ ਪੁੱਛ ਲੈਂਦੀਆਂ ਕਿ ਖਾਣ-ਪੀਣ ਦੀਆਂ ਚੀਜ਼ਾਂ ਦਾ ਉੱਥੇ ਕੀ ਭਾਅ ਹੈ ? ਸਿਗਰਟ, ਸ਼ਰਾਬ ਤਾਂ ਰਾਧਿਕਾ ਪੀਣ ਹੀ ਲੱਗੀ ਹੋਵੇਗੀ ਅਤੇ ਕੀ ਉੱਥੋਂ ਵਾਲੇ ਵੀ ਅਜਿਹੀ ਘਟੀਆਂ ਲਾਲ ਕਣਕ ਖਾਂਦੇ ਹਨ ਜਾਂ ਚੰਗੀ ਆਪਣੇ ਲਈ ਰੱਖ ਕੇ ਬਾਕੀ ਬਚੀ ਘਟੀਆ ਇੱਧਰ ਭੇਜ ਦਿੰਦੇ ਹਨ ? ਤੀਸਰੇ ਪਹਿਰ ਉਨ੍ਹਾਂ ਦੀ ਅੱਖ ਲੱਗਣ ਤੇ ਭਾਬੀ ਪਾਸ ਖਿਸਕ ਆਈ ਤੇ ਪੁੱਛਿਆ, "ਅੱਛਾ ਬੀਬੀ ਐਨੇ ਦਿਨ ਉਸ ਆਦਮੀ ਨਾਲ ਰਹਿ ਕੇ ਵੀ ਬਾਲ ਬੱਚਿਆਂ ਤੋਂ ਕਿਵੇਂ ਬਚੀ ਰਹੀ ? ਅਤੇ ਮੌਕਾ ਮਿਲਣ ਤੇ ਉਸ ਦੇ ਪਤੀ ਨੇ ਵੀ ਜਿਵੇਂ ਮਜ਼ਾ ਲੈਣ ਲਈ ਪੁੱਛ ਹੀ ਲਿਆ ਕਿ ਕੀ ਉੱਥੇ ਸੱਚਮੁੱਚ ਅਜਿਹੇ ਕਲੱਬ ਹਨ ਜਿਥੇ ਲੋਕ ਪਤਨੀਆਂ ਹਫ਼ਤੇ ਦੇ ਅੰਤ ਵਿਚ ਬਦਲ ਲੈਂਦੇ ਹਨ ?"

ਤਾਈ ਦੇ ਜਾਣ ਮਗਰੋਂ ਰਾਧਿਕਾ ਨੇ ਬਫ਼ਰਿਨ ਦੀਆਂ ਦੋ ਗੋਲੀਆਂ ਖਾਧੀਆਂ ਕਿ ਤਨਾਉ ਤੇ ਸਿਰ ਦਰਦ ਕੁਝ ਘੱਟ ਹੋਵੇ ਤੇ ਫੈਸਲਾ ਕਰ ਲਿਆ ਕਿ ਜਿਵੇਂ ਵੀ ਹੋਵੇ ਅਗਲੀ ਸਵੇਰ ਉਹ ਜ਼ਰੂਰ ਪਾਪਾ ਨੂੰ ਮਿਲਣ ਚਲੀ ਜਾਵੇਗੀ। ਅਤੇ ਰਾਤ ਦੇ ਖਾਣੇ ਤੇ ਉਸ ਨੇ ਵਿਦਿਆ ਤੋਂ ਪੁੱਛ ਲਿਆ ਕਿ ਕੋਈ ਖਾਸ ਚੀਜ਼ ਪਾਪਾ ਨੂੰ ਤਾਂ ਨਹੀਂ ਭੇਜਣੀ ? ਉਸ ਵੱਲੋਂ ਵਿਦਿਆ ਨੇ ਕੁਝ ਨਹੀਂ ਆਖਿਆ ਪਰ ਸਵੇਰੇ ਉੱਠ ਕੇ ਰਾਧਿਕਾ ਨੇ ਦੇਖਿਆ ਕਿ ਨਾ ਸਿਰਫ ਵਿਦਿਆ ਨੇ ਸਕੂਟਰ ਰਿਕਸ਼ਾ ਮੰਗਵਾ ਲਿਆ ਹੈ, ਬਲਕਿ ਆਪ ਵੀ ਨਾਲ ਜਾਣ ਲਈ ਤਿਆਰ ਹੈ।

ਇਕ ਛਿੰਨ ਰਾਧਿਕਾ ਨੇ ਸੋਚਿਆ ਕਿ ਉਹ ਸਿਰ ਦਰਦ ਦਾ ਬਹਾਨਾ ਕਰਕੇ ਰੁਕ ਜਾਵੇ।ਉਹ ਵਿਦਿਆ ਦੀ ਹਾਜ਼ਰੀ ਵਿਚ ਮਿਲਣਾ ਨਹੀਂ ਚਾਹੁੰਦੀ ਸੀ ਪਰ ਦੂਜੇ ਹੀ ਛਿੰਨ ਉਹ ਇਸ ਭਾਜਵਾਦੀ ਝਿਜਕ ਤੋਂ ਬਚ ਨਿਕਲੀ ਤੇ ਬੜੇ ਗੰਭੀਰ ਭਾਵ ਨਾਲ ਜਾ ਕੇ ਸਕੂਟਰ ਤੇ ਬੈਠ ਗਈ।ਇਕ ਸਰਦੀ ਦੀ ਸਵੇਰ ਸੀ ਤੇ ਪਨਸੁੱਠੀ ਦੀਆਂ ਟਾਹਣੀਆ ਤੇ ਧੁੱਪ ਲੇਟੀ ਹੋਈ ਸੀ, ਹਲਕੀ ਹਵਾ ਸਾਹਮਣੇ ਦੇ ਛੋਟੇ ਜਿਹੇ ਹਰਸ਼ਿੰਗਾਰ ਨੂੰ ਵਾਰ-ਵਾਰ ਹਿਲਾਉਂਦੀ, ਹਰ ਵਾਰ

ਅਟਕੇ ਹੋਏ ਇਕ ਦੋ ਫੁੱਲ ਹੇਠਾਂ ਡਿਗ ਪੈਂਦੇ। ਸੜਕ ਤੇ ਜਾਂਦੀਆਂ ਦੋ ਮੱਝਾਂ 'ਚ ਇਕ ਨੇ ਬੜੀ ਬੇਫ਼ਿਕਰੀ ਨਾਲ ਕਨੇਰ ਦੇ ਰੁੱਖ ਨੂੰ ਇਕ ਦੋ ਮੂੰਹ ਮਾਰ ਲਏ ਤੇ ਫਿਰ ਵੱਧ ਗਈ। ਜਦੋਂ ਦੀ ਆਈ ਸੀ, ਰਾਧਿਕਾ ਘਰੋਂ ਪਹਿਲੀ ਵਾਰ ਨਿਕਲ ਰਹੀ ਸੀ। ਅਸ਼ੋਕ ਬ੍ਰਿਛ ਦੀ ਕਤਾਰ, ਪਿੱਪਲ ਹੇਠ ਸਿੱਧੂਰ ਨਾਲ ਲਿਪੇ ਹੋਏ ਹਨੂਮਾਨ ਜੀ, ਹੌਲੀ ਤੋਰੇ ਵਾਪਸ ਆਉਂਦੇ ਸ਼ਰਨਾਰਥੀ ਤੇ ਮਕਾਨਾਂ ਤੇ ਜਾਣੂ ਨਾਵਾਂ ਦੇ ਫੱਟੇ ਪੜ੍ਹ ਕੇ ਉਸਨੂੰ ਬੜੀ ਮਧੁਰ ਹੈਰਾਨੀ ਹੁੰਦੀ। ਰਾਹ ਵਿਚ ਜਦੋਂ ਦੋ ਊਠ ਮਿਲੇ ਤਾਂ ਸਕੂਲ ਦੇ ਦਿਨਾਂ ਵਾਂਗ ਉਸ ਨੇ ਮਨ ਵਿਚ ਕਾਮਨਾ ਕੀਤੀ, ਪਾਪਾ ਨਾਲ ਮੇਰਾ ਮਿਲਣਾ ਠੀਕ ਤਰ੍ਹਾਂ ਹੋ ਜਾਵੇ। ਫਿਰ ਉਸ ਨੂੰ ਆਪਣੇ ਤੇ ਹਾਸਾ ਆਇਆ ਕਿ ਭਲਾ ਮਨੋਕਾਮਨਾ ਪੂਰੀਆਂ ਹੋਣ ਵਿਚ ਵਿਚਾਰੇ ਊਠ ਕੀ ਕਰਨਗੇ, ਪਰ ਇਹ ਵਿਸ਼ਵਾਸ ਓਵੇਂ ਹੀ ਮਨ ਵਿਚ ਜੰਮਿਆ ਹੋਇਆ ਸੀ, ਜਿਵੇਂ ਮੰਦਰ ਵਿਚ ਸਾੜੀ ਦਾ ਚੀਰ ਜਾਂ ਕਿਸੇ ਪੀਰ ਦੀ ਸਮਾਧੀ ਤੇ ਧਾਗਾ ਲਟਕਾਉਣਾ।

ਅੰਦਰ ਗੇਟ ਵਿਚ ਸਕੂਟਰ ਮੁੜਿਆ ਹੀ ਸੀ ਕਿ ਰਾਧਿਕਾ ਨੇ ਵੇਖ ਲਿਆ ਪਾਪਾ ਸਾਹਮਣੇ ਟਹਿਲ ਰਹੇ ਹਨ। ਉਹਨਾਂ ਨੇ ਇੱਧਰ ਦੇਖਿਆ ਤੇ ਰੁਕ ਗਏ। ਰਾਧਿਕਾ ਨੇ ਬਿੱਲਕੁਲ ਕੋਲ ਪਹੁੰਚਣ ਤੋਂ ਪਹਿਲਾਂ ਹੀ ਡਰਾਈਵਰ ਨੂੰ ਰੋਕਣ ਲਈ ਆਖ ਦਿੱਤਾ ਤੇ ਪੂਰੀ ਤਰ੍ਹਾਂ ਰੁਕਣ ਤੋਂ ਪਹਿਲਾਂ ਹੀ ਉੱਤਰ ਗਈ, ਵਿਦਿਆ ਨੇ ਉਸ ਨੂੰ ਅਜੀਬ ਜਿਹੀ ਨਜ਼ਰੇ ਦੇਖਿਆ। ਇਹ ਜਾਣਦਿਆਂ ਹੋਇਆ ਵੀ ਉਹ ਕਾਹਲੀ-ਕਾਹਲੀ ਪਿਤਾ ਜੀ ਵੱਲ ਵੱਧ ਗਈ।

ਪਾਪਾ ਉੱਥੇ ਰੁਕੇ ਖੜੇ ਰਹੇ, ਰਾਧਿਕਾ ਨੇ ਕੋਲ ਪਹੁੰਚ ਕੇ ਨਮਸਕਾਰ ਕਰਦੇ ਹੋਇਆ ਭਰਵੀਂ ਨਜ਼ਰੇ ਪਾਪਾ ਦੇ ਚਿਹਰੇ ਵੱਲ ਦੇਖਿਆ ਇਕ ਝਟਕੇ ਨਾਲ ਮਹਿਸੂਸ ਕਰਦਿਆਂ ਹੋਇਆ ਕਿ ਉਹ ਪਹਿਲਾਂ ਨਾਲੋਂ ਕਾਫੀ ਕਮਜ਼ੋਰ ਤੇ ਬਿਰਧ ਦਿਸ ਰਹੇ ਹਨ। ਵਾਲ ਤਕਰੀਬਨ ਸਾਡੇ ਚਿੱਟੇ ਹੋ ਗਏ ਹਨ, ਅੱਖਾਂ ਹੇਠਾਂ ਕਾਲੇ ਘੇਰੇ ਹਨ ਤੇ ਚਿਹਰੇ ਤੇ ਇਕ ਥਕਾਵਟ ਜਿਹੀ ਹੈ, ਇਸ ਚੜ੍ਹਦੀ ਸਵੇਰੇ ਵੀ।

"ਕੀ ਤੁਸੀਂ ਬਿਮਾਰ ਸੀ ?" ਰਾਧਿਕਾ ਨੇ ਪਹਿਲਾਂ ਗੱਲ ਸ਼ੁਰੂ ਕੀਤੀ।

"ਨਹੀਂ"," ਥੋੜਾ ਜਿਹਾ ਵਕਫਾ "ਰਸਤੇ ਵਿਚ ਤਕਲੀਫ ਤਾਂ ਨਹੀਂ ਹੋਈ ?"

ਉਨ੍ਹਾਂ ਦੇ ਸਵਰ ਦੀ ਦੂਰੀ ਤੋਂ ਲੋਕ-ਰਖਣੀ ਨਾਲ ਰਾਧਿਕਾ ਦੇ ਪੂਰੇ ਸਰੀਰ ਵਿਚ ਕਾਂਬਾ ਦੌੜ ਗਿਆ। ਪਰ ਉਸ ਨੇ ਖੁਸ਼ੀ ਨੂੰ ਆਪਣੀ ਆਵਾਜ਼ ਵਿਚ ਭਰਨ ਦਾ ਯਤਨ ਕਰਦਿਆਂ ਹੋਇਆ ਆਖਿਆ, "ਨਹੀਂ ! ਤਕਲੀਫ ਕੀ ਹੋਣੀ ਸੀ ?" ਉਦੋਂ ਤਕ ਵਿਦਿਆ ਵੀ

ਸਕੂਟਰ ਵਾਲੇ ਨੂੰ ਵਿਦਾ ਕਰਕੇ ਪਾਸ ਆ ਗਈ। ਪਾਪਾ ਨੇ ਉਸ ਵੱਲ ਮੂੰਹ ਕਰਕੇ ਆਖਿਆ, "ਦੇਖ ਜ਼ਰਾ ਨਾਸ਼ਤੇ ਦਾ ਪ੍ਰਬੰਧ ਕਰਵਾਓ। ਭਵਾਨੀ ਅੰਦਰ ਹੀ ਹੋਵੇਗੀ।"

ਬਿਨਾਂ ਕੁਝ ਆਖਿਆ ਵਿਦਿਆ ਅੰਦਰ ਵੱਲ ਚਲੀ ਗਈ। ਪੋਰਚ ਦੇ ਸਾਹਮਣੇ ਇਕ ਬੈਂਤ ਦੀ ਪੁਰਾਣੀ ਜਿਹੀ ਕੁਰਸੀ ਪਈ ਸੀ, ਪਾਪਾ ਨੇ ਆਖਿਆ "ਬੈਠੋ"।

"ਤੁਸੀਂ ਬੈਠੋ", ਤੇ ਉਸੇ ਵੇਲੇ ਇਕ ਦੂਸਰੀ ਕੁਰਸੀ ਲਈ ਅੰਦਰ ਤੋਂ ਭਵਾਨੀ ਆਉਂਦਾ ਦਿਸਿਆ।

"ਨਮਸਤੇ ਭਵਾਨੀ।"

"ਜੀਉਂਦੀ ਰਹੋ ਬੇਟੀ।" ਮੈਂ ਤਾਂ ਅੱਜ ਆਪ ਹੀ ਸ਼ਹਿਰ ਆਉਣ ਵਾਲਾ ਸਾਂ। ਚੰਗਾ ਹੋਇਆ ਤੁਸੀਂ ਹੀ ਆ ਗਏ।"

ਕੁਰਸੀ ਰੱਖ ਕੇ ਭਵਾਨੀ ਨੇ ਝਾੜਨ ਨਾਲ ਪੂੰਝੀ ਤੇ ਖੁਸ਼ੀ ਭਰੀ ਮੁਦਰਾ ਵਿਚ ਨੇੜੇ ਖੜੋ ਗਿਆ।

"ਠੀਕ ਹੋ ਭਵਾਨੀ ?"

"ਹਾਂ ਬੇਟੀ ! ਤੁਸੀਂ ਠੀਕ ਹੋ ? ਪਹਿਲਾਂ ਨਾਲੋਂ ਪਤਲੇ ਹੋ ਗਏ ਹੋ।"

ਪਾਪਾ ਵੱਲ ਦੇਖਦਿਆਂ ਹੋਇਆ ਰਾਧਿਕਾ ਨੇ ਆਖਿਆ, "ਮੈਂ ਤਾਂ ਉਹ ਜਿਹੀ ਹੀ ਹਾਂ। ਪਰ ਕੀ ਪਾਪਾ ਦੀ ਦੇਖ-ਭਾਲ ਠੀਕ ਤਰ੍ਹਾਂ ਨਹੀਂ ਕਰਦੇ ? ਪਾਪਾ ਮਾੜੇ ਹੋ ਗਏ ਹਨ।"

ਭਵਾਨੀ ਦੇ ਚਿਹਰੇ ਦਾ ਹਾਸਾ ਉੱਡ ਗਿਆ। ਉਸ ਨੇ ਇਹ ਹਉਕਾ ਲਿਆ ਅਤੇ ਕਹਿਣ ਲਗਾ, "ਓਏ—" ਤੇ ਮੁੜ ਕੇ ਚਲਾ ਗਿਆ।

ਪਾਪਾ ਇਸ ਦੌਰਾਨ ਬੜੇ ਸ਼ਾਂਤ ਜਿਹੇ ਬੈਠੇ ਸਨ। ਕਦੇ ਖੱਬਾ ਹੱਥ ਫੈਲਾ ਕੇ ਉਂਗਲੀਆਂ ਦੇ ਨੀਂਹ ਵੇਖਣ ਲੱਗਦੇ। ਦੋਨਾਂ ਵਿਚ ਜੋ ਸੰਨਾਟਾ ਛਾ ਗਿਆ ਸੀ, ਇਹ ਦੂਰ ਰੇਲ ਦੀ ਸੀਟੀ ਨਾਲ ਕੰਬਿਆ ਤੇ ਖਿਲਰ ਗਿਆ।

ਇੱਥੇ ਸ਼ਹਿਰ ਵਾਲੀ ਕੋਠੀ ਤੋਂ ਦੱਸ ਗੁਣਾ ਜ਼ਿਆਦਾ ਉਜਾੜ ਹੈ। ਪਹਿਲਾ ਅੰਬ, ਕਟਹਲ, ਮਿੱਠੇ ਨਿੰਬੂ, ਸ਼ਰੀਫੇ ਦੇ ਰੁੱਖਾਂ ਦਾ ਘਣਾ ਜੰਗਲ ਚਾਰੇ-ਪਾਸੇ ਸੀ। ਹੁਣ ਪਹਿਲੀ ਨਜ਼ਰੇ ਹੀ ਰਾਧਿਕਾ ਨੇ ਜਾਣ ਲਿਆ ਕਿ ਸਾਰੇ ਦਰੱਖਤ ਕੱਟੇ ਗਏ ਹਨ। ਸਿਰਫ਼ ਸਾਹਮਣੇ ਯੂਕਲਿਪਟਸ ਦੇ ਕੁਝ ਰੁੱਖ ਖੜੇ ਹਨ। ਕੋਠੀ ਨੂੰ ਦੇਖਣ ਤੋਂ ਲੱਗਦਾ ਹੈ ਜਿਵੇਂ ਦਸ-ਬਾਰ੍ਹਾਂ

ਵਰ੍ਹਿਆਂ ਤੋਂ ਲਿਪਾਈ ਨਹੀਂ ਹੋਈ ਅਤੇ ਇਸ ਸਾਲ ਤਾਂ ਗੰਗਾ ਵਿਚ ਪਾਣੀ ਬਿੱਲਕੁਲ ਨਹੀਂ ਹੈ। ਦੂਰ-ਦੂਰ ਤੱਕ ਰੇਤ ਫੈਲੀ ਪਈ ਹੈ ਤੇ ਪਾਣੀ ਦੇ ਕੰਢੇ ਥੋੜ੍ਹੀ ਜਿਹੀ ਕਾਈ ਉਗ ਆਈ ਹੈ।

ਪਾਪਾ ਉਸੇ ਪਾਸੇ ਦੇਖ ਰਹੇ ਹਨ।

ਰਾਧਿਕਾ ਚੁੱਪ ਬੈਠੀ ਹੈ। ਉਸ ਅੰਦਰ ਰੋਣ ਘੁੱਟਣ ਲੱਗਾ ਹੈ, ਜਿਸ ਨੂੰ ਰੋਕਣ ਦੀ ਕੋਸ਼ਿਸ਼ ਵਿਚ ਸੀੜੇ ਹੋਏ ਜਬਾੜੇ ਦੁੱਖਣੇ ਸ਼ੁਰੂ ਹੋ ਗਏ ਹਨ।

"ਚਾਹ" ਭਵਾਨੀ ਨੇ ਵਰਾਂਡੇ ਵਿਚ ਨਿਕਲ ਕੇ ਆਖਿਆ। ਪਹਿਲਾਂ ਪਾਪਾ ਉਠੇ ਤੇ ਰਾਧਿਕਾ ਨੂੰ ਆਖਿਆ, "ਚੱਲੋਂ।"

"ਤੁਸੀਂ ਚੱਲੋ ਮੈਂ ਹੁਣੇ ਹੀ ਆਈ," ਰਾਧਿਕਾ ਨੇ ਧੀਮੀ ਆਵਾਜ਼ ਵਿਚ ਕਿਹਾ। ਉਹ ਕੁਝ ਦੇਰ ਬੈਠੀ ਰਹਿਣਾ ਚਾਹੁੰਦੀ ਸੀ, ਜਿਵੇਂ ਕਿ ਆਪਣੇ ਉਲਝੇ ਹੋਏ ਵਿਚਾਰਾਂ ਤੇ ਵੈਗ ਨਾਲ ਹਿਰਦੇ-ਮੰਥਨ ਕਰਦੇ ਆਪਣੇ ਭਾਵਾਂ ਨੂੰ ਤਰਤੀਬਵਾਰ ਲਗਾ ਲਵੇ ਅਤੇ ਫਿਰ, ਪਾਪਾ ਵਾਂਗ ਗੰਭੀਰ ਬਣੇ, ਮਖੌਟਾ ਲਗਾ ਕੇ ਚਾਹ ਦੀ ਮੇਜ਼ ਤੇ ਜਾ ਬੈਠੇ।

ਕੁਝ ਚਿਰ ਮਗਰੋਂ ਭਵਾਨੀ ਦੇ ਦੋਬਾਰਾ ਬਲਾਉਣ ਤੇ ਉਸ ਨੂੰ ਉਠਣਾ ਪਿਆ। ਪਾਪਾ ਉਸੇ ਵਿੰਗ ਵਿਚ ਹੀ ਹੁਣ ਰਹਿੰਦੇ ਸਨ, ਪਰ ਸ਼ਾਇਦ ਦੋ ਹੀ ਕਮਰਿਆਂ ਵਿਚ, ਕਿਉਂਕਿ ਰਾਧਿਕਾ ਨੂੰ ਬਚਪਨ ਵਾਲੇ ਕਮਰੇ ਵਿਚ ਵੜ ਕੇ ਅਜਿਹਾ ਲੱਗਾ ਜਿਵੇਂ ਕਿ ਉਹ ਕਿਸੇ ਡਾਕ ਬੰਗਲੇ ਵਿਚ ਹੈ। ਉਸੇ ਤਰ੍ਹਾਂ ਦਾ, ਵਾਤਾਵਰਣਹੀਣ, ਵਿਅਕਤੀਹੀਣ ਕਮਰਾ ਜਿਸ ਵਿਚ ਬਿਨਾ ਬਿਸਤਰੇ ਦੇ ਲੋਹੇ ਦਾ ਪਲੰਘ, ਇਕ ਬੜੇ ਪੁਰਾਣੇ ਸਟਾਈਲ ਦੀ ਅਰਾਮ ਕੁਰਸੀ, ਕੰਧ ਤੇ ਦੋ ਵਰ੍ਹੇ ਪੁਰਾਣਾ ਧੂੜ ਨਾਲ ਭਰਿਆ ਕਲੰਡਰ ਸਿਰਫ ਘੜਵੰਜੀ ਤੇ ਤਾਜ਼ਾ ਭਰਿਆ ਘੜਾ ਰਖਿਆ ਸੀ, ਹੇਠਾਂ ਸਾਫ਼ ਧੋਤੀ ਹੋਈ ਚਿਲਮ ਸੀ ਤੇ ਸਟੈਂਡ ਤੇ ਤੌਲੀਆਂ। ਹੱਥ ਧੋਕੇ ਅਤੇ ਥੋੜ੍ਹਾ ਜਿਹਾ ਪਾਣੀ ਉਵੇਂ ਹੀ ਡੋਲ੍ਹ ਕੇ ਰਾਧਿਕਾ ਨੇ ਸੋਚਿਆਂ 'ਪਾਪਾ ਨੂੰ ਸ਼ਾਇਦ ਆਸ ਨਹੀਂ ਹੋਵੇਗੀ ਕਿ ਮੈਂ ਇੱਥੇ ਆਵਾਂਗੀ। ਤਾਂ ਹੀ ਤਾਂ ਉਨ੍ਹਾਂ ਨੇ ਆਪਣੇ ਕਮਰੇ ਵਿਚ ਝਾੜੂ ਤੱਕ ਨਹੀਂ ਲਗਵਾਇਆ।

ਇਕ ਛੋਟੇ ਜਿਹੇ ਵਰਾਂਡੇ ਵਿਚ ਚਾਰੇ-ਪਾਸੇ ਸ਼ੀਸ਼ੇ ਲੱਗਾ ਕੇ ਥਾਂ ਘੇਰ ਲਈ ਗਈ ਪਹਿਲਾਂ ਵੀ ਉੱਥੇ ਇਕ ਗੋਲ ਮੇਜ਼ ਪਈ ਰਹਿੰਦੀ ਸੀ। ਪਾਪਾ ਅਕਸਰ ਰਾਤ ਨੂੰ ਉਸ ਤੇ ਹੀ ਕੰਮ ਕਰਦੇ ਸਨ, ਰੋਟੀ ਵੇਲੇ ਉਸ ਨੂੰ ਹੀ ਖਾਣੇ ਵਾਲੀ ਮੇਜ਼ ਬਣਾ ਲਿਆ ਜਾਂਦਾ।

ਤਾਜ਼ੀ ਕੋਫ਼ੀ ਦੀ ਸੁੰਗਧ ਉਸ ਵਰਾਂਡੇ ਵਿਚ ਛਾਈ ਹੋਈ ਸੀ, ਖੁੱਲ੍ਹੇ ਦਰਵਾਜ਼ੇ 'ਚੋਂ' ਵਿਦਿਆ ਦੀ ਸਾੜ੍ਹੀ ਦਾ ਪੱਲਾ ਦਿਸਿਆਂ, ਖੱਬੇ ਹੱਥ ਵਿਚ ਕੜਛੀ।

"ਭਵਾਨੀ, ਸਾਹਿਬ ਨੂੰ ਬੁਲਾਓ, ਨਹੀਂ ਤਾਂ ਨਾਸ਼ਤਾ ਠੰਢਾ ਹੋ ਜਾਵੇਗਾ," ਵਿਦਿਆਂ ਨੇ ਆਖਿਆ। ਉਸ ਦੀ ਆਵਾਜ਼ ਕਾਫੀ ਉਤਸ਼ਾਹ ਭਰੀ ਸੀ। ਫਿਰ ਪਾਪਾ ਵੀ ਆ ਕੇ ਬੈਠ ਗਏ। ਭਵਾਨੀ ਨੇ ਨਾਸ਼ਤਾ ਲੱਗਾ ਦਿੱਤਾ, ਰਾਧਿਕਾ ਵੱਲ ਫੁੱਲਾਂ ਦੀ ਪਲੇਟ ਸਰਕਾਂਦਿਆਂ ਹੋਇਆ ਪਾਪਾ ਨੇ ਆਖਿਆ "ਖਾਓ। ਇੱਥੇ ਤਾਂ ਬੱਸ ਇਹ ਹੀ ਥੋੜ੍ਹਾ ਬਹੁਤ ਮਿਲੇਗਾ।"

ਭਵਾਨੀ ਤਲੀ ਹੋਈ ਸਾਸੇਜ਼ ਤੇ ਅੰਡਿਆਂ ਦੀ ਪਲੇਟ ਲਿਆਇਆ ਉੱਧਰ ਰਸੋਈ ਵੱਲ ਮੂੰਹ ਕਰਕੇ ਪਾਪਾ ਨੇ ਆਖਿਆ, "ਤੁਸੀਂ ਵੀ ਆ ਜਾਓ ਨਾ ਵਿਦਿਆ। "

"ਆਈ' ਵਿਦਿਆ ਵੀ ਆ ਕੇ ਬੈਠ ਗਈ। ਤਾਂ, ਉਹ ਸਾਸੇਜ਼ ਤਲ ਰਹੀ ਸੀ। ਪਾਪਾ ਨੂੰ ਸਵੇਰੇ ਦੇ ਨਾਸ਼ਤੇ ਲਈ ਬਹੁਤ ਪਸੰਦ ਹਨ।

"ਤੁਸੀਂ ਕੁਝ ਖਾ ਨਹੀਂ ਰਹੇ ਹੋ ?" ਪਾਪਾ ਨੇ ਆਖਿਆ। ਗੱਲ ਰਾਧਿਕਾ ਨੂੰ ਕਹੀ ਗਈ ਸੀ," ਸਵੇਰ ਮੈਂ ਸਿਰਫ ਕੋਫ਼ੀ ਤੇ ਟੋਸਟ ਲੈਂਦੀ ਹਾਂ ਤੇ ਨਾਸ਼ਤਾ ਤਾਂ ਕਰਕੇ ਹੀ ਚੱਲੀ ਸੀ।"

ਪਾਪਾ ਜਿਸ ਥਾਂ ਬੈਠੇ ਸਨ, ਉੱਥੇ ਧੁੱਪ ਇਉਂ ਪੈ ਰਹੀ ਸੀ ਕਿ ਖੱਬੇ ਕੰਨ ਦੇ ਵਾਲਾਂ ਦੀ ਸੁਫੈਦੀ ਜ਼ਿਆਦਾ ਉਭਰ ਆਈ ਤੇ ਬਾਕੀ ਚਿਹਰਾ ਉਸ ਚਿਹਰੇ ਦੇ ਮੁਕਾਬਲੇ ਹੋਰ ਵੀ। ਪਾਪਾ ਦੇ ਹੋਠ ਇਕ ਕਰੂਰ ਵਿਅਕਤੀ ਦੇ ਹੋਠ ਹਨ ਤੇ ਠੋਡੀ ਇਕ ਸਖਤ ਵਿਅਕਤੀ ਦੀ ਸੂਚਕ। ਇਹੀ ਦੋਨੋਂ ਰਾਧਿਕਾ ਨੇ ਪਾਪਾ ਤੋਂ ਗ੍ਰਹਿਣ ਕੀਤੀਆਂ ਹਨ ਪਰ ਮੱਥਾਂ ਤੇ ਅੱਖਾਂ ਮਾਂ ਦੀਆਂ ਹਨ। ਰਾਧਿਕਾ ਨੂੰ ਮਾਂ ਦੀਆਂ ਚਮਕੀਲੀਆਂ ਤੇ ਕਾਲੀਆਂ ਅੱਖਾਂ ਯਾਦ ਹਨ, ਉਨ੍ਹਾਂ ਦੀ ਬਿਮਾਰੀ ਦੇ ਦਿਨਾਂ ਵਿਚ ਉਹ ਹੋਰ ਵੀ ਚੇਤਨ ਤੇ ਸੁਚੇਤ ਦਿਖਾਈ ਦਿੰਦੇ ਸਨ, ਵੱਖ ਵੱਖ ਭਾਵਾਂ ਦੇ ਸਾਫ ਸ਼ੀਸ਼ੇ ਵਾਂਗ।

'ਅਜੇ ਤਾਂ ਰਹੋਗੇ ?" ਪਾਪਾ ਪੁੱਛ ਰਹੇ ਸਨ।

"ਨਹੀਂ, ਕੱਲ੍ਹ ਜਾਵਾਂਗੀ," ਬਿਨਾਂ ਸੋਚੇ ਹੀ ਰਾਧਿਕਾ ਦੇ ਮੂੰਹੋਂ ਨਿਕਲ ਗਿਆ।

"ਕਿੱਧਰ ਜਾਣਾ ਹੈ ?"

"ਵਾਪਸ ਦਿੱਲੀ।"

ਫ਼ਿਰ ਕੋਈ ਕੁਝ ਨਹੀਂ ਬੋਲਿਆ। ਵਿਦਿਆ ਕੋਫੀ ਦੇ ਪਿਆਲੇ ਵਿਚ ਚਮਚਾ ਫੇਰ ਰਹੀ ਸੀ, ਸਿਰਫ ਉਸ ਦੀ ਹਲਕੀ ਜਿਹੀ ਆਵਾਜ਼। ਭਵਾਨੀ ਨੇ ਰਾਧਿਕਾ ਦੇ ਪਿਆਲੇ ਵਿਚ ਹੋਰ ਕੋਫੀ ਪਾਈ।

"ਕੋਈ ਕੰਮ ਹੈ ?" ਪਾਪਾ ਹੌਲੀ ਜਿਹੀ ਪੁੱਛ ਰਹੇ ਸਨ।

"ਸੋਚਦੀ ਹਾਂ ਕੋਈ ਕੰਮ ਕਾਰ ਲੱਭਾ। ਘਰ ਵਿਹਲੀ ਬੈਠ ਕੇ ਕੀ ਕਰਾਂਗੀ ?"

ਰਾਧਿਕਾ ਨੇ ਪਿਆਲਾ ਉਠਾ ਕੇ ਬੁਲ੍ਹਾਂ ਨੂੰ ਲਾਉਂਦਿਆ ਹੋਇਆ ਪਾਪਾ ਵੱਲ ਦੇਖਿਆ। ਉਸ ਨੇ ਹੁਣ ਜਾਣਿਆ ਕਿ ਉਨ੍ਹਾਂ ਦੇ ਅਵਚੇਤਨ ਵਿਚ ਕੀ ਸੀ ? ਉਸ ਨੂੰ ਉਮੀਦ ਸੀ ਕਿ ਪਾਪਾ ਉਸ ਦੇ ਜਾਣ ਦੀ ਗੱਲ ਸੁਣਕੇ ਸ਼ਾਇਦ ਰੁਕਣ ਲਈ ਆਖਣ। ਸ਼ਾਇਦ ਇਹ ਆਖਣ ਕਿ ਰਾਧਿਕਾ ਉਨ੍ਹਾਂ ਪਾਸ ਰਹੇ ਤੇ ਉਨ੍ਹਾਂ ਦੀ ਮਦਦ ਕਰੇ। ਉਸ ਨੇ ਇਹ ਵੀ ਸੋਚ ਲਿਆ ਸੀ ਕਿ ਇੱਥੇ ਇਕੱਲੇ ਰਹਿਣਾ ਉਸ ਨੂੰ ਪਿਆਰਾ ਲੱਗੇਗਾ। ਪਰ ਪਾਪਾ ਨੇ ਆਖਿਆ, 'ਜੋ ਤੁਸੀਂ ਠੀਕ ਸਮਝੋ। ਹੁਣ ਤਾਂ ਤੁਸੀਂ ਸਮਝਦਾਰ ਹੋ ਗਏ ਹੋ।" ਅਤੇ ਕੁਰਸੀ ਖਿਸਕਾ ਕੇ ਉੱਠ ਗਏ।

ਅਕਸ਼ੈ ਨੂੰ ਰੇਸਤੋਰਾਂ ਵਿਚ ਵੜਦਿਆਂ ਹੋਇਆ ਜਾਪਿਆ ਕਿ ਉਸ ਨੂੰ ਪਛਾਣ ਵਿਚ ਗਲਤੀ ਲੱਗੀ ਹੈ, ਅਜੇ ਚਾਰ ਪੰਜ ਦਿਨ ਪਹਿਲਾਂ ਤਾਂ ਉਹ ਰਾਧਿਕਾ ਨੂੰ ਗੱਡੀ ਚੜ੍ਹਾ ਕੇ ਆਇਆ ਹੈ। ਉਹ ਇੱਥੇ ਕਿਵੇਂ ਹੋ ਸਕਦੀ ਹੈ ਹਨ੍ਹੇਰੇ ਕੋਨੇ ਵਿਚ ਬੈਠੀ ਇਹ ਮੁਟਿਆਰ ਕੋਈ ਹੋਰ ਹੋਵੇਗੀ। ਪਰ ਕੋਲ ਜਾ ਕੇ ਉਸ ਨੂੰ ਕੋਈ ਸ਼ੱਕ ਨਾ ਰਿਹਾ। ਰਾਧਿਕਾ ਹੀ ਸੀ। ਉਹ ਪਤਾ ਨਹੀਂ ਕਦੋ ਦਿੱਲੀ ਵਾਪਸ ਆ ਗਈ ਸੀ ਤੇ ਜੇਕਰ ਉਸ ਤੇ ਨਜ਼ਰ ਨਾ ਪੈਂਦੀ ਤਾਂ ਅਕਸ਼ੈ ਨੂੰ ਸ਼ਾਇਦ ਬਹੁਤ ਦਿਨਾਂ ਤੱਕ ਪਤਾ ਨਾ ਲੱਗਦਾ ਕਿ ਉਹ ਦਿੱਲੀ ਵਿਚ ਹੈ। ਅਕਸ਼ੈ ਉਸ ਵੱਲ ਵਧਿਆ, ਫਿਰ ਰੁਕ ਗਿਆ, ਰਾਧਿਕਾ ਨੂੰ ਉਸ ਦਾ ਨਾਂ ਪਤਾ ਸਭ ਪਤਾ ਸੀ। ਉਹ ਚਾਹੁੰਦੀ ਤਾਂ ਸੂਚਿਤ ਕਰ ਸਕਦੀ ਸੀ। ਬਹੁਤ ਸੰਭਵ ਹੈ ਕਿ ਉਸ ਨੇ ਲੋੜ ਹੀ ਨਾ ਮਹਿਸੂਸ ਕੀਤੀ ਹੋਵੇ ਕਿ ਅਕਸ਼ੈ ਨੂੰ ਖਬਰ ਕਰਾਂ !

ਅਕਸ਼ੈ ਇਕ ਖਾਲੀ ਪਈ ਮੇਜ਼ ਪਾਸ ਕੁਰਸੀ ਤੇ ਬੈਠ ਗਿਆ। ਜਿੱਥੇ ਉਹ ਬੈਠਾ ਸੀ, ਉੱਥੋਂ ਰਾਧਿਕਾ ਦੀ ਥੋੜ੍ਹੀ ਜਿਹੀ ਪਿੱਠ ਤੇ ਖੱਬੇ ਪਾਸੇ ਦੇ ਚਿਹਰੇ ਦਾ ਹਿੱਸਾ ਦਿਖਾਈ ਦੇ ਰਿਹਾ

ਸੀ। ਉਸ ਕੱਥੇ-ਰੰਗੀ ਸਾੜ੍ਹੀ ਪਹਿਨੀ ਹੋਈ ਸੀ ਤੇ ਜਿਸ ਬਾਂਹ ਤੇ ਪੱਲਾ ਪਿਆ ਸੀ, ਉਹ ਕਾਫੀ ਰੌਸ਼ਨ ਜਾਪਦੀ ਸੀ।

ਅਕਸ਼ੈ ਨੇ ਇਕ ਬਲੈਕ ਐਸਪ੍ਰੈਸੋ ਦਾ ਆਰਡਰ ਦਿੱਤਾ ਤੇ ਮੇਜ਼ ਤੇ ਉਂਗਲੀਆਂ ਨਾਲ ਹੌਲੀ-ਹੌਲੀ ਤਾਲ ਦੇਣ ਲੱਗਾ। ਨਜ਼ਰ ਵਾਰ-ਵਾਰ ਰਾਧਿਕਾ ਦੀ ਮੇਜ਼ ਵੱਲ ਚਲੀ ਜਾਂਦੀ। ਸ਼ਾਇਦ ਉਹ ਕਿਸੇ ਦੀ ਉਡੀਕ ਕਰ ਰਹੀ ਹੋਵੇ, ਇਹ ਵਿਚਾਰ ਮਨ ਵਿਚ ਪੈਂਦਾ ਹੋਇਆ ਤੇ ਅਕਸ਼ੈ ਡੱਟ ਕੇ ਬੈਠ ਗਿਆ ਕੁਝ ਅਜਿਹੀ ਮੁਦਰਾ ਕਿ ਅਸੀਂ ਵੀ ਦੇਖੀਏ ਕਿ ਉਹ ਕੌਣ ਹੈ ? ਇਨ੍ਹਾਂ ਦਿਨਾਂ ਵਿਚ ਅਕਸ਼ੈ ਨੂੰ ਕਈ ਵਾਰ ਰਾਧਿਕਾ ਦਾ ਖਿਆਲ ਆਇਆ ਸੀ। ਅਕਸ਼ੈ ਹੁਣ ਕਵਾਰੇਪਣ ਦੀ ਉਸ ਅਵਸਥਾ ਵਿਚ ਪੁੱਜ ਗਿਆ ਸੀ ਜਦੋਂ ਅਕਸਰ ਜਾਤ-ਬਰਾਦਰੀ ਤੋਂ ਰਿਸ਼ਤੇ ਆਉਣੇ ਬੰਦ ਹੋ ਜਾਂਦੇ ਹਨ। ਅਕਸ਼ੈ ਨੂੰ ਇਸ ਸਥਿਤੀ ਨਾਲ ਸ਼ਿਕਾਇਤ ਨਹੀਂ, ਸਗੋਂ ਚੈਨ ਹੀ ਸੀ, ਕਿਉਂਕਿ ਉਸ ਦੀ ਸਾਧਾਰਣ ਪਰਿਵਾਰਕ ਹਾਲਤ ਅਨੁਸਾਰ ਬੜੀਆਂ ਸਾਧਾਰਣ ਜਿਹੀਆਂ ਹੀ ਲੜਕੀਆਂ ਉਸ ਲਈ ਸੁਝਾਈਆਂ ਜਾਂਦੀਆਂ। ਇਸ ਵਿਚ ਅੰਜਲ, ਉਸ ਦੀ ਵੱਡੀ ਭੈਣ ਦਾ ਬਹੁਤ ਹੱਥ ਸੀ ਕਿਉਂਕਿ ਅਕਸ਼ੈ ਨੂੰ ਕੋਈ ਸੁਯੋਗ ਪਾਤਰ ਮਿਲੇ, ਇਸ ਨਾਲੋ ਜ਼ਿਆਦਾ ਧਿਆਨ ਉਸ ਦਾ ਸਮਾਜ ਸੁਧਾਰ ਵੱਲ ਸੀ ਕਿ ਕਿਸੇ ਵਿਚਾਰੀ, ਬੇਸਹਾਰਾ ਕੰਨਿਆ ਦਾ ਉਧਾਰ ਕੀਤਾ ਜਾਵੇ।

ਪਰ ਅਕਸ਼ੈ ਉਦੋਂ ਤੱਕ ਵਿਆਹ ਨਹੀਂ ਸੀ ਕਰਨਾ ਚਾਹੁੰਦਾ ਜਦੋਂ ਤੱਕ ਕਿ ਵਿਦੇਸ਼ੀ ਫ਼ਰਮ ਵਿਚ ਉਸ ਦੀ ਸਥਿਤੀ ਮਜ਼ਬੂਤ ਨਾ ਹੋ ਜਾਵੇ ਅਤੇ ਹੁਣ ਜਦੋਂ ਉਹ ਅਵਸਥਾ ਆਈ ਤਾਂ ਉਹ ਕਾਫ਼ੀ ਪਿਛੜੇ ਹੋਏ ਨੰਬਰ ਵਿਚ ਹੋ ਗਿਆ ਸੀ।

ਵਿਦਿਆ ਦਾ ਫੋਨ ਸੁਣ ਕੇ ਉਸ ਨੂੰ ਜਾਪਿਆ ਕਿ ਕਿੱਧਰੇ ਉਹ ਦੂਰ ਤੋਂ' ਹੀ ਮੈਚ ਮੇਕਿੰਗ ਤਾਂ ਨਹੀਂ ਕਰ ਰਹੀ। ਪਰ ਦੂਜੇ ਛਿੰਨ ਹੀ ਉਸ ਨੂੰ ਆਪਣੇ ਤੇ ਹਾਸਾ ਆਇਆ। ਜੋ ਲੜਕੀ ਮਾਤਾ-ਪਿਤਾ ਦੀ ਮਰਜ਼ੀ ਵਿੱਰੁਧ ਇਕ ਵਿਦੇਸ਼ੀ ਪੱਤਰਕਾਰ ਨਾਲ ਜਾ ਸਕਦੀ ਹੈ, ਕੀ ਉਹ ਅਕਸ਼ੈ ਜਿਹੇ ਸਾਧਾਰਣ ਬੰਦੇ ਨੂੰ ਪਸੰਦ ਕਰ ਲਵੇਗੀ ? ਤੇ ਫਿਰ, ਵਿਦਿਆ ਤਾਂ ਅਕਸ਼ੈ ਦੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਜਾਣਦੀ ਹੈ। ਉਹ ਤੇ ਅੰਜਲ ਇਕ ਤਲਾਕ ਪ੍ਰਾਪਤ ਲੜਕੀ ਨਾਲ ਅਕਸ਼ੈ ਦਾ ਵਿਆਹ ਕਰਨਾ ਚਾਹੁੰਦੀਆਂ ਸਨ, ਪਰ ਅਕਸ਼ੈ ਨੇ ਸਪਸ਼ਟ ਕਹਿ ਦਿੱਤਾ ਸੀ ਕਿ ਠੀਕ ਹੈ, ਲੜਕੀ ਹਾਲਾਤ ਦਾ ਸ਼ਿਕਾਰ ਹੋ ਗਈ, ਉਸ ਨੂੰ ਹਮਦਰਦੀ ਹੈ, ਪਰ ਉਹ ਦੂਸਰੇ ਦੀ ਜੂਠ ਸਵੀਕਾਰ ਨਹੀਂ ਕਰੇਗਾ। ਰਾਧਿਕਾ ਵੀ ਤਾਂ-ਪਰ ਜਦੋਂ ਉਹ ਏਅਰ ਪੋਰਟ ਤੇ ਗਿਆ, ਅਤੇ

ਕੁਝ ਘੰਟਿਆ ਵਿਚ ਜਿਨਾਂ ਕੁ ਰਾਧਿਕਾ ਦੇ ਸੰਪਰਕ ਵਿਚ ਆਇਆ, ਉਸ ਨੂੰ ਚੰਗੀ ਲੱਗੀ। ਪਰਪਾਟੀ ਅਨੁਸਾਰ ਸੋਹਣਾ ਨਾ ਹੁੰਦਿਆ ਹੋਇਆ ਵੀ ਉਸ ਵਿਚ ਖਿੱਚ ਸੀ, ਪ੍ਰਤਿਭਾਵਾਨ ਹੋਣ ਦਾ ਤੇਜ਼, ਸਹਿਜ ਵਿਹਾਰ ਤੇ ਬੇਹੱਦ ਸਵੈ-ਭਰੋਸੇ ਵਾਲਾ ਹੋਣ ਦਾ।

ਅਕਸ਼ੈ ਦੀ ਪਹਿਲੀ ਕੋਫ਼ੀ ਮੁੱਕਣ ਵਾਲੀ ਸੀ ਜਦੋਂ ਰਾਧਿਕਾ ਉੱਠ ਕੇ ਦਰਵਾਜ਼ੇ ਵੱਲ ਵੱਧੀ ਅਕਸ਼ੈ ਨੂੰ ਦੇਖਿਆ ਤੇ ਚਾਅ ਨਾਲ ਪਾਸ ਆ ਕੇ ਰੁਕ ਗਈ।

'ਕਦੋਂ ਵਾਪਸ ਆਏ," ਅਕਸ਼ੈ ਉੱਠ ਕੇ ਖੜੋ ਗਿਆ।

"ਅੱਜ ਸਵੇਰੇ" ਰਾਧਿਕਾ ਦੀ ਮੁਸਕਾਨ ਹੇਠਾਂ ਦੇ ਕੋਣਿਆਂ ਤੱਕ ਕੰਬ ਕੇ ਰਹਿ ਗਈ।

' ਤੁਸੀਂ ਕੋਫ਼ੀ ਜਾਂ ਹੋਰ ਕੁਝ ਲਓਗੇ ?"

ਰਾਧਿਕਾ ਨੇ ਆਖਿਆ, "ਅੱਛਾ ਸਾਥ ਦੇਣ ਲਈ ਕੁਝ ਲਵਾਂਗੀ।" ਤੇ ਅਕਸ਼ੈ ਦੇ ਕੁਰਸੀ ਸਰਕਾਉਣ ਤੇ ਬੈਠ ਗਈ।

ਕੋਫ਼ੀ ਦੁਬਾਰਾ ਆਈ।

"ਅਜੇ ਵਾਪਸ ਆਇਆ। ਮੈਨੂੰ ਇਕ ਹਫ਼ਤਾ ਵੀ ਨਹੀਂ ਹੋਇਆ ਤੇ ਹੁਣ ਤੋਂ ਹੀ ਸੋਚਣ ਲੱਗੀ ਹਾਂ ਕਿ ਐਵੇਂ ਹੀ ਆਈ," ਉਸ ਨੇ ਕੋਫ਼ੀ ਦੇ ਪਿਆਲੇ ਵਿਚ ਚਮਚਾ ਹਿਲਾਉਂਦਿਆ ਹੋਇਆ ਆਖਿਆ।

"ਮੈਂ ਤਾਂ ਕਦੇ ਵਿਦੇਸ਼ ਗਿਆ ਨਹੀਂ ਹਾਂ, ਪਰ ਸੁਣਿਆ ਹੈ ਕਿ ਜ਼ਿਆਦਾ ਕਰਕੇ ਲੋਕਾਂ ਨੂੰ ਵਾਪਸ ਆ ਕੇ ਅਜਿਹਾ ਹੀ ਲੱਗਦਾ ਹੈ," ਅਕਸ਼ੈ ਨੇ ਕਿਹਾ।

ਤਾਂ ਰਾਧਿਕਾ ਮੁਸਕਰਾ ਪਈ।।

"ਤੁਸੀ ਕਿੱਥੇ ਠਹਿਰੇ ਹੋ ?"

"ਰੇਲਵੇ ਰਿਟਾਇਰਿੰਰ ਰੂਮ"

"ਕੀ," ਹੈਰਾਨ ਹੋਇਆ ਅਕਸ਼ੈ ਪੁੱਛ ਬੈਠਾ।

"ਹਾਂ," ਰਾਧਿਕਾ ਨੇ ਆਖਿਆ "ਸੋਚਿਆ ਸੀ ਕਿ ਅੱਜ ਦਿਨ ਭਰ ਵਿਚ ਕਈ ਜਗ੍ਹਾ ਲੱਭ ਲਵਾਂਗੀ, ਪਰ ਕੁਝ ਅਜਿਹੀ ਥਕਾਵਟ ਹੋਈ ਕਿ ਸੁੱਤੀ ਹੀ ਰਹੀ ਹੁਣ ਕੱਲ੍ਹ ..." ਪਰ ਜਿਵੇਂ ਉਹ ਗੱਲਬਾਤ ਵਿਚੇ ਛੱਡ ਕੇ ਚੁੱਪ ਹੋ ਗਈ, ਅਕਸ਼ੈ ਨੂੰ ਠੀਕ ਅੰਦਾਜ਼ਾ ਹੋ ਗਿਆ ਕਿ ਗੱਲ ਕੀ ਹੈ।

"ਦੇਖੋ, ਮੈਂ ਤੁਹਾਡੇ ਨਿੱਜੀ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੁੰਦਾ। ਪਰ ਆਪ ਰਿਟਾਇਰੰਗ ਰੂਮ ਵਿਚ ਪਏ ਰਹੇ, ਇਹ ਨਹੀਂ ਹੋ ਸਕਦਾ। ਮੇਰਾ ਫਲੈਟ ਤੁਸੀਂ ਦੇਖਿਆ ਹੀ ਹੈ, ਜਦੋਂ ਤੱਕ ਤੁਹਾਨੂੰ ਘਰ ਵਗੈਰਾ ਨਾ ਮਿਲੇ, ਤੁਸੀਂ ਉੱਥੇ ਹੀ ਰਹੋ।"

"ਤੇ ਤੁਸੀਂ ?" ਰਾਧਿਕਾ ਅਕਸ਼ੈ ਦੇ ਸਵਰ ਦੀ ਦ੍ਰਿੜਤਾ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੀ।

"ਮੈਂ ਉਦੋਂ ਤੱਕ ਉੱਪਰ ਬਰਸਾਤੀ ਦਾ ਕਮਰਾ ਵਰਤ ਲਵਾਂਗਾ। ਸੋਨਾਮ ਨੂੰ ਕਹਿਦਿਆ , ਉਹ ਆਪਣੀ ਭੈਣ ਨੂੰ ਬੁਲਾ ਲਵੇਗਾ, ਉਹ ਤੁਹਾਡੇ ਪਾਸ ਰਹਿ ਜਾਵੇਗੀ।"

ਰਾਧਿਕਾ ਨੇ ਤੁਰੰਤ ਉਤਰ ਨਹੀਂ ਦਿੱਤਾ ਸੀ। ਘਰੋਂ ਉਹ ਬਿਨਾਂ ਕਿਸੇ ਮਨੋਰਥ ਚੱਲ ਪਈ ਸੀ, ਇਸ ਭਰੋਸੇ ਤੇ ਜਮ੍ਹਾਂ ਪੂੰਜੀ ਤੇ ਕੁਝ ਮਹੀਨੇ ਤਾਂ ਉਹ ਰਹਿ ਹੀ ਲਵੇਗੀ ! ਆ ਕੇ ਵਾਈ. ਡਬਲਿਊ ਵਿਚ ਫੋਨ ਕੀਤਾ ਸੀ, ਜਿੱਥੇ ਕੋਈ ਕਮਰਾ ਖਾਲੀ ਨਹੀਂ ਸੀ। ਫਿਰ ਉਹ ਸਾਰੇ ਅਖਬਾਰਾਂ ਦੇ ਸੰਡੇ ਐਡੀਸ਼ਨ ਖਰੀਦ ਲਿਆਈ ਤੇ ਉਸ ਵਿਚੋਂ ਕਿਰਾਏ ਲਈ ਖਾਲੀ ਮਕਾਨਾਂ ਦੇ ਫੋਨ ਨੰਬਰ ਨੋਟ ਕਰਦੀ ਰਹੀ। ਕਈ ਥਾਂਈਂ ਫੋਨ ਵੀ ਕੀਤਾ ਪਰ ਸਫਲਤਾ ਨਹੀਂ ਹੋਈ। ਸ਼ਾਮ ਨੂੰ ਉਸ ਉਦਾਸੀ ਤੋਂ ਬਚਨ ਲਈ ਉਹ ਕਨਾਟ ਪਲੇਸ ਵੱਲ ਆ ਗਈ। ਫਿਰ ਵੀ ਕੋਫ਼ੀ ਪੀਂਦਿਆਂ ਉਸ ਨੂੰ ਲੱਗਦਾ ਰਿਹਾਂ ਕਿ ਉਸਨੇ ਵਾਪਸ ਆ ਕੇ ਗਲਤੀ ਕੀਤੀ ਹੈ। ਠੀਕ ਹੈ ਐਮ. ਏ. ਕਰਨ ਮਗਰੋਂ ਪੀ-ਐਚ ਡੀ. ਕਰਨ ਲੱਗਦੀ ਤੇ ਫਿਰ ਸ਼ਾਇਦ ਉੱਥੇ ਕਿੱਧਰੇ ਨੌਂਕਰੀ ਮਿਲ ਹੀ ਜਾਂਦੀ।ਭਾਰਤ ਤੇ ਪਰਿਵਾਰ ਦਾ ਜੋ ਮੋਹ ਉਸ ਨੂੰ ਖਿੱਚ ਲਿਆਇਆ ਸੀ, ਉਹ ਇਕ ਹਫ਼ਤੇ ਵਿਚ ਹੀ ਮੂੰਹ ਵਿਚ ਇਕ ਕੌੜਾ-ਕੌੜਾ ਜਿਹਾ ਸਵਾਦ ਛੱਡ ਗਿਆ ਸੀ।

ਅਕਸ਼ੈ ਦੇ ਇਸ ਵੇਲੇ ਮਿਲ ਜਾਣ ਨਾਲ ਉਸਨੂੰ ਥੋੜ੍ਹੀ ਜਿਹੀ ਖੁਸ਼ੀ ਹੋਈ। ਪਰ ਉਹ ਆਪਣੇ ਬਾਰੇ ਗੱਲ ਨਹੀਂ ਸੀ ਕਰਨਾ ਚਾਹੁੰਦੀ, ਨਾ ਅਕਸ਼ੈ ਬਾਰੇ ਕੁਝ ਜਾਣਨ ਦੀ ਜਗਿਆਸਾ ਸੀ। ਇਸ ਲਈ ਉਸ ਨੇ ਸੋਨਾਮ ਤੇ ਦੇਕੀ ਬਾਰੇ ਹੀ ਪੁੱਛਣਾ ਠੀਕ ਸਮਝਿਆ।

"ਮੇਰੇ ਬਾਸ ਯੂਰਪ ਦੇ ਹਨ ਅਕਸ਼ੈ ਨੇ ਆਖਿਆ" ਉਹਨਾਂ ਦੀ ਪਤਨੀ ਨੂੰ ਭਾਰਤ ਵਿਚ ਆਏ ਤਿਬੱਤੀਆਂ ਬੜੀ ਰੁਚੀ ਹੀ। ਇਕ ਸਕੂਲ ਵੀ ਚਲਾਉਂਦੀ ਸੀ, ਜਿਸ ਵਿਚ ਉਹਨਾਂ ਨੂੰ ਕੁਝ ਟਰੇਨਿੰਗ ਦੇ ਕੇ ਨੌਂਕਰੀ ਕਰਨ ਦੇ ਯੋਗ ਬਣਾਇਆ ਜਾ ਸਕੇ। ਸੁਨਾਮ ਉਨ੍ਹਾਂ ਪਾਸ ਰਸੋਈਆ ਸੀ, ਉਹ ਹੁਣ ਇਕ ਸਾਲ ਲਈ ਵਾਪਸ ਗਈ ਹੈ, ਤਾਂ ਸੁਨਾਮ ਨੂੰ ਮੈਂ ਰੱਖ ਲਿਆ।

ਦੇਕੀ ਉਸਦੀ ਛੋਟੀ ਭੈਣ ਹੈ, ਦਾਰਜਲਿੰਗ ਵਿਚ ਪੜ੍ਹਦੀ ਸੀ, ਹਾਈ ਸਕੂਲ ਕਰਕੇ ਛੱਡ ਦਿੱਤਾ ਹੈ, ਹੁਣ ਤਿਬੱਤੀ ਇਸਤਰੀਆਂ ਦਾ ਇਕ ਸ਼ਿਲਪ-ਕੇਂਦਰ ਚਲਾਉਂਦੀ ਹੈ, ਉਂਜ ਉਹ ਡਾਕਟਰ ਬਣਨਾ ਚਾਹੁੰਦੀ ਹੈ।"

"ਤੁਹਾਡੀ ਫਰਮ"

"ਭਾਰਤ ਵਿਚ ਛੋਟੇ ਉਦਯੋਗਾਂ ਨੂੰ ਸਥਾਪਿਤ ਕਰਨ ਲਈ ਯਤਨ ਕਰ ਰਹੀ ਹੈ। ਸਮਾਨ ਸਾਨੂੰ ਵਿਦੇਸ਼ ਤੋਂ ਬੜੇ ਘੱਟ ਮੁੱਲ ਤੇ ਮਿਲਦਾ ਹੈ, ਮੈਂ..ਮੈਂ ਪਲੈਨਿੰਗ ਅਫ਼ਸਰ ਹਾਂ।"

ਵੇਟਰ ਪਾਸ ਆ ਕੇ ਖੜੋ ਗਿਆ, ਰਾਧਿਕਾ ਤੋਂ ਇਹ ਪੁੱਛ ਕੇ ਕਿ ਉਹ ਕੁਝ ਹੋਰ ਲੈਣਾ ਚਾਹੁੰਦੀ ਹੈ ਜਾਂ ਨਹੀਂ ਅਤੇ ਉੱਤਰ ਵਿਚ 'ਨਹੀਂ ਸੁਣ ਕੇ ਅਕਸ਼ੈ ਨੇ ਬਿਲ ਦਿੱਤਾ ਤੇ ਦੋਨੋਂ ਨਾਲ-ਨਾਲ ਇੱਕਠੇ ਬਾਹਰ ਨਿਕਲ ਆਏ। ਕੁਝ ਦੇਰ ਰੈਸਤੋਰਾਂ ਸਾਹਮਣੇ ਖੜ੍ਹੇ ਰਹੇ, ਰਾਧਿਕਾ ਕੁਝ ਦੁਚਿੱਤੀ ਵਿਚ, ਤੇ ਅਕਸ਼ੈ ਉਸ ਦੇ ਕੁਝ ਕਹਿਣ ਦੀ ਉਡੀਕ ਵਿਚ ਭਾਵੇਂ ਹਨ੍ਹੇਰਾ ਹੋਣ ਲੱਗਾ ਸੀ, ਠੰਢ ਬਹੁਤੀ ਨਹੀਂ ਸੀ, ਚਾਰੇ-ਪਾਸੇ ਖੂਬ ਰੌਣਕ ਸੀ, ਤੇ ਅਕਸ਼ੈ ਦੇਖ ਰਿਹਾ ਸੀ ਕਿ ਰਾਧਿਕਾ ਦੀਆਂ ਅੱਖਾਂ ਵਿਚ ਇਕ ਗੁਆਚਾਪਣ ਜਿਹਾ ਆਉਣ ਲੱਗਾ ਹੈ।

"ਵਿਦਿਆ ਠੀਕ ਹੈ ?,' ਉਸ ਨੇ ਪੁੱਛਿਆ।

"ਹਾਂ, ਸੁਣਨਾ, ਤੁਹਾਨੂੰ ਕਿਸੇ ਖਾਲੀ ਫਲੈਟ ਦਾ ਐਡਰੈਸ ਪਤਾ ਹੈ ?"

ਰਾਧਿਕਾ ਵਿਦਿਆ ਦੀ ਗੱਲ ਨਹੀਂ ਸੀ ਕਰਨਾ ਚਾਹੁੰਦੀ, ਇਹ ਅਕਸ਼ੈ ਨੇ ਨੋਟ ਕੀਤਾ ਅਤੇ ਫਿਰ ਸਮਝਿਆ ਕਿ ਉਹ ਕਿਉਂ ਵਾਪਸ ਆਈ ਹੈ, ਸ਼ਾਇਦ ਘਰ ਵਿਚ ਫਿਰ ਕੁਝ ਗੜ-ਬੜ ਹੋਈ ਹੋਵੇ। ਵਿਦਿਆ ਦੇ ਵਿਚਾਰਾਂ ਨੂੰ ਅਕਸ਼ੈ ਜਾਣਦਾ ਹੈ, ਅਤੇ ਭਾਵੇਂ ਭਾਰਤ ਕਿੰਨੀ ਹੀ ਤਰੱਕੀ ਕਿਉਂ ਨਾ ਕਰ ਗਿਆ ਹੋਵੇ, ਸਮਾਜਿਕ ਹਾਲਾਤ ਅਜੇ ਉਨੇ ਨਹੀਂ ਬਦਲੇ, ਬਦਲਨ ਵਿਚ ਅਜੇ ਅੱਧੀ ਸਦੀ ਤਾਂ ਲੱਗੇਗੀ ਹੀ, ਰਾਧਿਕਾ ਦੀ ਪਿੱਠ ਪਿੱਛੇ ਖੁਸਰ-ਮੁਸਰ ਤਾਂ ਹੁੰਦੀ ਹੀ ਰਹੇਗੀ।

ਉਹ ਰਾਧਿਕਾ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਰੰਗ ਰੂਪ, ਪਹਿਰਾਵੇ ਵਿਚ ਪੂਰਨ ਤੌਰ ਤੇ

ਭਾਰਤੀ ਹੋਣ ਤੇ ਵੀ ਉਹ ਪੰਰਪਰਾ ਬੱਧ ਨਹੀਂ ਹੈ, ਉਸ ਦੀ ਸਭਿਅ ਨਿਮਰਤਾ ਵਾਲੀ ਸ਼ਖਸੀਅਤ ਹੈ, ਭਾਰਤੀ ਨਾਰੀ ਨੂੰ ਅਜਿਹਾ ਹੋਣਾ ਚਾਹੀਦਾ ਹੈ, ਇਸ ਕਰਕੇ ਨਹੀਂ। ਉਸ ਵਿਚ ਬਨਾਵਟੀਪਣ ਨਹੀਂ ਹੈ, ਇਨ੍ਹਾਂ ਸਾਰੇ ਕਾਰਣਾਂ ਕਰਕੇ ਉਹ ਅਕਸ਼ੈ ਨੂੰ ਖਿੱਚਦੀ ਹੈ। ਅਕਸ਼ੈ ਲਈ ਪਰਸਪਰ ਖਿੱਚ ਦਾ ਸਿੱਟਾ ਵਿਆਹ ਹੈ, ਰਾਧਿਕਾ ਲਈ ਕੀ ਹੈ ? ਇਹ ਉਹ ਨਹੀਂ। ਰਾਧਿਕਾ ਉਸ ਨਾਲੋਂ ਜ਼ਿਆਦਾ ਸੋਫਿਸਟੀਕੇਟਿਡ ਹੈ, ਇਸ ਦਾ ਬੜਾ ਹੀ ਕੌੜਾ ਗਿਆਨ ਅਕਸ਼ੈ ਨੂੰ ਹੈ।

ਰਾਧਿਕਾ ਨੇ ਪ੍ਰਸ਼ਨ ਦੁਹਰਾਇਆ।

"ਮੇਰੇ ਮਿੱਤਰ ਸ਼ੰਕਰ ਨੇੜੇ ਹੀ ਰਹਿੰਦੇ ਹਨ, ਉਨ੍ਹਾਂ ਨੇ ਦੋ ਕਮਰਿਆਂ ਦਾ ਇਕ ਫਲੈਟ ਇਕ ਅਮਰੀਕਨ ਫੁੱਲ ਬ੍ਰਾਈਟਰ ਨੂੰ ਦਿੱਤਾ ਹੋਇਆ ਹੈ, ਉਹ ਹੁਣ ਜਾਣ ਵਾਲੀ ਹੈ, ਮੈਂ ਗੱਲ ਕਰਾਂਗਾ। ਪਹਿਲਾਂ, ਤੁਹਾਡਾ ਸਾਮਾਨ ਤਾਂ ਲਿਆਂਦਾ ਜਾਵੇ।"

ਰਾਧਿਕਾ ਨੇ ਫਿਰ ਸਵਾਲਾਂ ਦੀ ਬੁਛਾੜ ਹੀ ਕਰ ਦਿੱਤੀ, "ਕਿੱਥੇ ਹੈ ਫਲੈਟ, ਕਿੰਨਾ ਵੱਡਾ ਹੈ, ਕਦੋਂ ਤਕ ਖਾਲ੍ਹੀ ਹੋਵੇਗਾ ? ਕਿਰਾਇਆ ਕਿੰਨਾ ਲੈਣਗੇ ? ਬਜ਼ਾਰ ਵਗੈਰਾ ਦੀ ਸਹੂਲਤ ਹੈ ਜਾਂ ਨਹੀਂ ?

ਅਕਸ਼ੈ ਨੇ ਤੱਦ ਧੀਰਜ ਨਾਲ ਆਖਿਆ, "ਮੈਂ ਕੱਲ੍ਹ ਹੀ ਤੁਹਾਨੂੰ ਵਿਖਾ ਦਿਆਂਗਾ। ਕਿਰਾਇਆ ਜੋ ਵੀ ਠੀਕ ਹੋਵੇਗਾ ਉਹੀ ਦਿੱਤਾ ਜਾਵੇਗਾ। ਮੇਰੇ ਹੀ ਫਲੈਟ ਦੇ ਕੋਲ ਹੈ। ਖਰੀਦਾ-ਖਰੀਦੀ ਸੋਨਾਮ ਤਾਂ ਕਰਵਾ ਲਿਆ ਕਰਨਾ।"

ਰਾਧਿਕਾ ਨੇ ਸ਼ੁਕਰਾਨੇ ਦੀ ਨਜ਼ਰੇ ਅਕਸ਼ੈ ਵੱਲ ਦੇਖਿਆ, "ਤੁਸੀਂ ਮੇਰੀ ਇਕ ਵੱਡੀ ਚਿੰਤਾ ਮੁਕਾ ਦਿੱਤੀ।"

ਉਹ ਰਾਤ ਉਹ ਅਕਸ਼ੈ ਦੇ ਘਰ ਸੁਤਿਆਂ ਹੋਇਆਂ ਵੀ ਉਹ ਉਸ ਬਾਰੇ ਸੋਚਦੀ ਰਹੀ ਸੀ। ਉਸਨੇ ਆਪਣੇ ਪਰਿਵਾਰ ਦੇ ਦੋਨਾਂ ਆਦਮੀਆਂ, ਪਾਪਾ ਤੇ ਵੱਡੇ ਭਾਈ ਨੂੰ, ਘੋਰ ਵਿਅਕਤੀਵਾਦੀ, ਕੁਝ ਹੱਦ ਤਕ ਸਵਾਰਥੀ, ਵਡਿਆਈ ਦੇ ਅਭਿਲਾਸ਼ੀ ਪਾਇਆ ਸੀ। ਇਸਤਰੀਆਂ ਦਾ ਆਦਰ ਕਰਦੇ ਸਨ, ਉਨ੍ਹਾਂ ਨੂੰ ਆਜ਼ਾਦੀ ਵੀ ਦਿੰਦੇ ਸਨ, ਪਰ ਉੱਥੋਂ ਤੱਕ ਜਿਥੋਂ ਤੱਕ ਉਨ੍ਹਾਂ ਦੁਆਰਾ ਬਣਾਈ ਸੀਮਾ-ਰੇਖਾ ਨਾ ਲੰਘ ਜਾਣ। ਦੂਜੀ ਤਰ੍ਹਾਂ ਦੇ ਆਦਮੀ ਉਹ ਸਨ ਜੋ ਇਸਤਰੀ ਨੂੰ ਸਿਰਫ਼ ਭੋਗ ਦੀ ਵਸਤੂ ਹੀ ਸਮਝਦੇ ਸਨ ਤੇ ਪ੍ਰਤਿਭਾਵਾਨ ਇਸਤਰੀਆਂ

ਤੋਂ ਦੂਰ ਹੀ ਰਹਿੰਦੇ ਸਨ। ਤੀਜਾ ਸੀ ਅਕਸ਼ੈ, ਜਿਸ ਦੀ ਉਦਾਰਤਾ ਤੇ ਸਾਊਪਣੇ ਨੇ ਰਾਧਿਕਾ ਦੇ ਮਨ ਤੇ ਪ੍ਰਭਾਵ ਪਾਇਆ ਸੀ। ਅਕਸ਼ੈ ਕਦੇ ਕਮੀਨਗੀ ਤੇ ਨਹੀਂ ਉਤਰੇਗਾ, ਰਾਧਿਕਾ ਇਹ ਜਾਣਦੀ ਸੀ। ਉਸਨੂੰ ਘਰ ਲਿਆ ਕੇ ਅਕਸ਼ੈ ਨੇ ਦੇਖਿਆ ਕਿ ਸੋਨਾਮ ਰਾਤ ਲਈ ਚਲੇ ਗਿਆ ਹੈ, ਅਲਮਾਰੀ 'ਚੋਂ ਧੋਤੀਆਂ ਚਾਦਰਾਂ ਕੱਢ ਕੇ ਉਸ ਨੇ ਰਾਧਿਕਾ ਨੂੰ ਫੜਾ ਦਿੱਤੀਆਂ ਅਤੇ ਆਪ ਆਪਣਾ ਬਿਸਤਰਾ ਚੁੱਕ ਕੇ ਉੱਪਰ ਚਲਾ ਗਿਆ।

ਰਾਧਿਕਾ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ ਤੇ ਸੌਣ ਤੇ ਪਹਿਲਾਂ ਇਕ ਮੈਗਜ਼ੀਨ ਪੜ੍ਹਨ ਲੱਗੀ। ਉੱਪਰ ਦੇ ਕਮਰੇ ਤੋਂ ਹੇਠ ਸੌਣ-ਕਮਰੇ ਵਿਚ ਰੌਸ਼ਨੀ ਦਿਖਾਈ ਦਿੰਦੀ ਸੀ। ਅਕਸ਼ੈ ਦੇਖ ਰਿਹਾ ਸੀ ਕਿ ਰਾਧਿਕਾ ਜਾਗ ਰਹੀ ਹੈ।

ਰਾਧਿਕਾ ਹੁਣ ਕੀ ਕਰੇਗੀ, ਇਹ ਵਿਚਾਰ ਉਸ ਦੇ ਮਨ ਵਿਚ ਕਈ ਵਾਰ ਆਇਆ ਤੇ ਇਕ ਦੋ ਵਾਰ ਉਹ ਝੁੰਜਲਾ ਵੀ ਗਿਆ ਕਿ ਉਹ ਰਾਧਿਕਾ ਬਾਰੇ ਸੋਚਾਂ ਵਿਚ ਇੰਨਾ ਘਿਰਦਾ ਕਿਉਂ ਜਾ ਰਿਹਾ ਹੈ ? ਵਿਦਿਆ ਨੇ ਆਖਿਆ ਸੀ ਇਸ ਲਈ ਜਾ ਕੇ ਹਵਾਈ ਅੱਡੇ ਤੇ ਮਿਲ ਲਿਆ,ਉਸ ਮਗਰੋਂ ਤਾਂ ਜ਼ਿੰਮੇਵਾਰੀ ਮੁੱਕ ਗਈ ਸੀ ਨਾ ? ਹੁਣ ਜੋ ਰਾਧਿਕਾ ਚਾਹੇ ਸੋ ਕਰੇ। ਉਹ ਉਸ ਨਾਲ ਸਿਰਫ ਉੱਨਾ ਹੀ ਸੰਬੰਧ ਰੱਖੇਗਾ ਜਿੰਨਾ ਇਕ ਸਾਊ ਹੋਣ ਦੇ ਨਾਤੇ ਜ਼ਰੂਰੀ ਹੈ।

ਅਗਲੇ ਦਿਨ ਉਹ ਰਾਧਿਕਾ ਨੂੰ ਲੈ ਕੇ ਸ਼ੰਕਰ ਪਾਸ ਗਿਆ। ਫੋਨ ਉਸ ਨੇ ਪਹਿਲਾਂ ਹੀ ਕਰ ਦਿੱਤਾ ਸੀ। ਸ਼ੰਕਰ ਨੇ ਨਾਂਹ-ਨੁਕਰ ਵੀ ਕੀਤੀ, ਫੁਲਬ੍ਰਾਈਟ ਵਾਲੀ ਕੁੜੀ ਮਗਰੋਂ ਉਹ ਕਮਰੇ ਪਾਸ ਹੀ ਰੱਖਣਾ ਚਾਹੁੰਦਾ ਸੀ। ਪਰ ਰਾਧਿਕਾ ਪਾਸ ਜਗ੍ਹਾ ਨਹੀਂ ਹੈ, ਇਸ ਕਾਰਨ ਅਕਸ਼ੈ ਆਪ ਬੇਘਰਾ ਹੋ ਗਿਆ ਹੈ, ਇਹ ਜਾਣ ਕੇ ਸ਼ੰਕਰ ਨੇ ਆਖਿਆ, 'ਚੰਗਾ ਸ਼ਾਮ ਨੂੰ ਲੈ ਆਉਣ।'

ਅਕਸ਼ੈ ਨੇ ਰਾਧਿਕਾ ਦੀ ਜਾਣ-ਪਛਾਣ ਕਰਵਾਉਂਦਿਆ ਹੋਇਆ ਆਖਿਆ "ਇਨ੍ਹਾਂ ਦਾ ਨਾਂ ਰਾਧਿਕਾ ਹੈ। ਅਜੇ ਹਫਤਾ ਹੀ ਹੋਇਆ ਵਿਦੇਸ਼ ਤੋਂ ਵਾਪਸ ਆਏ ਹਨ। ਫਾਈਨ ਆਰਟਸ ਵਿਚ ਡਿਗਰੀ ਲੈ ਕੇ।"

ਸ਼ੰਕਰ ਦੀਆਂ ਦੋਨੋਂ ਲੜਕੀਆਂ ਬੜੀਆਂ ਪ੍ਰਭਾਵਿਤ ਜਾਪੀਆਂ ਤੇ ਸ਼ੰਕਰ ਦੀ ਘਰਵਾਲੀ ਨੇ,ਜਿਸ ਨੂੰ ਅਕਸ਼ੈ ਨਿਰਸੰਕੋਚ 'ਪ੍ਰੇਮਾ' ਕਹਿ ਕੇ ਬੁਲਾ ਰਿਹਾ ਸੀ,ਰਾਧਿਕਾ ਦੀ ਕਾਫ਼ੀ ਆਉ ਭਗਤ ਕੀਤੀ। ਪਰ ਰਾਧਿਕਾ ਉਪਰਲਾ ਹਿੱਸਾ ਦੇਖਣ ਲਈ ਬੜੀ ਬੇਸਬਰੀ ਨਾਲ ਉਡੀਕ ਕਰ ਰਹੀ ਸੀ ਅਤੇ ਇਸ ਲਈ ਉਹ ਚਾਹ ਦੌਰਾਨ ਘੱਟ ਬੋਲੀ ਅਤੇ ਦੂਸਰਿਆਂ ਵੱਲ

ਦੇਖਦੀ ਰਹੀ। ਅਨਿਲ ਵੀਹ-ਇੱਕੀ ਦੀ ਹੋਵੇਗੀ, ਬੀ. ਏ ਕਰਕੇ ਪੜ੍ਹਾਈ ਛੱਡ ਦਿੱਤੀ ਸੀ, [ਕਦੇ ਕਦੇ ਮਧੁਰ ਦ੍ਰਿਸ਼ਟੀ ਨਾਲ ਅਕਸ਼ੈ ਵੱਲ ਦੇਖ ਲੈਂਦੀ ਪਰ ਅਕਸ਼ੈ ਇਸ ਤੋਂ ਬਿੱਲਕੁਲ ਅਣਭਿੱਜ ਸੀ, ਇਹ ਗੱਲ ਜਾਣ ਕੇ ਰਾਧਿਕਾ ਥੋੜ੍ਹੀ ਜਿਹੀ ਮੁਸਕਰਾਈ। ਨੀਨਾ ਮੁਕਾਬਲਤਨ ਅਲੜ੍ਹ ਸੀ, ਚਾਕਲੇਟੀ ਰੰਗ ਦਾ ਚੂੜੀਦਾਰ ਪਜਾਮਾ ਤੇ ਸਫ਼ੈਦ ਚਾਕਲੇਟੀ ਪ੍ਰਿੰਟ ਦਾ ਕੁਰਤਾ ਅਤੇ ਉਮਰ ਦੇ ਲਿਹਾਜ ਨਾਲ ਦੋਨਾਂ ਹੀ ਲੜਕੀਆਂ ਦੇ ਮੂੰਹ ਤੇ ਜ਼ਿਆਦਾ ਮੇਕਅੱਪ ਸੀ। ਪ੍ਰੇਮਾ ਵੀ ਆਪਣੇ ਵੱਲੋ ਕਾਫ਼ੀ ਸਜੀ ਹੋਈ ਸੀ, ਤਰਬੂਜ਼ੀ ਨਾਇਲਨ ਦੀ ਸਾੜ੍ਹੀ, ਠੰਢ ਵਿਚ ਵੀ ਬਿਨਾ ਬਾਹਾਂ ਤੋਂ ਬਲਾਉਜ਼, ਉਨ੍ਹਾਂ ਤਿੰਨਾਂ ਸਾਹਮਣੇ ਰਾਧਿਕਾ ਕਿੰਨੀ ਸਾਦੀ ਪਰ ਅਸਾਧਾਰਣ ਲੱਗਦੀ ਸੀ, ਇਹ ਅਕਸ਼ੈ ਨੇ ਵੀ ਨੋਟ ਕੀਤਾ।

"ਤੁਹਾਨੂੰ ਭਾਰਤ ਵਾਪਸ ਆ ਕੇ ਕਿਵੇਂ ਲੱਗ ਰਿਹਾ ਹੈ ?," ਸ਼ੰਕਰ ਨੇ ਪੁੱਛਿਆ ?

"ਠੀਕ ਹੀ ਲੱਗ ਰਿਹਾ ਹੈ," ਰਾਧਿਕਾ ਨੇ ਹੌਲੀ ਜਿਹੀ ਆਖਿਆ।

"ਮੈਨੂੰ ਤਾਂ ਤੁਹਾਡਾ ਦੇਸ਼, ਜਾਣੀ ਅਮਰੀਕਾ ਪਸੰਦ ਨਹੀਂ ਆਇਆ। ਮੈਂ ਸੰਨ ਛਿਪੰਜਾ ਵਿਚ ਉੱਥੇ ਗਿਆ ਸਾਂ," ਕਹਿ ਕੇ ਸ਼ੰਕਰ ਨੇ ਰਾਧਿਕਾ ਦੀ ਪ੍ਰਤਿਕਿਰਿਆ ਦੇਖੀ।

"ਮੇਰਾ ਦੇਸ਼ ਤਾਂ ਇਹੀ ਹੈ," ਹੌਲੀ ਜਿਹੀ ਰਾਧਿਕਾ ਨੇ ਆਖਿਆ।

"ਫੇਰ ਵੀ ਤੁਸੀਂ ਉੱਥੇ ਰਹੇ ਹੋ, ਪੜ੍ਹੇ ਹੋ।" ਸ਼ੰਕਰ ਨੇ ਹੌਲੀ ਜਿਹੀ ਹੱਸਦਿਆਂ ਕਿਹਾ, "ਤੇ ਸ਼ਾਇਦ ਬਹੁਤੇ ਪੱਛਮੀ ਵਿਚਾਰਾਂ ਦੇ ਹੋ ਗਏ ਹੋਵੋ। ਨਹੀਂ ਤਾਂ ਮਾਪਿਆ ਤੋਂ ਅਲੱਗ ਹੋ ਕੇ ਰਹਿਣ ਦੀ ਗੱਲ ਕਿੰਨੀਆਂ ਕੁ ਕੁੜੀਆਂ ਸੋਚਦੀਆਂ ਹਨ ?"

ਰਾਧਿਕਾ ਨੇ ਆਖਿਆ, "ਤਦੇ ਤਾਂ ਸਾਡੇ ਇੱਥੇ ਕੁੜੀਆਂ ਦਾ ਚਰਿੱਤਰ ਪੂਰੀ ਤਰ੍ਹਾਂ ਨਾਲ ਵਿਕਸਿਤ ਨਹੀਂ ਹੁੰਦਾ। ਮਾਪੇ ਆਪਣੇ ਹੀ ਵਿਚਾਰਾਂ ਨੂੰ ਉਹਨਾਂ ਤੇ ਲੱਦਦੇ ਰਹਿੰਦੇ ਹਨ। ਰਿਹਾ ਮੇਰਾ ਸਵਾਲ, ਮੈਂ ਮਨ-ਮਰਜ਼ੀ ਦੇ ਜੀਵਨ ਦੀ ਐਨੀ ਆਦੀ ਹੋ ਗਈ ਹਾਂ ਕਿ ਵਿਘਨ ਸਹਿ ਨਹੀਂ ਸਕਦੀ।"

"ਤਾਂ ਵਿਆਹ ਮਗਰੋਂ ਕੀ ਕਰੋਗੇ ? ਪ੍ਰੇਮਾ ਨੇ ਪੁੱਛਿਆ।

"ਅਜੇ ਤਾਂ ਇਰਾਦਾ ਨਹੀਂ ਹੈ," ਰਾਧਿਕਾ ਨੇ ਦ੍ਰਿੜਤਾ ਨਾਲ ਆਖਿਆ।

"ਭਾਵ ਤੁਸੀਂ ਵੀ ਸਾਡੇ ਅਕਸ਼ੈ ਵਾਂਗ ਇੱਕਲਾ ਜੀਵਨ ਪਸੰਦ ਕਰਦੇ ਹੋ," ਸ਼ੰਕਰ ਹੱਸਿਆ, "ਅਸੀਂ ਤਾਂ ਅਕਸ਼ੈ ਨੂੰ ਘਰ ਜਵਾਈ ਬਣਾਉਣ ਨੂੰ ਤਿਆਰ ਹਾਂ।"

ਰਾਧਿਕਾ ਸਮਝ ਗਈ ਕਿ ਸ਼ੰਕਰ ਆਪਣੇ ਢੰਗ ਨਾਲ ਇਹ ਦੱਸਣ ਦਾ ਯਤਨ ਕਰ ਰਿਹਾ ਹੈ ਕਿ ਉਸ ਦਾ ਕਲੇਮ ਪਹਿਲਾ ਹੈ।

"ਹੁਣ ਤੁਸੀਂ ਇਨ੍ਹਾਂ ਨੂੰ ਉੱਪਰ ਦਾ ਪੋਰਸ਼ਨ ਦਿਖਾਓਗੇ ਜਾਂ ਗੱਲਾਂ ਹੀ ਮਾਰਦੇ ਰਹੋਗੇ,' ਅਕਸ਼ੈ ਨੇ ਗੱਲ ਅੱਗੇ ਨਾ ਵੱਧ, ਇਸ ਡਰ ਨਾਲ ਤੁਰੰਤ ਆਖਿਆ। ਸ਼ੰਕਰ ਅਕਸਰ ਅਜਿਹੀਆ ਗੱਲਾਂ ਕਰਦਾ ਸੀ ਪਰ ਅਕਸ਼ੈ ਨੂੰ ਖੁਸ਼ੀ ਸੀ ਕਿ ਅਨਿਲ ਲਈ ਉਸਨੇ ਸਾਫ਼-ਸਾਫ਼ ਕਦੇ ਨਹੀਂ ਆਖਿਆ, ਨਹੀਂ ਤਾਂ ਇਨਕਾਰ ਕਰਦਿਆਂ ਹੋਇਆਂ ਸ਼ੰਕਰ ਨਾਲ ਦੋਸਤੀ ਵੀ ਜਾਂਦੀ ਰਹਿੰਦੀ।

ਉੱਪਰ ਦੇ ਹਿੱਸੇ ਵਿਚ ਮਾਰਸ਼ਾ ਮਿਲਰ ਦਾ ਸਮਾਨ ਖਿਲਰਿਆ ਪਿਆ ਸੀ, ਪੈਕ ਕਰਕੇ ਮਕਾਨ ਛੱਡਣ ਤੋਂ ਪਹਿਲਾਂ ਜੋ ਬੇਤਰਤੀਬੀ ਹੋ ਜਾਂਦੀ ਹੈ, ਉਸ ਦੇ ਦੌਰਾਨ ਵੀ ਉਨਾਂ ਕਮਰਿਆਂ ਨੂੰ ਚੰਗੀ ਤਰ੍ਹਾਂ ਸਜਾਇਆ ਜਾ ਸਕਦਾ ਹੈ, ਇਹ ਸੰਭਾਵਨਾ ਰਾਧਿਕਾ ਨੇ ਦੇਖ ਲਈ।

ਅੰਦਰ ਦੇ ਕਮਰੇ ਸਨ, ਇਕ ਵੱਡਾ ਤੇ ਚੌਰਸ ਜਿਸ ਵਿਚ ਦੋ ਖਿੜਕੀਆਂ ਅੰਦਰ ਵਿਹੜੇ ਵਿਚ ਖੁੱਲ੍ਹਦੀਆਂ ਸਨ, ਦੂਜਾ ਮੁਕਾਬਲਤਨ ਛੋਟਾ ਤੇ ਲੰਮਾ ਸੀ ਜਿਸ ਦੀ ਖਿੜਕੀ 'ਚੋਂ ਦੂਰ ਖੇਤਾਂ ਦੀ ਹਰਿਆਲੀ ਨਜ਼ਰ ਆਉਂਦੀ ਸੀ ਅਤੇ ਖੂਬ ਖੁੱਲ੍ਹੀ ਛੱਤ।

ਰਾਧਿਕਾ ਕੁਝ ਦੇਰ ਛੱਤ ਦੇ ਬਨੇਰੇ ਫ਼ੜ ਕੇ ਖੜੀ ਰਹੀ। ਉਸ ਕਤਾਰ ਵਿਚ ਸਾਰੇ ਮਕਾਨ ਅਜਿਹੇ ਹੀ ਸਨ, ਦੋ-ਦੋ ਮੰਜ਼ਲਾਂ ਵਾਲੇ, ਛੱਤਾਂ ਨਾਲ ਲੱਗੀਆਂ ਛੱਤਾਂ, ਸਾਹਮਣੇ ਥੋੜ੍ਹੀ ਜਿਹੀ ਖੁੱਲ੍ਹੀ ਥਾਂ, ਉਸ ਮਗਰੋਂ ਸੜਕ ਵਿਚ ਹੋਣ ਦੇ ਬਾਵਜੂਦ ਵੀ ਉਧਰਲੇ ਮਕਾਨਾਂ ਦਾ ਸਭ ਕੁਝ ਦਿਖਾਈ ਦਿੰਦਾ ਸੀ।

ਜਿਵੇਂ ਆਪਣੀ ਬਾਲਕੋਨੀ ਵਿਚ ਬੈਠੇ ਇਕ ਸਰਦਾਰ ਜੀ, ਇਕ ਬੱਚੇ ਨੂੰ ਰਜਾਈ ਵਿਚ ਢੱਕੀ, ਪੌੜੀਆ ਉਤਰਦੀ ਇਕ ਇਸਤਰੀ, ਫਿਰ ਕੁਝ ਦੂਰ ਖੱਬੇ ਪਾਸੇ ਬਿਨਾਂ ਚੁੰਨੀ ਲਈ ਇਕ ਮੁਟਿਆਰ ਦਾ ਛੱਤ ਤੇ ਘੁੰਮਦਿਆਂ ਦੰਦਾਂ ਨੂੰ ਬੁਰਸ਼ ਕਰਨਾ ਤੇ ਨਾਲ ਦੀ ਛੱਤ ਤੇ ਫੁੱਲਾਂ ਨੂੰ ਪਾਣੀ ਪਾਉਣ ਦਾ ਬਹਾਨਾ ਮਾਤਰ ਕਰਦਾ ਹੋਇਆ ਇਕ ਯੁਵਕ। ਰਾਧਿਕਾ ਨੂੰ ਹਾਸਾ ਆ ਗਿਆ। ਤਾਂ ਅਜੇ ਵੀ ਛੱਤਾਂ ਤੇ ਇਸ਼ਕ ਕਰਨ ਦੇ ਦਿਨ ਅਜੇ ਗਏ ਨਹੀਂ ਹਨ। ਉਸ ਨੇ ਮੁੜ ਕੇ ਪਿਛਵਾੜੇ ਦੇਖਿਆ, ਇਕ ਕਾਫ਼ੀ ਗੰਦੀ ਗਲੀ ਸੀ, ਜਿਸ ਵਿਚ ਇਕ ਕਾਫ਼ੀ ਮੋਟੀ ਤਾਜੀ ਗਾਂ

ਪਸਰੀ ਬੈਠੀ ਸੀ ! ਅਤੇ ਅੱਖਾਂ ਬੰਦ ਕਰਕੇ ਉਗਾਲੀ ਕਰ ਰਹੀ ਸੀ। ਉਨ੍ਹਾਂ ਪਿੱਛੇ ਛੋਟੇ-ਛੋਟੇ ਮਕਾਨਾਂ ਦੀ ਕਤਾਰ ਸੀ, ਕੰਧਾਂ ਇੱਟਾਂ ਦੀਆਂ, ਸਫੈਦ ਲਿਪੀਆਂ ਹੋਈਆਂ, ਪਰ ਕਾਫ਼ੀ ਨੀਵੀਆਂ ਛੱਤਾਂ, ਛੱਪਰ ਦੀਆਂ, ਇਕ ਦੁੱਧ ਵਾਲਾ, ਕੱਪੜੇ ਪ੍ਰੈਸ ਕਰਦਾ ਧੋਬੀ ਤੇ ਉਸ ਪਾਸਿਓ ਉਠਦਾ ਇਕ ਲਗਾਤਾਰ ਸ਼ੋਰ।

ਸ਼ੰਕਰ ਨੇ ਥੋੜ੍ਹੀ ਖਿਮਾਂ ਭਾਵ ਨਾਲ ਆਖਿਆ, "ਇਨ੍ਹਾਂ ਸਾਰੇ ਲੋਕਾਂ ਨੂੰ ਕਈ ਵਾਰ ਨੋਟਿਸ ਮਿਲ ਚੁੱਕਿਆ ਹੈ। ਅਸੀਂ ਇਨ੍ਹਾਂ ਦੀਆਂ ਝੋਪੜੀਆਂ ਗਿਰਾਏ ਜਾਣ ਦੇ ਪੱਖ ਵਿਚ ਹਾਂ, ਪਰ ਅੱਜ ਤਾਂ ਕਈ ਡੈਫੀਨੇਟ ਐਕਸ਼ਨ ਨਹੀਂ ਲਿਆ ਗਿਆ ਹੈ।"

ਰਾਧਿਕਾ ਨੇ ਅਕਸ਼ੈ ਨੂੰ ਆਖਿਆ, "ਮੈਂ ਇਕ ਵਾਰ ਫਿਰ ਸ਼ਾਮ ਨੂੰ ਇੱਥੇ ਆ ਕੇ ਦੇਖਣਾ ਚਾਹੁੰਦੀ ਹਾਂ। ਜੇਕਰ ਇਨ੍ਹਾਂ ਨੂੰ ਇਤਰਾਜ਼ ਨਾ ਹੋਵੇ।"

"ਇਤਰਾਜ਼ ਕਿਉਂ ਹੋਵੇਗਾ," ਸ਼ੰਕਰ ਨੇ ਆਖਿਆ। ਪਰ ਇਹ ਸਪਸ਼ਟ ਸੀ ਕਿ ਉਸ ਨੂੰ ਰਾਧਿਕਾ ਦੇ ਚਰਿੱਤਰ ਤੇ ਥੋੜ੍ਹੀ ਜਿਹੀ ਹੈਰਾਨੀ ਜ਼ਰੂਰ ਹੋਈ।

"ਕੀ ਰਾਤ ਨੂੰ ਵੀ ਇਥੇ ਇੰਨਾ ਰੋਲਾ ਰਹਿੰਦਾ ਹੈ ?" ਰਾਧਿਕਾ ਨੇ ਆਖਿਆ।

"ਰੌਲਾ ?" ਪ੍ਰੇਮਾ ਨੇ ਪੁੱਛਿਆ, "ਇਸ ਨੂੰ ਤਾਂ ਅਸੀਂ ਰੌਣਕ ਆਖਦੇ ਹਾਂ। ਸਾਨੂੰ ਉਹ ਥਾਵਾਂ ਪਸੰਦ ਨਹੀਂ ਹਨ ਜਿੱਥੇ ਗਿੱਦੜ ਰੋਂਦੇ ਹੋਣ।"

"ਮੈਂ ਫਿਰ ਆਵਾਂਗੀ," ਆਖ ਕੇ ਰਾਧਿਕਾ ਝੱਟ ਪਟ ਹੇਠਾਂ ਉਤਰ ਗਈ।

ਦੁਪਹਿਰ ਦਾ ਭੋਜਨ ਅਕਸ਼ੈ ਪਾਸ, ਸੋਨਾਮ ਤਿਆਰ ਕਰ ਰਿਹਾ ਸੀ।

'ਘਰ ਤਾਂ ਮੈਨੂੰ ਪਸੰਦ ਹੈ," ਰਾਧਿਕਾ ਨੇ ਆਖਿਆ, "ਪਰ ਆਸ-ਪਾਸ ਬੜੀ ਸੰਘਣੀ ਆਬਾਦੀ ਹੈ। ਮੈਂ ਬਚਪਨ ਤੋਂ ਹੀ ਇਕਾਂਤ ਵਿਚ ਰਹੀ ਹਾਂ।"

"ਤੁਸੀਂ ਸੋਚ ਲਓ ਜੋ ਵੀ ਠੀਕ ਹੋਵੇ। ਪਰ ਦਿੱਲੀ ਵਿਚ ਘਰ ਮਿਲਣਾ ਬੜਾ ਔਖਾ ਹੁੰਦਾ ਜਾ ਰਿਹਾ ਹੈ," ਅਕਸ਼ੈ ਨੇ ਆਖਿਆ। ਉਦੋਂ ਤਕ ਸੋਨਾਮ ਇਕ ਟ੍ਰੇ ਵਿਚ ਦੋ ਗਲਾਸ ਸ਼ਰਬਤ ਰੱਖ ਗਿਆ।

"ਫਿਰ ਵੀ ਕਿੱਧਰੇ ਅਜਿਹਾ ਘਰ ਜਿੱਥੇ ਬਿੱਲਕੁਲ ਚੁੱਪ ਹੋਵੇ ਕਿ ਪੱਤਾ ਵੀ ਨਾ ਖੜਕੇ, ਕਿ ਪੂਰਾ ਦਿਨ ਬੀਤ ਜਾਵੇ ਤੇ ਕੋਈ ਦੂਜੀ ਸ਼ਕਲ ਨਾ ਦਿਸੇ," ਰਾਧਿਕਾ ਗੰਭੀਰ ਸੀ

ਪਰ ਜਦੋਂ ਅਕਸ਼ੈ ਨੇ ਆਖਿਆ, "ਪਰ ਅਜਿਹਾ ਬਨਵਾਸ ਲੈਣ ਦੀ ਤੁਹਾਨੂੰ ਨੂੰ ਕੀ ਲੋੜ ਪੈ ਗਈ..." ਤਾਂ ਉਸ ਨਾਲ ਉਹ ਹੱਸ ਪਈ।

ਲੰਚ ਮਗਰੋਂ ਉਹ ਉੱਠ ਕੇ ਸੋਫੇ ਤੇ ਜਾ ਬੈਠਾ ਤੇ ਸੋਨਾਮ ਜਦੋਂ ਕੋਫੀ ਲੈ ਕੇ ਆਇਆ ਤਾਂ ਰਾਧਿਕਾ ਨੇ ਆਖਿਆ, "ਸੋਨਾਮ ਲਿਆ, ਕੋਫੀ ਬਹੁਤ ਵਧੀਆ ਬਣੀ ਹੈ।"

ਉਹ ਮੁਸਕਰਾਇਆ, ਨਿਵਿਆਂ ਤੇ ਚਲਾ ਗਿਆ।

ਉਸ ਮਗਰੋਂ ਦੋਨੋਂ ਹੀ ਇਕ ਬਹੁਤ ਸ਼ਾਂਤ, ਸੁੱਖ ਭਰੇ, ਚੁੱਪ ਨਾਲ ਘਿਰੇ ਬੈਠੇ ਰਹੇ। ਅਕਸ਼ੈ ਨੇ ਉੱਠ ਕੇ ਹੌਲੀ ਜਿਹੀ ਰੇਡੀਓ ਲਾ ਦਿੱਤਾ ਤੇ ਪੱਛਮੀ ਸੰਗੀਤ ਦੀਆਂ ਹਲਕੀਆਂ-ਹਲਕੀਆਂ ਲਹਿਰਾਂ ਕਮਰੇ ਵਿਚ ਫੈਲ ਗਈਆਂ।

ਰਾਧਿਕਾ ਇਸ ਵੇਲੇ ਸੋਫੇ ਨਾਲ ਢੋ ਲਗਾਈ ਬੈਠੀ ਸੀ, ਰੁੱਖੇ, ਢਿੱਲੇ ਵਾਲ ਚਿਹਰੇ ਨੂੰ ਘੇਰੀ ਬੈਠੀ ਸਨ, ਅਕਸ਼ੈ ਨੂੰ ਪਤਾ ਲੱਗਾ ਕਿ ਰਾਧਿਕਾ ਦੇ ਵਾਲਾਂ ਦਾ ਰੰਗ ਗੂੜ੍ਹਾ ਭੂਰਾ ਹੈ। ਅਜਿਹੇ ਬਣਾਏ ਵਾਲ ਉਸ ਨੂੰ ਫੱਬਦੇ ਸਨ, ਅਕਸ਼ੈ ਨੂੰ ਇਹ ਹੀ ਪਤਾ ਲੱਗਾ ਕਿ ਰਾਧਿਕਾ ਜੋ ਕੁਝ ਪਹਿਨਦੀ ਹੈ, ਉਸ ਵਿਚ ਹੀ ਚੰਗੀ ਲੱਗਦੀ ਹੈ। ਸ਼ਾਇਦ ਉਹ ਕੱਪੜੇ ਚੁਣਦੀ ਹੀ ਇਸ ਦ੍ਰਿਸ਼ਟੀ ਨਾਲ ਹੋਵੇ। ਰਾਧਿਕਾ ਜਦੋਂ ਗੰਭੀਰ ਰਹਿੰਦੀ ਹੈ ਤਾਂ ਪਿਤਾ ਦੇ ਚਿਹਰੇ ਦੀ ਝਲਕ ਉਸ ਦੇ ਮੂੰਹ ਤੇ ਸਪਸ਼ਟ ਵਿਖਾਈ ਦਿੰਦੀ ਹੈ।

"ਤੁਹਾਨੂੰ ਹੈਰਾਨੀ ਨਹੀਂ ਹੋਈ ਕਿ ਮੈ ਐਨੀ ਜਲਦੀ ਕਿਉਂ ਵਾਪਸ ਆਈ ਹਾਂ ?"

ਰਾਧਿਕਾ ਦੇ ਇਸ ਸਵਾਲ ਤੇ ਅਕਸ਼ੈ ਨੇ ਸਹਿਜ ਨਾਲ ਆਖਿਆ, "ਨਹੀਂ।"

ਹੁਣ ਹੈਰਾਨ ਹੋਣ ਦੀ ਵਾਰੀ ਰਾਧਿਕਾ ਦੀ ਸੀ "ਕਿਉਂ ?"

"ਕਿਉਂਕਿ ਮੈਂ ਵਿਦਿਆ ਨੂੰ ਬਹੁਤ ਵਰ੍ਹਿਆਂ ਤੋਂ, ਜਾਣਦਾ ਹਾਂ ?," ਅਕਸ਼ੈ ਨੇ ਸਹਿਜ ਨਾਲ ਆਖਿਆ।

ਰਾਧਿਕਾ ਨੇ ਬਹੁਤ ਵਾਰ ਪੜ੍ਹਿਆ ਸੁਣਿਆ ਸੀ ਕਿ ਬਿੱਲਕੁਲ ਨਾ-ਵਾਕਿਫ਼ ਨੂੰ ਦੁੱਖ ਦੀ ਗਾਥਾ ਸੁਣਾ ਕੇ ਭਾਰ ਹਲਕਾ ਹੋ ਜਾਂਦਾ ਹੈ। ਅਕਸ਼ੈ ਉਸ ਲਈ ਵਾਕਿਫ਼ ਹੀ ਤਾਂ ਸੀ। ਪਾਪਾ ਨੇ ਜਦੋਂ ਆਪਣਾ ਜੀਵਨ ਰਾਹ ਚੁਣ ਲਿਆ ਤਾਂ ਉਹ ਕਿਉਂ ਨਹੀਂ ਆਜ਼ਾਦ, ਕਠੋਰ ਹੋਕੇ ਆਪਣੇ ਲਈ ਰਾਹ ਲੱਭ ਲੈਂਦੀ।

ਰਾਧਿਕਾ ਦੀਆਂ ਅੱਖਾ ਫਿਰ ਅਕਸ਼ੈ ਤੇ ਟਿਕ ਗਈਆਂ। ਇਸ ਥੋੜ੍ਹੀ ਜਿਹੀ ਜਾਣਕਾਰੀ ਵਿਚ ਜਿਨ੍ਹਾਂ ਅਕਸ਼ੈ ਨੂੰ ਜਾਣਿਆ ਸੀ, ਉਸ ਤੋਂ ਸੱਪਸ਼ਟ ਸੀ ਕਿ ਉਹ ਕਦੇ ਵੀ ਉਸ ਲਈ ਬੇਸਬਰ ਤੇ ਪਾਗਲ ਕਰ ਦੇਣ ਵਾਲਾ ਪ੍ਰੇਮੀ ਨਹੀਂ ਬਣ ਸਕੇਗਾ। ਅਕਸ਼ੈ ਦੀ ਛੁਹ ਨਾਲ ਕਦੇ ਵੀ ਉਸ ਦੀਆਂ ਰਗਾਂ ਵਿਚ ਖੂਨ ਦਾ ਪ੍ਰਵਾਹ ਤੇਜ਼ ਨਹੀਂ ਹੋਵੇਗਾ। ਇਸ ਦਾ ਗਿਆਨ ਉਸਨੂੰ ਸੀ। ਹਾਂ, ਦੋਨੋਂ ਦੋਸਤ ਬਣ ਸਕਦੇ ਸਨ, ਰਾਧਿਕਾ ਨੂੰ ਇਕ ਸਮਝਦਾਰ ਦੋਸਤ ਦੀ ਜ਼ਰੂਰਤ ਵੀ ਸੀ।

ਰਾਧਿਕਾ ਨੂੰ ਆਪਣੇ ਵਿਚਾਰਾਂ ਦੀ ਗਤੀ ਤੇ ਹਾਸਾ ਆਇਆ ਤੇ ਥੋੜ੍ਹੀ ਜਿਹੀ ਖਿਝ ਵੀ। ਉਸ ਨੂੰ ਕੀ ਹੋ ਗਿਆ ਹੈ, ਕੀ ਉਹ ਵੀ ਰੱਜੂ ਮਾਮੇਂ ਦਾ ਦੱਸਿਆ ਰਸਤਾ ਲੱਭ ਰਹੀ ਹੈ, ਵਿਆਹ, ਗ੍ਰਿਹਿਸਤ, ਬੱਚੇ ? ਕੀ ਇਸ ਭਟਕਣ ਦਾ ਇਹੀ ਸਿੱਟਾ ਹੋਵੇਗਾ ?

"ਮੈਂ ਸੋਚਦੀ ਹਾਂ ਕਿ ਮਕਾਨ ਲੈ ਹੀ ਲਵਾਂ," ਆਪਣੇ ਵਿਚਾਰ ਤੇ ਰੋਕ ਲਗਾਉਂਦੀ ਹੋਈ ਰਾਧਿਕਾ ਬੋਲ ਪਈ।

ਘਰ ਵਾਰ ਸੈਟ ਕਰਨ ਵਿਚ ਰਾਧਿਕਾ ਨੂੰ ਬਹੁਤੀ ਮਿਹਨਤ ਨਹੀਂ ਕਰਨੀ ਪਈ। ਮਾਰਸਾ ਨੇ ਆਪਣਾ ਵਰਤਿਆ ਹੋਇਆ ਕਾਫ਼ੀ ਸਮਾਨ ਰਾਧਿਕਾ ਨੂੰ ਘੱਟ ਕੀਮਤ ਤੇ ਦੇ ਦਿੱਤਾ। ਕੁਝ ਪ੍ਰੇਮਾ ਨੇ ਅਤੇ ਬਚੀਆਂ ਖੁਚੀਆਂ ਚੀਜ਼ਾਂ ਅਕਸ਼ੈ ਨੂੰ ਦੇ ਦਿੱਤੀਆਂ। ਦੁਪਹਿਰ ਦਾ ਖਾਣਾ ਅਕਸ਼ੈ ਬਾਹਰ ਹੀ ਖਾਂਦਾ ਸੀ, ਇਸ ਲਈ ਸੋਨਾਮ ਨੂੰ ਦਿਨ ਭਰ ਛੁੱਟੀ ਰਹਿੰਦੀ ਸੀ, ਉਹ ਰਾਧਿਕਾ ਦਾ ਲੋੜ ਪੈਣ ਤੇ ਕੰਮ ਕਰ ਦਿਆ ਕਰੇ, ਅਜਿਹਾ ਸਮਝੌਤਾ ਤਿੰਨਾਂ ਵਿਚ ਹੋ ਗਿਆ ਸੀ।

ਦੋ ਦਿਨ ਲਗਾ ਕੇ ਸੋਨਾਮ ਤੇ ਰਾਧਿਕਾ ਨੇ ਸਫ਼ਾਈ ਕਰ ਦਿੱਤੀ। ਫਿਰ ਕਈ ਵਾਰ ਸਮਾਨ ਰਖਿਆ ਗਿਆ ਅਤੇ ਹਟਾਇਆ ਗਿਆ, ਕਮਰਾ ਚੋਰਸ ਹੋਣ ਕਾਰਨ ਕਿਸੇ ਵੀ ਹਾਲਤ ਵਿਚ ਚੰਗਾ ਲੱਗਦਾ ਸੀ।

ਅਕਸ਼ੈ ਜਦੋਂ ਸ਼ਾਮ ਨੂੰ ਉਸ ਨੂੰ ਮਿਲਣ ਆਇਆ ਤਾਂ ਵੀ ਰਾਧਿਕਾ ਰੁੱਖੇ ਵਾਲਾ ਦਾ ਪਿੱਛੇ ਜੂੜਾ ਕਰੀ, ਸਾੜੀ ਦਾ ਪੱਲਾ ਕਮਰ ਵਿਚ ਟੰਗੀ, ਸਟੂਲ ਤੇ ਖੜ੍ਹੀ ਕੰਧ ਤੇ ਇਕ ਚਿੱਤਰ ਟੰਗ ਰਹੀ ਸੀ।

ਅਕਸ਼ੈ ਨੇ ਚਾਰੇ-ਪਾਸੇ ਨਜ਼ਰ ਮਾਰ ਕੇ ਆਖਿਆ, "ਬੜੀ ਛੇਤੀ ਸਭ ਠੀਕ-ਠਾਕ ਕਰ ਲਿਆ।"

"ਕਰਨ ਵਾਲਾ ਅਜਿਹਾ ਸੀ ਹੀ ਕੀ?" ਰਾਧਿਕਾ ਨੇ ਸਟੂਲ ਤੋਂ ਉਤਰਦਿਆਂ ਹੋਇਆ ਆਖਿਆ, ਫਿਰ ਕੁਝ ਪਿੱਛੇ ਜਾ ਕੇ ਦੇਖਣ ਲੱਗੀ ਕਿ ਚਿੱਤਰ ਸਿੱਧਾ ਟੰਗਿਆ ਹੈ ਜਾਂ ਨਹੀਂ। ਸੂਰਜ ਮੁੱਖੀ ਦੇ ਉਨ੍ਹਾਂ ਚਮਕਦਾਰ ਤਰਲ ਪੀਲੇ ਰੰਗ ਦੇ ਫੁੱਲਾਂ ਦੀਆਂ ਤਸਵੀਰਾਂ ਨਾਲ ਕਮਰੇ ਦੀ ਸ਼ਾਨ ਵੱਧ ਗਈ ਸੀ। ਦੂਜੀ ਕੰਧ ਤੇ ਤਾਂਬੇ ਦੇ ਖੰਭ ਤੇ ਲੱਕੜ ਦੇ ਸਰੀਰ ਵਾਲੇ ਇਕ ਉੱਡਦੇ ਹੋਏ ਪੰਛੀ ਨੂੰ ਟੰਗ ਦਿੱਤਾ ਗਿਆ। ਨੀਵੀਂ ਜਿਹੀ, ਪਾਰਦਸ਼ੀ ਕੱਚ ਦੀ ਮੇਜ਼ ਤੇ ਦੋ ਛੋਟੇ-ਛੋਟੇ ਮਾਡਲ ਰੱਖੇ ਹੋਏ ਸਨ। ਝੁੱਕ ਕੇ ਉਹਨਾਂ ਨੂੰ ਉਠਾਦੀਆਂ ਹੋਇਆ ਅਕਸ਼ੈ ਨੇ ਆਖਿਆ, "ਇਹ ਤੁਸੀਂ ਬਣਾਏ ਹਨ ?"

"ਨਹੀਂ ? ਇਹ ਮੈਂ ਰੋਡ ਆਈਲੈਂਡ ਵਿਚ ਇਕ ਕਲਾਕਾਰ ਤੋਂ ਖਰੀਦੇ ਸੀ। ਉਹ ਇਹਨਾਂ ਨੂੰ ਹੁਗਾਚੀ ਕਹਿੰਦਾ ਸੀ ਅਰਥਾਤ ਲਿਟਲ ਨਥਿੰਗਜ਼ !" ਅਕਸ਼ੈ ਦੇ ਹੱਥੋਂ ਇਕ ਹੁਗਾਚੀ ਨੂੰ ਲੈਂਦਿਆਂ ਹੋਇਆ ਰਾਧਿਕਾ ਨੇ ਉਸਨੂੰ ਹਥੇਲੀ ਤੇ ਰੱਖ ਕੇ ਕਿਹਾ "ਇਹ ਪਯੂਟਰ ਵਿਚ ਘੜੀ ਗਈ ਹੈ। ਇਸ ਦੀ ਫਾਰਮ ਦੇਖੋ। ਅਮੂਰਤ ਕਲਾ ਦਾ ਕਿੰਨਾ ਸੁਹਣਾ ਉਦਾਹਰਣ ਹੈ।" ਫਿਰ ਉਹ ਆਪ ਹੀ ਸ਼ਰਮਾ ਗਈ ਤੇ ਹੁਗਾਚੀ ਉਸ ਨੇ ਮੇਜ਼ ਤੇ ਵਾਪਸ ਰੱਖ ਦਿੱਤੀ।

"ਸੋਨਾਮ, ਸਾਹਿਬ ਲਈ ਚਾਹ ਲਿਆਓ," ਰਾਧਿਕਾ ਨੇ ਥੋੜ੍ਹੀ ਜਿਹੀ ਉੱਚੀ ਆਵਾਜ਼ ਵਿਚ ਆਖਿਆ

ਉਸ ਛਿੰਨ ਅਕਸ਼ੈ ਦੇ ਮਨ ਵਿਚ ਬੜਾ ਅਜੀਬ ਜਿਹਾ ਭਾਵ ਪੈਦਾ ਹੋਇਆ। ਉਸ ਨੂੰ ਜਾਪਿਆ ਕਿ ਇਹ ਅੱਜ ਹੀ ਅਜਿਹਾ ਨਹੀਂ ਹੋਇਆ, ਬਲਕਿ ਇਸੇ ਛਿੰਨ ਲਈ ਉਹ ਕਦੋਂ ਤੋਂ ਉਡੀਕ ਵਿਚ ਹੈ, ਉਹ ਦਫ਼ਤਰ ਵਾਪਸ ਆਇਆ ਹੈ ਅਤੇ ਰਾਧਿਕਾ ਉਸ ਨੂੰ ਘਰ ਦੀ ਸਜਾਵਟ ਕਰਨ ਵਿਚ ਰੁਝੀ ਮਿਲੀ ਹੈ ਅਤੇ ਇਹ ਸੋਨਾਮ ਟ੍ਰੇ ਵਿਚ ਚਾਹ ਸਜਾਈ ਆ ਰਿਹਾ ਹੈ। ਅਕਸ਼ੈ ਨੇ ਇਕ ਪਿਆਰ ਭਰੀ ਨਜ਼ਰ ਰਾਧਿਕਾ ਵੱਲ ਮਾਰੀ ਜੋ ਹਾਲੇ ਵੀ ਖਿੜਕੀ ਵੱਲ ਪਿੱਠ ਕਰਕੇ ਖੜੀ ਮੁਗਧ ਭਾਵ ਨਾਲ ਸੂਰਜ ਮੁੱਖੀ ਦੇ ਫੁੱਲਾਂ ਦੇ ਚਿੱਤਰਾਂ ਨੂੰ ਦੇਖ ਰਹੀ ਸੀ।

"ਹੁਣ ਮੈਨੂੰ ਘਰ, ਘਰ ਜਿਹਾ ਲੱਗਿਆ," ਉਸ ਨੇ ਚਿਹਰਾ ਅਕਸ਼ੈ ਵਲ ਥੋੜ੍ਹਾ ਜਿਹਾ ਫੇਰ ਕੇ ਕਿਹਾ। ਸ਼ਾਮ ਦਾ ਹਲਕਾ, ਕਮਲ ਉਜਾਲਾ ਕਮਰੇ ਵਿਚ ਹੋਇਆ ਸੀ, ਉਸ ਵਿਚ ਰਾਧਿਕਾ ਦੇ ਚਿਹਰੇ ਦੀਆਂ ਲਕੀਰਾਂ ਜਿਵੇਂ ਘੁਲਕੇ ਕਮਲ ਹੋ ਨਿਬੜੀਆਂ ਸਨ ਅਤੇ ਉਸ ਦੇ ਲੰਮੇ ਪਤਲੇ ਸਰੀਰ ਤੇ ਦੱਖਣੀ ਸਾੜੀ, ਪੁਰਾਣੀ ਹੁੰਦਿਆਂ ਹੋਇਆ ਵੀ ਖੂਬ ਸੱਜ ਰਹੀ ਸੀ।

ਅਕਸ਼ੈ ਨੇ ਏਨੇ ਵਿਚ, ਇਕ ਦੁਰਬਲ ਛਿਣ ਵਿਚ ਨਿਸਚਾ ਕਰ ਲਿਆ ਹੈ ਕਿ ਉਹ ਆਪਣੇ ਨਾਲ ਲੜੇਗਾ ਨਹੀਂ। ਜੀਵਨ ਵਿਚ ਜਦੋਂ ਵੀ ਕੋਈ ਔਰਤ ਆਈ ਹੈ, ਅਕਸ਼ੈ ਨੇ ਆਪਣੀਆ ਭਾਵਨਾਵਾਂ ਨੂੰ ਬੜੇ ਜ਼ਬਤ ਵਿਚ ਰੱਖਿਆ ਹੈ, ਅਤੇ ਹੁਣ ਤੀਹ ਇੱਕਤੀ ਸਾਲ ਦੀ ਉਮਰ ਵਿਚ ਉਸ ਨੂੰ ਇਹ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਉਸ ਨੇ ਕਦੇ ਕਿਸੇ ਇਸਤਰੀ ਨਾਲ ਪਿਆਰ ਨਹੀਂ ਕੀਤਾ। ਖਿੱਚ ਜਰੂਰ ਮਹਿਸੂਸ ਕੀਤੀ, ਪਰ ਹਰ ਵਾਰ ਉਸ ਨੂੰ ਪੁੰਗਰਨ ਤੋਂ ਪਹਿਲਾਂ ਆਪੇ ਹੀ ਕੁਚਲ ਦਿੱਤਾ ਹੈ। ਸ਼ਾਇਦ ਇਸੇ ਲਈ ਲੋਕਾਂ ਨੂੰ ਉਸ ਤੇ ਸ਼ਿਕਾਇਤ ਹੋ ਸਕਦੀ ਹੈ, ਇਸੇ ਲਈ ਅਨਿਲਾ ਵੀ ਉਸ ਨਾਲ ਗਿਲਾ ਕਰ ਸਕਦੀ ਹੈ, ਉਹ ਜਾਣਦਾ ਹੈ ਕਿ ਜੋ ਉਹ ਕਦੀ ਤਨਹਾਈ ਵਿਚ ਅਨਿਲਾ ਨੂੰ ਆਪਣੀਆਂ ਬਾਹਾਂ ਵਿਚ ਲੈਣਾ ਚਾਹੁੰਦਾ, ਤਾਂ ਉਹ ਬੜੀ ਸਹਿਜਤਾ ਨਾਲ ਖਿੱਚੀ ਆਵੇਗੀ, ਅਤੇ ਦੂਜੇ ਹੀ ਪਲ ਕਹੇਗੀ, "ਤੁਸੀ ਡੈਡੀ ਨਾਲ ਗੱਲ ਕਿਉਂ ਨਹੀਂ ਕਰਦੇ।" ਉਹ ਬੱਝਣਾ ਚਾਹੁੰਦਾ ਹੈ, ਇਕ ਵਾਰ ਅਨੁਭਵ ਵਿਚ ਨੱਕੋ- ਨੱਕ ਡੁੱਬਣਾ ਚਾਹੁੰਦਾ ਹੈ, ਪਰ ਉਸਦਾ ਸ਼ਰਮਾਕਲ ਸੁਭਾਅ ਵਿਚ ਵਿਘਨ ਬਣ ਜਾਂਦਾ ਹੈ।

ਠੀਕ ਹੈ, ਉਸ ਨੇ ਸੋਚਿਆ, ਰਾਧਿਕਾ ਮੈਨੂੰ ਖਿੱਚ ਪਾਉਂਦੀ ਹੈ, ਉਨ੍ਹਾਂ ਸਾਰੀਆਂ ਗੱਲਾਂ ਕਰਕੇ, ਜਿਨ੍ਹਾਂ ਨੂੰ ਮੈਂ ਆਪਣੀ ਪਤਨੀ ਵਿਚ ਨਹੀਂ ਵੇਖਣਾ ਚਾਹੁੰਦਾ। ਪਤਨੀ ਮੇਰੇ ਘਰ ਵਿਚ ਰਹੇਗੀ ਮੇਰੀ ਅਤੇ ਬੱਚਿਆਂ ਦੀ ਦੇਖ-ਭਾਲ ਕਰੇਗੀ ਅਤੇ ਮੇਰੇ ਪ੍ਰਕਾਸ਼ ਨਾਲ ਅਲੋਕਿਤ ਹੋਵੇਗੀ। ਰਾਧਿਕਾ ਆਪ ਹੁਦਰੀ ਹੈ ਹੈ' ਰਾਧਿਕਾ ਵਿਚ ਤੇਜ਼ ਹੈ, ਅਤੇ ਰਾਧਿਕਾ ਇਕ ਅਰਥ ਵਿਚ ਦੂਜੇ ਦੀ ਵਿਆਹੁਤਾ ਹੈ...... ਫ਼ਿਰ ਵੀ ਚੰਗੀ ਲੱਗਦੀ ਹੈ। ਇਸ ਵਾਰ ਉਹ ਆਪਣੇ ਆਪ ਨੂੰ ਨਹੀਂ ਰੋਕੇਗਾ, ਜੇ ਇਕ ਉਮੜਦੀ ਹੋਈ ਲਹਿਰ ਉਸਨੂੰ ਰੋੜ ਕੇ ਲੈ ਜਾਵੇ, ਤਾਂ ਉਸਤੋਂ ਬਚਣ ਲਈ ਉਹ ਹੱਥ ਪੈਰ ਨਹੀਂ ਮਾਰੇਗਾ।

ਸੋਨਾਮ ਚਾਹ ਲੈ ਆਇਆ। ਫਲੈਟ ਵਿਚ ਰਸੋਈ ਲਈ ਵੱਖਰੀ ਥਾਂ ਨਹੀਂ ਸੀ। ਇਸ ਲਈ ਛੋਟੇ ਕਮਰੇ ਨੂੰ ਸਟੋਰ ਜਾਂ ਰਸੋਈ ਬਣਾਉਣਾ ਪਿਆ। ਸਾਹਮਣੇ ਦੇ ਕਮਰੇ ਵਿਚ ਇਕ ਤਖਤ ਪਿਆ ਸੀ ਅਤੇ ਦੋ ਕੁਰਸੀਆਂ, ਰਾਤ ਨੂੰ ਤਖਤ ਉਤੇ ਬਿਸਤਰਾ ਲੱਗ ਜਾਵੇਗਾ।

"ਤਕਲੀਫ਼ ਨਹੀਂ ਹੋਵੇਗੀ ?" ਅਕਸ਼ੈ ਨੇ ਪੁੱਛਿਆ।

"ਤਕਲੀਫ਼ ਕੀ ?" ਰਾਧਿਕਾ ਤਖਤ ਦੇ ਕੋਨੇ ਤੇ ਬੈਠੀ ਸੀ। "ਫਿਰ ਸਦਾ ਲਈ ਇਹ ਪ੍ਰਬੰਧ ਥੋੜ੍ਹੇ ਹਨ" ਅਤੇ ਚਾਹ ਦੀ ਪਿਆਲੀ ਅਕਸ਼ੈ ਵੱਲ ਕਰ ਦਿੱਤੀ। ਚਾਹ ਦੇ ਮਿੱਠੇ, ਨਮਕੀਨ ਬਿਸਕੁਟ ਸਨ।

"ਬਹੁਤ ਲਾਈਟ ਜਿਹੀ ਚਾਹ ਹੈ। ਤੁਸੀਂ ਸਾਰੀ ਦਿਹਾੜੀ ਦੇ ਭੁੱਖੇ ਹੋਵੇਗੇ," ਰਾਧਿਕਾ ਨੇ ਕਿਹਾ।

"ਤੁਸੀਂ ਕੱਲ੍ਹ ਤੋਂ ਚਾਹ ਉੱਧਰ ਹੀ ਪੀਆ ਕਰੋ। ਸੋਨਾਮ ਨੂੰ ਕਹਿ ਦਿਆਂਗਾ। ਮੈਨੂੰ ਵੀ ਘਰ ਪਰਤਣ ਵਿਚ ਕੁਝ..।" ਅਕਸ਼ੈ ਰੁੱਕ ਗਿਆ ਅਤੇ ਜੋ ਕਹਿ ਗਿਆ ਸੀ ਉਸ ਦੀ ਸੰਗ ਨੂੰ ਕੱਜਣ ਲਈ ਉਸ ਨੇ ਪੁੱਛਿਆ, "ਅਨਿਲਾ ਅਤੇ ਨੀਨਾ ਤਾਂ ਆਉਂਦੀਆਂ ਹੋਣਗੀਆਂ ?'

"ਕਿੱਥੇ ?" ਜਦੋਂ" ਦੀ ਆਈ ਹਾਂ ਇਕ ਵਾਰ ਵੀ ਨਹੀਂ ਬੁਲਾ ਸਕੀ। ਹੁਣੇ ਬੁਲਵਾਉਂਦੀ ਹਾਂ।

"ਅੱਛਾ !" ਹੈਰਾਨੀ ਭਰੀ ਆਵਾਜ਼ ਵਿਚ ਅਕਸ਼ੈ ਨੇ ਕਿਹਾ। ਉਹ ਕਮਰੇ ਵਿਚੋਂ ਨਿਕਲ ਆਇਆ ਅਤੇ ਛੱਤ ਉੱਤੇ ਮੁੰਡੇਰੀ ਕੋਲ ਖਲ੍ਹੋ ਕੇ ਉਸ ਨੇ ਨੀਨਾ ਨੂੰ ਅਵਾਜ਼ ਦਿੱਤੀ।

ਅੰਦਰ ਵਿਹੜੇ ਵਿਚੋਂ ਪ੍ਰੇਮਾ ਨਿਕਲੀ, ਅਕਸ਼ੈ ਨੂੰ ਉੱਪਰ ਖੜੋਤਾ ਵੇਖਕੇ ਉਸਦੇ ਚਿਹਰੇ ਤੇ ਜੋ ਹੈਰਾਨੀ ਉਭਰੀ, ਉਸਨੂੰ ਝੱਟਪਟ ਲਕੋ ਨਾ ਸਕਦਿਆਂ ਉਹ ਬੋਲੀ "ਅੱਛਾ, ਤਾਂ ਹੁਣ ਚੋਰੀ-ਚੋਰੀ ਉੱਪਰ ਜਾਣ ਲੱਗ ਪਏ ?"

"ਚੋਰੀ ਦੀ ਗੱਲ ਹੁੰਦੀ ਤਾਂ ਮੈਂ ਤੁਹਾਨੂੰ ਬੁਲਾਉਂਦਾ ਹੀ ਕਿਉਂ ? ਜ਼ਰਾ ਨੀਨਾ ਅਤੇ ਅਨਿਲਾ ਨੂੰ ਉੱਪਰ ਘਲੋ।" ਅਕਸ਼ੈ ਪ੍ਰੇਮਾ ਦੇ ਕੁੱਚਜ ਤੇ ਕੁਝ ਨਾਰਾਜ਼ ਹੋ ਗਿਆ ਸੀ ਇਹ ਗੱਲਬਾਤ ਕਮਰੇ ਵਿਚ ਬੈਠੀ ਰਾਧਿਕਾ ਨੇ ਵੀ ਸੁਣੀ ਅਤੇ ਉਹ ਇਕ ਦਮ ਠੰਡੀ ਪੈ ਗਈ। ਜਿਵੇਂ ਕਿਸੇ ਨੇ ਉਸ ਨੂੰ ਬੁਰੀ ਤਰ੍ਹਾਂ ਯਾਦ ਕਰਵਾ ਦਿੱਤਾ ਕਿ ਉਸ ਦੇ ਕੋਲ ਅਕਸ਼ੈ ਦਾ ਬਾਰ-ਬਾਰ ਆਉਣਾ ਲੋਕਾਂ ਦੀਆਂ ਅੱਖਾਂ ਵਿਚ ਜ਼ਰੂਰ ਰੜਕੇਗਾ। ਇਹ ਉਹ ਦੇਸ਼ ਨਹੀਂ ਹੈ ਜਿੱਥੇ ਦੋ ਅਣਵਿਆਹੇ ਵਿਅਕਤੀਆਂ ਦੀ ਦੋਸਤੀ ਬਹੁਤ ਸਹਿਜਤਾ ਨਾਲ, ਇਕ ਨਾਰਮਲ ਚੀਜ਼ ਵਾਂਗ ਸਵੀਕਾਰ ਕੀਤੀ ਜਾਂਦੀ ਹੈ।

ਇੰਨੇ ਵਿਚ ਅਨਿਲਾ ਅਤੇ ਨੀਨਾ ਉੱਚੀ-ਉੱਚੀ ਗੱਲਾਂ ਕਰਦੀਆਂ ਅਤੇ ਹੱਸਦੀਆਂ ਉੱਪਰ ਆ ਗਈਆਂ।

"ਆਓ," ਕਹਿੰਦੀ ਹੋਈ ਰਾਧਿਕਾ ਉੱਠ ਕੇ ਖਲੋ ਗਈ ਅਤੇ ਸੋਨਾਮ ਨੂੰ ਕਹਿਣ ਦੀ ਥਾਂ ਆਪ ਹੀ ਅੰਦਰ ਪਿਆਲੇ ਲੈਣ ਚਲੀ ਗਈ। ਜਦੋਂ ਉਹ ਪਾਣੀ ਹੋਰ ਚੜ੍ਹਾਉਣ ਨੂੰ ਕਹਿ ਕੇ ਅਤੇ ਪਿਆਲੇ ਲੈ ਕੇ ਬਾਹਰ ਆਈ, ਤਾਂ ਨੀਨਾ ਨੇ ਕਿਹਾ, "ਕਿੰਨਾ ਸੁੰਦਰ ਸਜਾ ਲਿਆ ਹੈ ਤੁਸੀਂ। ਉਸ ਮਾਰਸ਼ਾ ਮਿਲਰ ਨੇ ਤਾਂ ਕੂੜ-ਖਾਨੇ ਵਾਂਗ ਰੱਖ ਛੱਡਿਆ ਸੀ।" ਫਿਰ ਉਸ ਨੇ ਕੰਧ ਉੱਤੇ ਟੰਗੇ ਪ੍ਰਿੰਟ ਨੂੰ ਵੇਖ ਕੇ ਪੁੱਛਿਆ, "ਇਹ ਕਿਸ ਨੇ ਬਣਾਈ ਹੈ ?"

ਅਨਿਲਾ ਨੇ ਕਿਹਾ, “ਨਾਂ ਤਾਂ ਲਿਖਿਆ ਹੋਇਆ ਹੈ, ਪੜ੍ਹ ਲੈ ਨਾ।" ਅਤੇ ਅਕਸ਼ੈ ਵੱਲ ਵੇਖ ਕੇ ਮੁਸਕਰਾ ਪਈ। ਅਨਿਲਾ ਜੇ ਹਾਰ ਸ਼ਿੰਗਾਰ ਕੁਝ ਘੱਟ ਕਰੇ ਤਾਂ ਹੋਰ ਵੀ ਚੰਗੀ ਲੱਗੇ, ਰਾਧਿਕਾ ਸੋਚਣ ਲੱਗੀ। ਅਨਿਲਾ ਨੇ ਇਸ ਸਮੇਂ ਵਾਲਾਂ ਦਾ ਬਹੁਤ ਵੱਡਾ ਸਾਰਾ ਜੂੜਾ ਬਣਾਇਆ ਹੋਇਆ ਸੀ। ਕਢਾਈ ਕੀਤੀ ਸਾੜ੍ਹੀ, ਲਿਪਸਟਿਕਾ ਪਾਉਡਰ. ਆਈ ਪੈਂਸਿਲ ਨਾਲ ਸਵਾਰੀਆਂ ਅੱਖਾਂ, ਤੇਜ਼ ਸੁੰਗਧ ਵਾਲਾ ਸੈਂਟ, ਸਭ ਕੁਝ ! ਕੀ ਮੈਂ ਆਪਣੇ ਪ੍ਰਤਿਕਰਮਾ ਵਿਚ ਵਧੇਰੇ ਕਸੀ ਅਤੇ ਘੁਟਦੀ ਜਾ ਰਹੀ ਹਾਂ, ਰਾਧਿਕਾ ਦੇ ਮਨ ਵਿਚ ਵਿਚਾਰ ਉੱਠਿਆ, ਅਨਿਲਾ ਅਤੇ ਮੇਰੀ ਪੀੜ੍ਹੀ ਤਾਂ ਇਕ ਹੀ ਹੈ, ਫਿਰ ਵੀ ਮੈਨੂੰ ਇਹ ਸਾਰਾ ਕੁਝ ਕਿਉਂ ਖਟਕਦਾ ਹੈ। ਜਦੋਂ ਆਪਣੇ ਤੋਂ ਛੋਟਿਆਂ ਦੇ ਅਚਾਰ ਵਿਚਾਰ ਵੱਲ ਆਲੋਚਕ ਦ੍ਰਿਸ਼ਟੀ ਜਾਵੇ ਤਾਂ ਇਹ ਸਮਝਣਾ ਚਾਹੀਦਾ ਹੈ ਕਿ ਅਸੀਂ ਬੁੱਢੇ ਹੋ ਰਹੇ ਹਾਂ, ਸਾਡੇ ਵਿਚਾਰਾਂ ਵਿਚ ਲਚਕ ਨਹੀਂ ਰਹੀ।

"ਅਨਿਲਾ ਸਾਰਾ ਦਿਨ ਕੀ ਕਰਦੀ ਹੈ ?" ਰਾਧਿਕਾ ਨੇ ਪੁੱਛਿਆ।

"ਬਸ, ਐਵੇਂ ਹੀ ਸਵੇਰੇ ਤਾਂ ਵੈਸਟਰਨ ਕੁਕਿੰਗ ਦੀ ਕਲਾਸ ਵਿਚ ਚਲੀ ਜਾਂਦੀ ਹਾਂ, ਸ਼ਾਮ ਨੂੰ ਸੈਰ ਕਰ ਲਈ। ਕਦੀ ਕੁਝ ਪੜ੍ਹ ਪੂੜ੍ਹ ਲਿਆ।"

"ਅਨਿਲਾ ਤਾਂ ਸ਼ਾਦੀ ਦੀ ਉਡੀਕ ਵਿਚ ਬੈਠੀ ਹੈ," ਨੀਨਾ ਨੇ ਕਿਹਾ ਅਤੇ ਫਿਰ ਪੁੱਛਿਆ। "ਅੱਛਾ ਸਿਸਟਰ, ਤੁਸੀਂ ਉੱਥੇ ਕੌਨੀਫਰਾਂਸਿਸ ਅਤੇ ਕਲਿਨ ਰਿਚਰਡ ਨੂੰ ਤਾਂ ਵੇਖਿਆ ਹੋਵੇਗਾ ? "

ਰਾਧਿਕਾ ਦੀ ਪ੍ਰਸ਼ਨ ਭਰੀ ਦ੍ਰਿਸ਼ਟੀ ਦੇ ਉੱਤਰ ਵਿਚ ਨੀਨਾ ਨੇ ਕਿਹਾ, 'ਗਾਇਕ ਹਨ। ਟੈਲੀਵਿਜ਼ਨ ਉੱਤੇ ਆਉਂਦੇ ਹੋਣਗੇ।"

"ਟੈਲੀਵਿਜ਼ਨ ਤਾਂ ਸਾਡੇ ਫਲੈਟ ਵਿਚ ਨਹੀਂ ਸੀ। ਕਦੇ ਕੋਈ ਪ੍ਰੋਗਰਾਮ ਵੇਖਣਾ ਹੋਇਆ, ਤਾਂ ਸਟੂਡੈਂਟ ਕਾਮਨ ਰੂਮ ਵਿਚ ਜਾ ਕੇ ਵੇਖ ਲਿਆ।"

"ਉੱਥੇ ਯੂਨੀਵਰਸਿਟੀ ਵਿਚ ਟੈਲੀਵਿਜ਼ਨ ਸਨ?" ਨੀਨਾ ਨੇ ਕੁਝ ਹੈਰਾਨੀ ਵਿਚ ਪੁੱਛਿਆ।

"ਹਾਂ ਤਿੰਨ ਚਾਰ। ਦੋ ਰੰਗੀਨ ਵੀ ਸਨ। ਉੱਥੇ ਥਿਏਟਰ ਵੀ ਸੀ, ਜਿੱਥੇ ਬੁੱਧਵਾਰ ਨੂੰ ਪੁਰਾਣੀਆਂ ਫਿਲਮਾਂ ਦਿਖਾਉਂਦੇ ਸਨ।"

"ਮੁਫਤ ?"

"ਹਾਂ, ਹੋਰ ਕੀ ? ਲਉ ਚਾਹ ਪੀਓ," ਰਾਧਿਕਾ ਨੀਨਾ ਨੂੰ ਵੇਖ ਕੇ ਮੁਸਕਰਾਈ।

"ਮਗਰ ਉੱਥੇ ਵਿਦਿਆਰਥੀ ਜੀਵਨ ਵੀ ਸੌਖਾ ਨਹੀਂ ਨੀਨਾ ਜੀ, ਜਿੱਥੇ ਵਿਰਲੇ ਹੀ ਮੰਮੀ, ਡੈਡੀ ਕਾਲਜ ਦੀ ਪੜ੍ਹਾਈ ਦਾ ਖ਼ਰਚ ਦਿੰਦੇ ਹਨ। ਮੈਂ ਹੀ, ਪੂਰੇ ਢਾਈ ਸਾਲ ਸਵੇਰੇ ਨੌਕਰੀ ਕੀਤੀ ਅਤੇ ਸ਼ਾਮ ਨੂੰ ਪੜ੍ਹਾਈ। ਵਿਹਲੇ ਸਮਾਂ ਲਾਇਬਰੇਰੀ ਵਿਚ ਬਿਤਾਇਆ, ਉੱਥੇ ਮੁਫ਼ਤ ਫਿਲਮ ਜਾਂ ਟੈਲੀਵਿਜ਼ਨ ਵੇਖਣ ਦਾ ਸਮਾਂ ਹੀ ਨਹੀਂ ਸੀ।"

"ਫਿਰ ਵੀ," ਨੀਨਾ ਨੇ ਕਿਹਾ, "ਮਜ਼ੇ ਦੀ ਜ਼ਿੰਦਗੀ ਹੋਵੇ ਤਾਂ ਮਿਹਨਤ ਕਰਨ ਤੋਂ ਮੈਂ ਨਹੀਂ, ਘਬਰਾਉਂਦੀ।"

"ਚਲ ਹਟ,"ਅਨਿਲਾ ਨੇ ਕਿਹਾ,"ਬੀ. ਏ. ਵਿਚ ਵੀ ਤਾਂ ਰੋ-ਰੋ ਕੇ ਪੜ੍ਹ ਰਹੀ ਏਂ। ਇਸ ਤੋਂ ਤਾਂ ਬਸ ਗੱਲਾਂ ਕਰਵਾ ਲਓ, ਪਿਕਚਰਾਂ ਵਿਖਵਾ ਲਓ ਕਾਲਜ ਤੋਂ ਭੱਜ-ਭੱਜ ਕੇ ਤਿੰਨ ਵਜੇ ਦੇ ਸ਼ੋ ਵਿਚ ਜਾਂਦੀ ਹੈ। ਕੀ ਮਜ਼ਾਲ ਕੋਈ ਪਿਕਚਰ ਮਿਸ ਕਰ ਦੇਵੇ।"

ਨੀਨਾ ਤੋਂ ਕੋਈ ਉੱਤਰ ਨਾ ਬਣ ਸਕਿਆ, "ਮੇਰੀਆਂ ਸਾਰੀਆਂ ਸਹੇਲੀਆ ਇਵੇਂ ਕਰਦੀਆਂ ਹਨ।"

"ਚੰਗਾ ਲਉ, ਚਾਹ ਪੀਓ," ਰਾਧਿਕਾ ਨੇ ਸਭ ਦੀਆਂ ਪਿਆਲੀਆਂ ਵਿਚ ਹੋਰ ਚਾਹ ਪੁਣਨੀ ਸ਼ੁਰੂ ਕਰ ਦਿੱਤੀ।

ਸੋਨਾਮ ਨੇ ਕਿਹਾ, "ਸਾਹਿਬ ਦੇ ਘਰ ਕੁਝ ਮਹਿਮਾਨ ਆਏ ਹਨ, ਆਪ ਨੂੰ ਬੁਲਾਇਆ ਹੈ।"

ਅਕਸ਼ੈ ਦੇ ਕੌਣ ਅਜਿਹੇ ਮਹਿਮਾਨ ਹੋਣਗੇ, ਸੋ ਰਾਧਿਕਾ ਤਿਆਰ ਹੋਈ, ਇਕ ਵਾਰ ਮਨ ਵਿਚ ਵਿਚਾਰ ਆਇਆ ਕਿ ਕਿਤੇ ਵਿਦਿਆ ਨਾ ਹੋਵੇ, ਰੁੱਕ ਗਈ। ਪਰ ਦੂਜੇ ਹੀ ਛਿੰਨ ਸੋਚਿਆ ਕਿ ਜੇ ਵਿਦਿਆ ਹੁੰਦੀ ਤਾਂ ਅਕਸ਼ੈ ਕੁਝ ਪਹਿਲਾਂ ਸੂਚਨਾ ਜ਼ਰੂਰ ਦਿੰਦਾ ਅਤੇ ਵਿਦਿਆ ਵੀ। ਕਿਸੇ ਦੇ ਘਰ ਆ ਕੇ ਠਹਿਰਨ ਵਾਲੀ ਨਹੀਂ ਹੈ।

ਕਮਰੇ ਵਿਚ ਵੜਦਿਆਂ ਹੀ ਉਸ ਨੇ ਰਮਾ ਨੂੰ ਪਛਾਣ ਲਿਆ। "ਮਾਸੀ ਜੀ ਨਮਸਤੇ।" ਉਸ ਨੇ ਮਜ਼ਾਕੀਆ ਢੰਗ ਨਾਲ ਕਿਹਾ। ਰਮਾ ਬੱਚੇ ਨੂੰ ਜੁੱਤੀ ਪੁਆ ਰਹੀ ਸੀ।

"ਰਾਧਿਕਾ" : ਫਿਰ ਕੁਝ ਚੁੱਪ ਰਹਿ ਕੇ, "ਅਰੇ ਤੂੰ ਤਾਂ ਬਿੱਲਕੁਲ ਉਹੋ ਜਿਹੀ ਹੀ ਏ।"

ਅਕਸ਼ੈ ਨੂੰ ਬੈਠਕ ਦਾ ਰੂਪ ਰੰਗ ਹੀ ਬਦਲਿਆ ਲੱਗ ਰਿਹਾ ਸੀ। ਫਰਸ਼ ਉੱਤੇ ਬੱਚਿਆਂ ਦੇ ਖਿਲੌਣੇ ਖਿਲਰੇ ਹੋਏ ਸਨ, ਇਕ ਬੱਚਾ ਕੁਰਸੀ ਤੇ ਬੈਠਾ ਸੀ ਅਤੇ ਇਕ ਸਾਂਵਲੀ ਜਿਹੀ ਲੜਕੀ ਰਮਾ ਪੱਲਾ ਫੜੀ ਉਸ ਉੱਤੇ ਲੇਟੀ ਹੋਈ ਸੀ।

ਰਾਧਿਕਾ ਆ ਕੇ ਕੋਲ ਬੈਠ ਗਈ।

"ਇਹ ਹਨ ਤੁਹਾਡੇ ਨੌਨਿਹਾਲ ?"

ਨੌ ਨਿਹਾਲ ਰੋ ਪਏ, ਤਾਂ ਰਾਧਿਕਾ ਨੇ ਬੱਚੀ ਨੂੰ ਨੇੜੇ ਬੁਲਾਉਣ ਦਾ ਯਤਨ ਕੀਤਾ, ਬੱਚੀ ਰਮਾ ਦੇ ਨਾਲ ਲੱਗ ਗਈ। ਰਮਾ ਜੁੱਤੀ ਪੁਆ ਕੇ ਸਿੱਧੀ ਹੋਈ। ਕਾਫ਼ੀ ਢਲ ਗਈ ਸੀ।

"ਕਿੰਨੇ ਬੱਚੇ ਹਨ ਤੇਰੇ ?" ਰਾਧਿਕਾ ਨੇ ਪੁੱਛਿਆ।

"ਤਿੰਨ ! ਸਭ ਤੋਂ ਵੱਡਾ ਪੰਜ ਦਾ ਹੈ, ਬਾਹਰ ਖੇਡ ਰਿਹਾ ਹੈ।" ਫਿਰ ਰਮਾ ਨੇ ਪਤੀ ਨੂੰ ਆਵਾਜ਼ ਦਿੱਤੀ, "ਸੁਣਦੇ ਓ, ਇਹ ਆਏ ਹਨ ਰਾਧਿਕਾ।"

ਆਵਾਜ਼ ਸੁਣ ਕੇ ਸਭ ਤੋਂ ਪਹਿਲਾਂ ਅਕਸ਼ੈ ਕਮਰੇ ਵਿਚ ਆਇਆ ਚਿਹਰੇ ਉੱਤੇ ਕੁਝ ਥਕਾਵਟ ਸੀ। ਰਾਧਿਕਾ ਨੂੰ ਵੇਖ ਕੇ ਚਿਹਰੇ ਤੇ ਮੁਸਕਾਨ ਆ ਗਈ "ਬੜੀ ਜਲਦੀ ਆ ਗਈ ?"

"ਵਿਹਲੀ ਬੈਠੀ ਸੀ," ਰਾਧਿਕਾ ਨੇ ਕਿਹਾ।

"ਅਕਸ਼ੈ ਵੀਰ ! ਜ਼ਰਾ ਆਇਆ ਨੂੰ ਬੁਲਾ ਕੇ ਕਹਿ ਦਿਓ ਕਿ ਬੱਚਿਆਂ ਨੂੰ ਲੈ ਜਾਵੇ। ਤਾਂ ਜ਼ਰਾ ਚੈਨ ਨਾਲ ਬੈਠਾਂ," ਰਮਾ ਨੇ ਕਿਹਾ।

ਆਇਆ ਆ ਕੇ ਬੱਚਿਆਂ ਨੂੰ ਲੈ ਗਈ। ਰਮਾ ਆ ਕੇ ਕੋਲ ਬੈਠ ਗਈ ਅਤੇ ਜਿਵੇਂ ਪਹਿਲੀ ਵਾਰ ਰਾਧਿਕਾ ਨੂੰ ਗੋਰ ਨਾਲ ਵੇਖਿਆ।

"ਉੱਥੋਂ' ਦਾ ਪੌਣ-ਪਾਣੀ ਤੈਨੂੰ ਰਾਸ ਆਇਆ। ਚਿਹਰਾ ਚਮਕ ਗਿਆ ਹੈ।"

"ਇਹ ਤਾਂ ਇੱਥੋਂ ਦੀ ਹਵਾ ਦਾ ਅਸਰ ਹੈ," ਅਕਸ਼ੈ ਨੇ ਕਿਹਾ।

"ਕਿਉਂ ਨਹੀਂ ਵੀਰ, ਤੇਰੀ ਗੁਆਢਣ ਜੁ ਹੋਈ"

ਰਾਧਿਕਾ ਬੁਲ੍ਹਾਂ ਤੇ ਮਿੱਠੀ ਮੁਸਕਾਨ ਲਿਆ ਕੇ ਸੁਣਦੀ ਰਹੀ। ਕੁਝ ਕਿਹਾ ਨਹੀਂ।

"ਹੋਰ ਦਸੋ ?" ਰਮਾ ਨੇ ਪੁੱਛਿਆ।

"ਮੇਰੇ ਕੋਲ ਕੀ ਹੈ ਦਸਣ ਨੂੰ। ਤੂੰ ਦੱਸ" ਰਾਧਿਕਾ ਨੂੰ ਲੱਗ ਰਿਹਾ ਸੀ ਕਿ ਦੋਨਾਂ ਦੇ ਵਿਚਕਾਰ ਜੋ ਸਮਾਨ-ਰੁਚੀਆਂ, ਹਮ ਉਮਰ ਹੋਣ ਦੀ ਇਕ ਨਿਕਟਤਾ ਪਹਿਲਾਂ ਸੀ, ਉਹ ਹੁਣ ਨਹੀਂ ਰਹੀ। ਦੋਵੇਂ ਇਕ ਦੂਜੇ ਤੋਂ ਬੇਹੱਦ ਦੂਰ ਚਲੀਆਂ ਗਈਆਂ ਹਨ। ਇਸ ਲਈ ਇਹ ਪਰਿਸਥਿਤੀ ਥੋੜ੍ਹੀ ਜਿਹੀ ਤ੍ਰਾਸ ਭਰੀ ਹੋ ਜਾਣ ਦੀ ਸੰਭਾਵਨਾ ਸੀ।

"ਕਿਉਂ ਪਤਾ ਨਹੀਂ ਕਿਥੋਂ-ਕਿਥੋਂ ਦਾ ਸੈਲ ਸਪਾਟਾ, ਪਤਾ ਨਹੀਂ, ਕਿਸ-ਕਿਸ ਘਾਟ ਦਾ ਪਾਣੀ ਤੂੰ ਪੀ ਕੇ ਆਈ ਹੈ ਅਤੇ ਕੁਝ ਵੀ ਦਾ ਨਹੀਂ ਦੱਸਣ ਨੂੰ ?"

ਰਮਾ ਕਿੰਨੀ ਕਰੂਡ ਹੋ ਗਈ ਹੈ। ਅਕਸ਼ੈ ਨੂੰ ਇਹ ਫੋਰਨ ਖਟਕ ਗਿਆ, ਪ੍ਰਤਿਕਰਮ ਜਾਨਣ ਲਈ ਉਸ ਦੀ ਨਜ਼ਰ ਰਾਧਿਕਾ ਵਲ ਚਲੀ ਗਈ।

"ਕੁਝ ਵੀ ਕਹਿ ਲੈ, ਆਖਰ ਭੈਣ ਕਿਸਦੀ ਹਾਂ ?" ਰਾਧਿਕਾ ਨੇ ਹੱਸ ਕੇ ਕਿਹਾ, ਅਗਰ ਉਸ ਨੂੰ ਬੁਰਾ ਵੀ ਲੱਗਿਆ ਹੋਵੇਗਾ, ਤਾਂ ਜਾਹਰ ਨਹੀਂ ਕੀਤਾ।

"ਤੇਰੇ ਘਰ ਜਾਣ ਤੋਂ ਬਾਅਦ ਤੇਰੀ ਦੀਦੀ ਦੇ ਵੀ ਸਟੈਂਡਰਡਰ ਉੱਚੇ ਹੋ ਗਏ ਹਨ। ਤਿੰਨ ਸਾਲ ਤੋਂ ਮੁਲਾਕਾਤ ਨਹੀਂ ਹੋਈ। ਇਸ ਛੋਟੇ ਪੱਪੂ ਦੇ ਹੋਣ ਤੇ ਇਕ ਵਧਾਈ ਦਾ ਪੱਤਰ ਤੱਕ ਨਹੀਂ ਲਿਖਿਆ, ਉਨ੍ਹੀ ਦਿਨੀਂ ਤਾਂ ਉਹ ਕੁਝ ਪਰੇਸ਼ਾਨੀ ਵਿਚ ਵੀ ਸੀ। ਤੈਨੂੰ ਤਾਂ ਪਤਾ ਹੀ ਹੋਵੇਗਾ।"

"ਨਹੀਂ," ਰਾਧਿਕਾ ਦਾ ਸੰਖੇਪ ਉੱਤਰ ਸੀ।

"ਜੀਜਾ ਜੀ ਨੂੰ ਬੜਾ ਜ਼ਬਰਦਸਤ ਨਰਵਸ ਬ੍ਰੇਕ ਡਾਊਨ ਹੋ ਗਿਆ ਸੀ। ਕਹਿਣ ਨੂੰ ਤਾਂ ਕਿਹਾ ਗਿਆ ਕਿ ਉਹ 'ਓਵਰ ਵਰਕ' ਕਰਕੇ ਸੀ, ਪਰ ਜਾਨਣ ਵਾਲਿਆਂ ਨੂੰ ਪਤਾ ਹੈ ਕਿ ਉਹ ਤੇਰੇ ਕਰਕੇ ਸੀ।"

ਰਾਧਿਕਾ ਪੀਲੀ ਪੈ ਗਈ।

"ਬ੍ਰੇਕ ਡਾਊਨ ਦੀ ਗੱਲ ਮੈਨੂੰ ਪਤਾ ਨਹੀਂ ਸੀ," ਅਕਸ਼ੈ ਨੇ ਕਿਹਾ।

"ਉਹ ਤਾਂ ਕਿੰਨੇ ਮਹੀਨੇ ਪਲੰਘ ਤੋਂ ਨਾ ਉਠ ਸਕੇ, ਦੀਦੀ ਨੂੰ ਛੁੱਟੀ ਲੈਣੀ ਪਈ, ਤੈਨੂੰ ਪਤਾ ਹੀ ਨਹੀਂ। ਕਈ ਮਹੀਨੇ ਸ਼ਹਿਰੋਂ ਬਾਹਰ ਰਹੇ, ਬੜਾ ਇਲਾਜ, ਕੰਪਲੀਟ ਰੈਸਟ, ਨਰਵ ਟਾਨਿਕ ਚਲਦੇ ਰਹੇ। ਸੱਚ, ਰਾਧਿਕਾ ਤੂੰ ਸਭ ਨੂੰ ਬੜਾ ਸਤਾਇਆ।"

"ਅਤੇ ਉਨ੍ਹਾਂ ਨੇ ਮੈਨੂੰ ਜੋ ਝਟਕਾ ਦਿੱਤਾ ਉਹ ?" ਰਾਧਿਕਾ ਦੀ ਆਵਾਜ਼ ਕੰਬ ਰਹੀ ਸੀ।

ਏਨੇ ਵਿਚ ਉੱਚੀ ਆਵਾਜ਼ ਵਿਚ ਰਾਧਿਕਾ ਦਾ ਸਤਿਕਾਰ ਕਰਦੇ ਹੋਏ ਰਮਾ ਦੇ ਪਤੀ ਕਮਰੇ ਵਿਚ ਆ ਗਏ। ਆ ਕੇ ਕੋਲ ਬਹਿ ਗਏ, ਉੱਪਰ ਤੋਂ ਲੈ ਕੇ ਥੱਲੇ ਤੱਕ ਨਜ਼ਰ ਫੇਰਦਿਆਂ ਹੋਇਆ ਆਖਿਆ, ' ਫਰਮਾਓ ਮੇਮ ਸਾਹਿਬ, ਕੀ ਹਾਲ ਹੈ ?"

ਰਾਧਿਕਾ ਨੂੰ ਉੱਤਰ ਦੇਣ ਵਿਚ ਕੁਝ ਸਮਾਂ ਲੱਗਿਆ। ਏਨੇ ਵਿਚ ਸੋਨਾਮ ਚਾਹ ਲੈ ਕੇ ਆ ਗਿਆ।

ਰਮਾ ਦੇ ਪਤੀ ਜਮਸ਼ੇਦਪੁਰ ਵਿਚ ਇੰਜਨੀਅਰ ਸਨ, 'ਸੋਸ਼ਲੀ ਥੋੜ੍ਹਾ ਜਿਹਾ 'ਡਲ' ਉਨ੍ਹਾਂ ਨੂੰ ਰਾਧਿਕਾ ਨੇ ਹਮੇਸ਼ਾ ਵੇਖਿਆ ਸੀ ਪਰ ਅੱਜ ਉਨ੍ਹਾਂ ਦੇ ਆਉਣ ਤੇ ਉਸ ਨੂੰ ਜੋ ਥੋੜ੍ਹਾ ਜਿਹਾ ਫ਼ਰਕ ਮਿਲ ਗਿਆ, ਉਸ ਨਾਲ ਉਨ੍ਹਾਂ ਦੀ ਧੰਨਵਾਦੀ ਹੋ ਗਈ।

"ਤੁਸੀਂ ਦਸੋ। ਬੜੀ ਬਟਾਲੀਅਨ ਖੜੀ ਕਰ ਦਿੱਤੀ।

"ਕਿੱਥੇ, ਕੁਲ ਤਿੰਨ ਹੀ ਹਨ। ਹੁਣ ਤੁਸੀਂ ਵੀ ਇਸੇ ਦਿਸ਼ਾ ਵੱਲ ਕੁਝ ਤਰੱਕੀ ਕਰੋ। ਚਿਰਕੁਮਾਰ ਅਕਸ਼ੈ ਜੀ ਨੂੰ ਅਸੀਂ ਰਾਜ਼ੀ ਕਰ ਲਵਾਂਗੇ।"

ਇਸ ਸਪੱਸ਼ਟ ਭਾਸ਼ਣ ਤੋਂ ਬਾਦ ਰਾਧਿਕਾ ਤੋਂ ਕੁਝ ਕਿਹਾ ਨਾ ਗਿਆ। ਪਿਆਲੇ ਵਿਚ ਚਮਚ ਹਿਲਾਉਣ ਲੱਗੀ।

" ਪਹਿਲਾਂ ਪੁੱਛ ਤਾਂ ਲਓ ਅਕਸ਼ੈ ਭਰਾ ਨੂੰ, ਐਵੇਂ ਹੀ ਵਾਇਦੇ ਕਰਨ ਲੱਗ ਪਏ" ਰਮਾ ਨੇ ਪਤੀ ਨੂੰ ਕਿਹਾ।

"ਓ, ਅਕਸ਼ੈ ਨੂੰ ਤਿਆਰ ਕਰਨਾ ਕੀ ਮੁਸ਼ਕਿਲ ਹੈ। ਉਹ ਤਾਂ ਖੁਦ ਹੀ ਤਿਆਰ ਬੈਠੇ ਹਨ," ਕੁਮਾਰ ਨੇ ਉਤਸ਼ਾਹ ਸਹਿਤ ਕਿਹਾ।

"ਚਲੋ, ਤਾਂ ਅਸੀਂ ਇਹ ਸ਼ੁਭ ਕੰਮ ਸੰਪੂਰਨ ਕਰਵਾ ਕੇ ਹੀ ਚਲੀ ਏ," ਰਮਾ ਦੇ ਕਹਿਣ ਵਿਚ ਚੋਭ ਸੀ, ਵਿਅੰਗ ਸੀ। ਰਾਧਿਕਾ ਨੂੰ ਉਹ ਚਪੇੜ ਵਾਂਗ ਲੱਗਾ। ਮੇਰੇ ਵੱਲ ਇਹ ਵੈਰ-ਭਾਵ ਜਿਹਾ ਕਿਉਂ ਹੈ ? ਪਾਪਾ ਕਰਕੇ, ਪਰ ਪਾਪਾ ਨਾਲ ਰਮਾ ਦੀ ਕੋਈ ਸਾਂਝ ਨਹੀਂ।

ਸ਼ਾਇਦ ਰਮਾ ਦੇ ਪਤੀ, ਕੁਮਾਰ, ਨੂੰ ਇਸ ਚਰਚਾ ਵਿਚ ਆਨੰਦ ਆ ਰਿਹਾ ਸੀ। ਬੋਲੇ, "ਕਿਉਂ ਅਕਸ਼ੈ ?"

'ਤੁਸੀ ਚੁੱਪ-ਚਾਪ ਚਾਹ ਪੀਓ," ਅਕਸ਼ੈ ਨੇ ਕਿਹਾ, "ਸੋਨਾਮ, ਨਾਸ਼ਤੇ ਲਈ ਪਲੇਟਾਂ ਹੋਰ ਲੈ ਆਓ।"

ਰਾਧਿਕਾ ਦੀ ਧੰਨਵਾਦ ਭਰੀ ਨਜ਼ਰ ਅਕਸ਼ੈ ਨਾਲ ਮਿਲੀ। ਅਕਸ਼ੈ ਨੇ ਠੀਕ ਹੀ ਸੋਚਿਆ ਸੀ, ਰਾਧਿਕਾ ਅਜਿਹੀ ਚਰਚਾ ਅੱਗੇ ਵਧਾਉਣਾ ਨਹੀਂ ਚਾਹੁੰਦੀ ਸੀ।

ਚਾਹ ਪੀ ਕੇ ਰਮਾ ਨੇ ਰਾਧਿਕਾ ਦਾ ਫਲੈਟ ਵੇਖਣ ਦੀ ਇੱਛਾ ਪ੍ਰਗਟ ਕੀਤੀ। ਕੁਮਾਰ ਵੀ ਨਾਲ ਜਾਣਾ ਚਾਹੁੰਦੇ ਸਨ, ਪਰ ਰਮਾ ਨੇ ਉਨ੍ਹਾਂ ਨੂੰ ਵਰਜ ਦਿੱਤਾ। ਰਾਧਿਕਾ ਚੁੱਪ-ਚਾਪ ਅੱਗੇ ਤੁਰ ਪਈ। ਰਮਾ ਨੇ ਕਮਰੇ ਵੇਖੇ ਫਿਰ ਤਖਤਪੋਸ਼ ਤੇ ਬੈਠ ਗਈ। ਇਸ ਸਮੇਂ ਉਸ ਦਾ ਚਿਹਰਾ ਸ਼ਾਂਤ ਸੀ।

"ਪਾਪਾ ਹੁਣ ਤਾਂ ਠੀਕ ਹਨ।" ਰਾਧਿਕਾ ਨੇ ਕਿਹਾ, "ਮੈਂ ਗਈ ਸੀ।"

"ਮਿਲੇ ਨਹੀ ?"

"ਹਾਂ" ਅਫਸੋਸ ਨਾਲ ਰਾਧਿਕਾ ਨੇ ਕਿਹਾ।

"ਪਰ ਤੂੰ ਕੰਮ ਹੀ ਅਜਿਹਾ ਕੀਤਾ। ਸੱਚ ਕਹਿੰਦੀ ਹਾਂ ਮੈਂ ਤਾਂ ਸੁਣਕੇ ਕੰਬ ਗਈ। ਇਹ ਵੀ ਕਹਿਣ ਲੱਗੇ ਕਿ ਰਾਧਿਕਾ ਵਿਚ ਏਨਾ ਹੌਸਲਾ ਕਿਵੇਂ ਆ ਗਿਆ।"

ਉਸ ਦੀ ਟੋਕ ਦਾ ਥੋੜ੍ਹਾ ਜਿਹਾ ਬੁਰਾ ਮਨ ਕੇ ਰਾਧਿਕਾ ਨੇ ਕਿਹਾ, 'ਸੈਂਕੜੇ ਲੋਕ ਵਿਦੇਸ਼ ਪੜ੍ਹਨ ਜਾਂਦੇ ਹਨ, ਇਸ ਵਿਚ ਅਨੋਖਾਪਣ ਕੀ ਹੈ ?"

"ਪਰ ਕਿੰਨੀਆਂ ਕੁੜੀਆਂ ਪੱਤਰਕਾਰਾਂ ਨਾਲ...." ਸ਼ਾਇਦ ਰਮਾ ਉਚਿਤ ਲਫਜ ਲੱਭਣ ਲਈ ਰੁਕੀ......।

"ਭੱਜ ਜਾਂਦੀਆ ਹਨ, ਇਹੋ ਕਹਿਣਾ ਚਾਹੁੰਦੀ ਹੈ ਨਾ ? ਮੈਂ ਆਪਣੀ ਜ਼ਿੰਮੇਦਾਰੀ ਤੇ ਗਈ ਸੀ, ਕਿਸੇ ਹੋਰ ਤੇ ਨਿਰਭਰ ਹੋ ਕੇ ਨਹੀਂ।"

ਉਸ ਦੀ ਆਵਾਜ਼ ਦੀ ਤੇਜ਼ੀ ਕਾਰਨ ਰਮਾ ਕੁਝ ਮੱਠੀ ਪੈ ਗਈ "ਮੈਂ" ਕੀ ਸਮਝਾ। ਤੂੰ ਤਾਂ ਕਦੀਂ ਇਕ ਲਾਈਨ ਵੀ ਨਹੀਂ ਲਿਖੀ, ਜੋ ਉਡਦਾ-ਉਡਦਾ ਸੁਣਿਆ, ਉਸੇ ਨੂੰ ਮੰਨਣਾ ਪਿਆ ਓਧਰ ਤੁਹਾਡੇ ਪਾਪਾ ਏਨੇ ਬੀਮਾਰ..."

ਕਮਰੇ ਵਿਚ ਇਕ ਅਣਚਾਹਿਆ ਦੁਖਾਂਤਿਕ ਵਾਤਾਵਰਣ ਛਾ ਗਿਆ। ਰਾਧਿਕਾ ਚਾਹੁੰਦੀ ਸੀ ਕਿ ਰਮਾ ਬਸ ਉੱਠ ਕੇ ਚਲੀ ਜਾਵੇ। ਨਾਲ ਹੀ ਰਮਾ ਦੇ ਇਸ ਆਚਰਣ ਤੋਂ ਉਹ ਬਹੁਤ ਦੁੱਖੀ ਵੀ ਸੀ, ਉਸ ਦੇ ਮਨ ਵਿਚ ਤਾਂ ਰਮਾ ਦੀ ਇਕ ਮਿੱਠੀ ਯਾਦ ਹੀ ਸੀ, ਮਸੂਰੀ ਵਿਚ ਨਾਲ ਗੁਜ਼ਾਰੇ ਗਏ ਇਕ ਹੁਨਾਲ ਦੀ।

"ਅਕਸ਼ੈ ਤੈਨੂੰ ਕਿਹੋ ਜਿਹੇ ਲੱਗਦੇ ਹਨ ?," ਰਮਾ ਨੇ ਅਚਾਨਕ ਪ੍ਰਸ਼ਨ ਕੀਤਾ।

"ਕਿਉ ?"

"ਇਹ ਕਦੀ-ਕਦੀ ਬੇਸਿਰ ਪੈਰ ਜਿਹੀਆਂ ਗੱਲਾਂ ਕਰਨ ਲੱਗ ਪੈਂਦੇ ਹਨ। ਵੈਸੇ ਅਕਸ਼ੈ ਦਾ ਇਰਾਦਾ ਵਿਆਹ ਕਰਨ ਦਾ ਨਹੀਂ ਲੱਗਦਾ। ਮੇਰੀ ਸ਼ਾਦੀ ਤੋਂ ਬਾਦ ਇਨ੍ਹਾਂ ਨੇ ਬੜੇ ਚੰਗੇ-ਚੰਗੇ ਰਿਸ਼ਤੇ ਨਾ ਮਨਜ਼ੂਰ ਕਰ ਦਿੱਤੇ।"

"ਅੱਛਾ?" ਰਾਧਿਕਾ ਦੀ ਆਵਾਜ਼ ਦਾ ਵਿਅੰਗ ਸ਼ਾਇਦ ਰਮਾ ਨੂੰ ਪ੍ਰਗਟ ਨਾ ਹੋਇਆ।

"ਹਾਂ।" ਰਮਾ ਨੇ ਇਸ ਤਰ੍ਹਾਂ ਗੱਲ ਛੇੜੀ ਕਿ ਰਾਧਿਕਾ ਅੱਗੇ ਪਿੱਛੇ, ਪਰ ਰਾਧਿਕਾ ਵਲੋਂ ਕੋਈ ਜਗਿਆਸਾ ਨਾ ਦੇਖ ਕੇ ਉਸਨੇ ਗੱਲ ਬਦਲਦਿਆ ਕਿਹਾ, "ਇਹ ਤਾਂ ਦੱਸੋ, ਤੇਰਾ ਸੰਬੰਧ ਕਿਉਂ ਟੁੱਟ ਗਿਆ ?"

"ਕੋਈ ਸੰਬੰਧ ਸੀ ਹੀ ਨਹੀਂ। ਨਾ ਮੈਂ ਸੰਬੰਧ ਬਣਾਉਣ ਗਈ ਸੀ। ਮੈਂ ਪੜ੍ਹਣ ਗਈ ਸੀ। ਡਿਗਰੀ ਲੈ ਕੇ ਪਰਤ ਆਈ।"

"ਅੱਛਾ, ਇਹ ਤਾਂ ਦੱਸ, ਤੂੰ ਕੀ-ਕੀ ਲਿਆਈ ਏ ?" ਰਮਾ ਨੇ ਗੱਲ ਬਦਲਦਿਆਂ ਕਿਹਾ, "ਮੈਨੂੰ ਇਹ ਵਾਰ- ਵਾਰ ਕਹਿੰਦੇ ਰਹੇ ਕਿ ਤੈਨੂੰ ਚਿੱਠੀ ਲਿੱਖਾਂ, ਪਰ ਸਿਰਨਾਮਾ ਨਹੀਂ ਸੀ ਪਤਾ। ਇਨ੍ਹਾਂ ਦਾ ਮਨ ਟਰਾਂਜਿਸਟਰ ਲਈ ਸੀ।"

"ਕਿਉਂ ?" ਕੀ ਇੱਥੇ ਨਹੀਂ ਮਿਲਦੇ ? ਰਾਧਿਕਾ ਸਮਝ ਰਹੀ ਕਿ ਉਸ ਦੀ ਆਵਾਜ਼ ਵਿਚ ਫਿਰ ਰੁਖਾਪਣ ਆ ਗਿਆ ਹੈ। ਪਰ ਉਹ ਉਸ ਨੂੰ ਲੁਕਾ ਨਾ ਸਕੀ।

"ਮਿਲਦੇ ਤਾਂ ਹਨ। ਪਰ ਬਾਹਰ ਦੀ ਚੀਜ਼ ਦੀ ਗੱਲ ਹੋਰ ਹੀ ਹੁੰਦੀ ਹੈ।"

"ਹੁੰਦੀ ਹੋਵੇਗੀ। ਮੈਂ ਤਾਂ ਕੁੱਝ ਵੀ ਨਹੀਂ ਲਿਆਈ। ਨਾ ਛੱਤਰੀਆਂ, ਨਾ ਘੜੀਆਂ, ਨਾ ਲਿਪਸਟਿਕਾਂ, ਨਾ ਟਰਾਂਜਿਸਟਰ। ਹਾਂ, ਕੁਝ ਕਿਤਾਬਾਂ ਹਨ, ਕੁਝ ਤਸਵੀਰਾਂ ਕੁਝ ਰੰਗ। ਉਨ੍ਹਾਂ ਵਿਚ ਤੈਨੂੰ ਰੁਚੀ ਨਹੀਂ ਹੋਵੇਗੀ।" ਫਿਰ ਰਾਧਿਕਾ ਖੁਦ ਹੀ ਨਰਮ ਹੋ ਗਈ ਰਮਾ ਵਿਚਾਰੀ ਕੀ ਕਰੇ, ਜਿਸ ਵਾਤਾਵਰਣ ਵਿਚ ਰਹਿੰਦੀ ਹੈ, ਆਖਿਰ ਉਸੇ ਨੂੰ ਪ੍ਰਗਟਾਉਂਦੀ ਹੈ। ਉਸ ਨੇ ਮੁਕਾਬਲਤਨ ਮਿੱਠੇ ਸੁਰ ਵਿਚ ਕਿਹਾ, 'ਜੋ ਚਿੱਠੀ ਪਾ ਦਿੰਦੀ, ਤਾਂ ਮੈਂ ਕੁਝ ਨਾ ਕੁਝ ਲੈ ਆਉਂਦੀ" ਫਿਰ ਉਹ ਅੰਦਰ ਗਈ ਫਾਲਤੂ ਕੱਪੜਿਆਂ ਦਾ ਸੂਟ ਕੇਸ ਖੋਲ੍ਹਿਆ, ਜਦੋਂ ਗਈ-ਗਈ ਸੀ ਤਾਂ ਬਰਫ, ਚਿਕੜ ਆਦਿ ਤੋਂ ਆਪਣੀਆਂ ਰੇਸ਼ਮੀ ਸਾੜ੍ਹੀਆ ਬਚਾਉਣ ਲਈ ਦੋ ਨਾਈਲਨ ਦੀਆਂ ਸਾੜ੍ਹੀਆਂ ਲਈਆਂ ਸਨ, ਜੋ ਇਕ-ਅਧ ਵਾਰ ਹੀ ਪਹਿਨੀਆਂ ਸਨ। ਉਹੀ ਲਿਆ ਕੇ ਉਸ ਨੇ ਰਮਾ ਦੇ ਅੱਗੇ ਰੱਖ ਦਿੱਤੀਆਂ ਅਤੇ ਕਿਹਾ, 'ਜੇ ਤੈਨੂੰ ਕੋਈ ਪਸੰਦ ਹੋਏ ਤਾਂ ਲੈ ਲੈ। ਦੋਵੇਂ ਪਸੰਦ ਹੋਣ ਤਾਂ ਦੋਵੇਂ ਲੈ ਲੈ।"

ਰਮਾ ਸਾੜੀਆਂ ਉਲਟ-ਪੁਲਟ ਕਰਕੇ ਵੇਖਣ ਲੱਗੀ। ਉਸ ਦੇ ਚਿਹਰੇ ਦਾ ਖਿੜਿਆ ਭਾਵ ਵੇਖ ਕੇ ਰਾਧਿਕਾ ਨੇ ਇਕ ਚੀਸ ਨਾਲ ਸੋਚਿਆ, ਮੇਰੇ ਲਈ ਇਹ ਛੋਟੇ-ਛੋਟੇ ਸੁੱਖ ਕਿਉਂ ਗੁਆਚ ਗਏ ਹਨ।

ਫਿਰ ਸੋਨਾਮ ਦਾ ਕੁੰਡੀ ਖੜਕਾਣਾ, "ਬੱਚੇ ਮਾਂ ਲਈ ਰੋ ਰਹੇ ਹਨ।"

ਰਾਧਿਕਾ ਨੇ ਅਖ਼ਬਾਰ ਵਿਚ ਸਾੜੀਆਂ ਲਪੇਟ ਕੇ ਰਮਾ ਨੂੰ ਫੜਾ ਦਿੱਤੀਆਂ ਅਤੇ ਉਸ ਦੇ ਜਾਣ ਤੋਂ ਬਾਅਦ ਤਖਤਪੋਸ਼ ਉੱਤੇ ਲੇਟ ਗਈ। ਖਿੜਕੀ ਵਿਚੋਂ ਚੰਗੀ ਹਵਾ ਆ ਰਹੀ ਸੀ। ਉਸਨੂੰ ਲੱਗਾ ਕਿ ਜੇ ਰਮਾ ਨਾਲ ਮੁਲਾਕਾਤ ਨਾ ਹੁੰਦੀ, ਤਾਂ ਚੰਗਾ ਹੁੰਦਾ ਉਹ ਕਿੰਨੀ ਸੰਕੋਚਵੇਂ ਸਭਾਅ ਦੀ, ਪੂਰੀ ਗ੍ਰਹਿਸਥਣ ਨੁਮਾ ਹੋ ਗਈ ਹੈ। ਨਾਲ ਹੀ ਥੋੜ੍ਹਾ ਜਿਹਾ ਦੁੱਖ ਕਿ ਕੀ ਵਿਆਹ ਦੇ ਕੁਝ ਸਾਲ ਇਕ ਹੱਸਮੁਖ ਯੁਵਤੀ ਨੂੰ ਇੰਨਾ ਈਰਖਾਲੂ ਬਣਾ ਸਕਦੇ ਹਨ ਕਿ ਉਹ ਆਪਣੀ ਕਿਸੇ ਹਮਉਮਰ ਨਾਲ ਬਿਨਾਂ ਤਾਹਨਿਆਂ ਦੇ, ਬਿਨਾਂ ਉਸ ਨੂੰ ਨੀਚਾ ਵਿਖਾਇਆ ਗੱਲ ਨਹੀਂ ਕਰ ਸਕਦੀ।

ਕੀ ਰਮਾਂ ਨੂੰ ਵਿਅਹੁਤਾ ਜੀਵਨ ਵਿਚ ਸੰਤੋਖ ਨਹੀਂ ਹੈ ? ਰਾਧਿਕਾ ਤਖਤਪੋਸ਼ ਉੱਤੇ ਪੁੱਠੀ ਹੋ ਕੇ ਲੇਟ ਗਈ। ਥੱਲੇ ਅਨਿਲਾ ਜਾਂ ਨੀਨਾ ਵਿਚੋਂ ਕੋਈ ਬਹੁਤ ਉੱਚੀ ਆਵਾਜ਼ ਵਿਚ ਪ੍ਰਸਿੱਧ ਪੱਛਮੀ ਸੰਗੀਤ ਵਜਾ ਰਹੀ ਸੀ। ਹੋਰ ਕਿਸੇ ਸਮੇਂ ਰਾਧਿਕਾ ਨੂੰ ਜ਼ੋਰ ਨਾਲ ਵਜਦੇ ਰੇਡੀਓ ਦੀ ਆਵਾਜ਼ ਤੋਂ ਖਿੱਝ ਹੁੰਦੀ ਸੀ, ਪਰ ਹੁਣ, ਰਾਤ ਦੇ ਸੰਨਾਟੇ ਵਿਚ, ਛਣ- ਛਣ ਕਰਕੇ ਆਉਂਦਾ ਸੰਗੀਤ ਉਸ ਨੂੰ ਚੰਗਾ ਲੱਗਾ।

ਛੁੱਟੀ ਦੇ ਦਿਨ ਸਵੇਰ ਕੋਈ ਫਿਲਮ ਵੇਖਣੀ ਅਤੇ ਫਿਰ ਦੁਪਹਿਰ ਦਾ ਭੋਜਨ ਬਾਹਰ ਹੀ ਕਰਨਾ, ਅਕਸ਼ੈ ਅਤੇ ਰਾਧਿਕਾ ਦੀ ਆਦਤ ਜਿਹੀ ਬਣਦੀ ਜਾ ਰਹੀ ਸੀ। ਰਾਧਿਕਾ ਦੀ ਬਾਕੀ ਹਫ਼ਤੇ ਦੀ ਇਕਰਸਤਾ ਤੋਂ ਬਚਣ ਲਈ ਐਤਵਾਰ ਦਾ ਰਾਹ ਵੇਖਦੀ। ਘਰ ਵਿਵਸਥਿਤ ਹੋ ਗਿਆ ਸੀ, ਕੁਝ ਕਰਨ ਦਾ ਮੂੜ ਅਜੇ ਨਹੀਂ ਸੀ ਰਹਿ ਗਿਆ। ਇਸ ਲਈ ਉਹ ਹਲਕੀ-ਹਲਕੀ ਠੰਡ ਵਾਲੇ, ਲੰਮੇ ਦਿਨ ਰਾਧਿਕਾ ਐਵੇਂ ਹੀ ਕਦੀ ਕੁਝ ਪੜ੍ਹਦੇ ਹੋਏ ਜਾਂ ਸੋਚਦੇ ਹੋਏ ਗੁਜ਼ਾਰਦੀ। ਤਿੰਨ ਸਾਲ ਸਖ਼ਤ ਮਿਹਨਤ ਤੋਂ ਬਾਅਦ ਕੁਝ ਨਾ ਕਰਨਾ ਕਰਨਾ ਕਿੰਨਾ ਚੰਗਾ ਲੱਗਦਾ ਸੀ। ਨਹੀਂ ਤਾਂ, ਭਾਵੇਂ ਬਰਸਾਤ ਹੋਵੇ ਜਾਂ ਸਨੋਫਾਲ, ਸਵੇਰੇ ਇਕ ਟੋਸਟ, ਇਕ ਗਲਾਸ ਸੰਤਰੇ ਦਾ ਰਸ ਅਤੇ ਕਈ ਲੋਕ ਉਸਨੂੰ ਬਾਹਰ ਭੱਜਣਾ ਪੈਂਦਾ ਸੀ। ਸਵੇਰ ਦੀ ਕਲਾਸ ਪੌਣੇ ਅੱਠ ਵਜੇ ਸ਼ੁਰੂ ਹੋ ਜਾਂਦੀ ਸੀ ਅਤੇ ਉਸ ਪਾਸੋਂ ਵਿਦਿਆਰਥੀਆਂ ਤੋਂ ਪਹਿਲਾਂ ਪਹੁੰਚਣ ਦੀ ਆਸ ਕੀਤੀ ਜਾਂਦੀ ਸੀ।

ਰਾਧਿਕਾ ਅਕਸਰ ਉਨ੍ਹਾਂ ਦਿਨਾਂ ਨੂੰ ਯਾਦ ਕਰਦੀ। ਚੱਕੀ ਦੇ ਪੁੜ ਵਿਚ ਫਸੇ ਹੋਏ ਜੀਅ ਜਿਹਾ ਜੀਵਨ ਸੀ, ਉਹ ਕੰਮ, ਕੰਮ, ਕੰਮ। ਪਰ ਆਪਣੀ ਨਿਰਾਸ਼ਾ ਅਤੇ ਦੁੱਖ ਨੂੰ ਭੁਲਾਉਣ ਦਾ ਕਿੰਨਾ ਚੰਗਾ ਉਪਾਅ। ਰੋਜ਼ ਸਵੇਰੇ ਦੋ ਘੰਟੇ ਕਲਾਸ, ਜਾਂ ਲੈਂਗਵੇਜ਼ ਲੈਬ ਵਿਚ ਬਿਤਾ ਕੇ ਰਾਧਿਕਾ ਆਪਣੀ ਕਲਾਸ ਵਿਚ ਜਾਣ ਲਈ ਵਿਹਲੀ ਹੋ ਜਾਂਦੀ ਸੀ। ਉਸਦੇ ਆਪਣੇ

ਸਾਰੇ ਪੀਰਿਅਡ ਬਾਅਦ ਦੁਪਹਿਰ ਹੋਇਆ ਕਰਦੇ ਸਨ। ਪਿਛਲੇ ਦੋ ਸਾਲਾਂ ਤੋਂ ਇਸੇ ਤਰ੍ਹਾਂ, ਸਵੇਰੇ ਨੌਕਰੀ ਅਤੇ ਸ਼ਾਮ ਨੂੰ ਪੜ੍ਹਾਈ ਦਾ ਸਿਲਸਲਾ ਚਲਦਾ ਰਿਹਾ। ਰਾਧਿਕਾ ਜੂਡਿਥ ਨਾਂ ਦੀ ਇਕ ਯਹੂਦੀ ਲੜਕੀ ਨਾਲ ਇਕ ਫਲੈਟ ਵਿਚ ਰਹਿੰਦੀ ਸੀ। ਜੂਡਿਥ ਤੋਂ ਜੋ ਕਿਫ਼ਾਇਤ ਕਰਨੀ ਸਿੱਖੀ ਸੀ, ਉਹ ਹੁਣ ਕੰਮ ਆ ਰਹੀ ਸੀ। ਉਹ ਪੂੰਜੀ ਜੋ ਆਪਣੇ ਆਪ ਜਮ੍ਹਾਂ ਹੋ ਗਈ ਸੀ, ਉਸ ਦੇ ਸਹਾਰੇ ਇਕ ਸਾਲ ਬਿਨਾ ਕੋਈ ਕੰਮ ਕੀਤੇ ਰਾਧਿਕਾ ਕੱਟ ਸਕਦੀ ਸੀ। ਜੇ ਉਹ ਉਸੇ ਸਾਵਧਾਨੀ ਨਾਲ ਕੰਮ ਲਵੇ। ਇਸ ਲਈ ਉਸਨੇ ਆਪਣੇ ਲਈ ਇਕ ਵੀ ਨਵਾਂ ਕੱਪੜਾ ਨਹੀਂ ਸੀ ਖਰੀਦਿਆ, ਘਰ ਜੁਟਾਉਣ ਵਿਚ ਭਲੇ ਹੀ ਕਾਫ਼ੀ ਕੁਝ ਖਰਚ ਹੋ ਗਿਆ ਸੀ।

ਇਕ ਸੁਨਹਿਰੀ ਧੁੱਪ ਨਾਲ ਭਰਿਆ ਐਤਵਾਰ। ਭੋਜਨ ਕਰਨ ਲਈ ਉਹ "ਵਿਪੁਲ" ਵਿਚ ਆ ਕੇ ਬੈਠ ਗਏ ਸਨ। ਛੋਟਾ ਜਿਹਾ ਰੈਸਤੋਰਾਂ ਕਾਫ਼ੀ ਭਰਿਆ ਹੋਇਆ ਸੀ, ਅਕਸ਼ੈ ਨੂੰ ਚੀਨੀ ਖਾਣਾ ਪਸੰਦ ਸੀ ਰਾਧਿਕਾ ਨੂੰ ਵੀ ਨਾ ਪਸੰਦ ਨਹੀਂ ਸੀ।

"ਰਾਧਿਕਾ।" ਇਕ ਖੁਸ਼ੀ ਤੇ ਹੈਰਾਨੀ ਭਰੀ ਆਵਾਜ਼ ਰਾਧਿਕਾ ਨੇ ਮੀਨੂੰ ਤੋਂ ਅੱਖਾਂ ਚੁਕੀਆ। "ਮਨੀਸ਼ ? " ਉਸ ਦੇ ਮੂੰਹੋਂ ਨਿਕਲਿਆ।

"ਹਾਂ ਮੈਂ ਮਨੀਸ਼ ਹੀ ਹਾਂ।" ਕਹਿ ਕੇ ਮਨੀਸ਼ ਦੀ ਜਗਿਆਸਾ ਭਰੀ ਨਜ਼ਰ ਅਕਸ਼ੈ ਉੱਤੇ ਟਿੱਕ ਗਈ।

"ਅਕਸ਼ੈ ਇਹ ਮਨੀਸ਼ ਹਨ, ਮੇਰੇ ਪੁਰਾਣੇ ਵਾਕਫਕਾਰ," ਰਾਧਿਕਾ ਨੇ ਜਾਣ-ਪਛਾਣ ਕਰਵਾਈ, "ਅਤੇ ਅਕਸ਼ੈ-ਮੇਰੇ ਮਿੱਤਰ।"

ਮਨੀਸ਼ ਨੇ ਮੁਸਕਰਾ ਕੇ ਜਾਣ-ਪਛਾਣ ਸਵੀਕਾਰ ਕੀਤੀ, ਅਤੇ ਅਕਸ਼ੈ ਦੇ ਸੱਦੇ ਤੇ ਉਹ ਤੀਜੀ ਖਾਲੀ ਪਈ ਕੁਰਸੀ ਉੱਤੇ ਬੈਠ ਗਿਆ।

ਰਾਧਿਕਾ ਨੇ ਅਕਸ਼ੈ ਨੂੰ ਕਿਹਾ, "ਮੈਂ ਪਹਿਲੇ ਸਾਲ ਜਿਸ ਯੂਨੀਵਰਸਿਟੀ ਵਿਚ ਸੀ, ਉਸ ਵਿਚ ਮਨੀਸ਼ ਵੀ ਸਨ। ਫਿਰ ਕਨੈਡਾ ਚਲੇ ਗਏ ਹਨ।"

"ਤੂੰ ਕਦੋਂ ਪਰਤੀ ?" ਮਨੀਸ਼ ਨੇ ਮੇਜ਼ ਤੇ ਹੱਥ ਟਿਕਾ ਕੇ ਪੁੱਛਿਆ।

"ਬਸ ਥੋੜ੍ਹਾ ਹੀ ਸਮਾਂ ਹੋਇਆ। ਤੇ ਤੂੰ ?"

"ਮੈਨੂੰ ਤਾਂ ਇਕ ਸਾਲ ਹੋਣ ਵਾਲਾ ਹੈ।"

' ਅੱਛਾ ? ਤਾਂ ਹੁਣ ਇੱਥੇ ਹੀ ਰਹਿਣ ਦਾ ਇਰਾਦਾ ਹੈ ?" ਰਾਧਿਕਾ ਬੋਲੀ।

"ਮੈਨੂੰ ਤਾਂ ਜਾਣਦੀ ਈ ਏਂ ਕਿਤੇ ਟਿਕ ਕੇ ਨਹੀਂ ਰਹਿੰਦਾ।"

ਪ੍ਰਵੇਸ਼ ਦੁਆਰ ਤੋਂ ਇਕ ਮੁਟਿਆਰ ਨੇ ਪ੍ਰਵੇਸ਼ ਕੀਤਾ ਅਤੇ ਮਨੀਸ਼ ਨੂੰ ਵੇਖ ਕੇ ਇਕ ਖੇੜੇ ਭਰੀ ਮੁਸਕਾਨ ਨਾਲ ਉਸ ਵੱਲ ਆ ਗਈ।

ਅਕਸ਼ੈ ਅਤੇ ਮਨੀਸ਼ ਉੱਠ ਕੇ ਖਲੋ ਗਏ, ਫਿਰ ਜਾਣ-ਪਛਾਣ ਹੋਈ। ਰਾਧਿਕਾ---ਕਾਰਿਨ---ਅਕਸ਼ੈ।

ਚੌਥੀ ਕੁਰਸੀ ਕਾਰਿਨ ਨੇ ਲੈ ਲਈ।

ਅਕਸ਼ੈ ਕੁਝ ਅਕੇਵਾਂ ਤਾਂ ਮਹਿਸੂਸ ਨਹੀਂ ਕਰ ਰਿਹਾ ਇਹ ਜਾਨਣ ਲਈ ਰਾਧਿਕਾ ਨੇ ਉਸਨੂੰ ਵੇਖਿਆ ਪਰ ਕਾਰਿਨ ਉਸੇ ਵੱਲ ਮੂੰਹ ਕਰਕੇ ਗੱਲ ਕਰ ਰਹੀ ਸੀ। ਮਨੀਸ਼ ਮੁਸਕਰਾ ਪਿਆ। ਸੱਚ ਮਨੀਸ਼ ਤੋਂ ਕੁਝ ਨਹੀਂ ਛੁਪਦਾ।

ਕਾਰਿਨ ਨੇ ਕੱਢਿਆ ਹੋਇਆ ਕਸ਼ਮੀਰੀ-ਫਿਰਨ ਪਾਇਆ ਹੋਇਆ ਸੀ। ਬਹੁਤ ਛੋਟੇ ਵਾਲ ਜਿਸ ਤੋਂ ਉਸ ਦੇ ਸਿਰ ਦਾ ਧੁੰਦਲਾ ਆਕਾਰ ਵਿਖਾਈ ਦਿੰਦਾ ਸੀ, ਛੋਟਾ ਚਮਕਦਾ ਮੱਥਾ, ਹਲਕੇ ਭੱਰਵਟੇ, ਗ੍ਰੇ ਰੰਗ ਦੀਆਂ ਅੱਖਾਂ, ਉੱਚੀ ਨੱਕ, ਸੁੰਦਰ ਹਲਕੇ ਗੁਲਾਬੀ ਹੋਂਠ।

ਮਨੀਸ਼ ਨੂੰ ਕਦੀ ਕਿਸੇ ਕੋਝੀ ਜ਼ਨਾਨੀ ਨਾਲ ਅੱਜ ਤਕ ਨਹੀਂ ਸੀ ਵੇਖਿਆ ਗਿਆ। ਉਸ ਦੀ ਮੰਗੇਤਰ ਵਿਜੈ, ਜੋ ਭਾਰਤ ਤੋਂ ਭੱਜੀ-ਭੱਜੀ ਉਸ ਦੇ ਪਿੱਛੇ ਚਲੀ ਆਈ, ਉੱਤਰ ਭਾਰਤ ਦੇ ਨਾਮ ਤੋਂ ਸੁੰਦਰ ਸੀ, ਫਿਰ ਨੈਨਤਾਰ ਉਸਦੀ ਦੂਜੀ ਮਿੱਤਰ, ਜਿਸ ਕਰਕੇ ਮਨੀਸ਼ ਨੇ ਆਪਣੀ ਮੰਗੇਤਰ ਨਾਲੋਂ ਸੰਬੰਧ ਤੋੜ ਲਿਆ ਸੀ। ਕਿਸੇ ਪ੍ਰਾਚੀਨ ਮੰਦਰ ਦੇ ਥੰਮ ਉੱਤੇ ਤਰਾਸੀ ਹੋਈ ਯਕਸ਼ਣੀ— ਜਿਹੀ ਲੱਗਦੀ ਸੀ, ਅਤੇ ਹੁਣ ਇਹ, ਕਾਰਿਨ।

ਮਨੀਸ਼ ਮੁਸਕਰਾ ਰਿਹਾ ਸੀ।

"ਕਿਵੇਂ ਲੱਗ ਰਿਹਾ ਹੈ ?" ਮਨੀਸ਼ ਨੇ ਪੁੱਛਿਆ।

"ਤੈਨੂੰ" ਰਾਧਿਕਾ ਨੇ ਸਵਾਲ ਕੀਤਾ।

"ਮੈਨੂੰ ਤਾਂ ਬੜਾ ਚੰਗਾ ਲੱਗ ਰਿਹਾ ਹੈ।"

ਕੀ ਕਰ ਰਹੇ ਓ ?"

"ਪਿਛਲੇ ਸਾਲ ਤੋਂ ਇੱਥੇ ਇਕ ਆਰਟ ਇਨਸਟੀਚਿਊਟ ਖੁਲ੍ਹਿਆ ਹੈ, ਭਾਰਤ ਵਿਚ ਆ ਕੇ ਭਾਰਤੀ ਆਰਟ ਤੇ ਰਿਸਰਚ ਕਰਨ ਵਾਲੇ ਵਿਦੇਸ਼ੀਆਂ ਲਈ। ਉਸੇ ਨੂੰ ਸੰਭਾਲ ਰਿਹਾ ਹਾਂ।ਕਾਰਿਨ ਉਸੇ ਵਿਚ ਰਿਸਰਚ ਟ੍ਰੇਨਿੰਗ ਵਿਚ ਹੈ। ਤੂੰ ?"

"ਅਜੇ ਕੁਝ ਨਹੀਂ।"

"ਲੇਡੀ ਆਫ ਲੇਜ਼ਰ !"

"ਹਾਂ—ਬੜਾ ਚੰਗਾ ਲੱਗ ਰਿਹਾ ਹੈ।" ਰਾਧਿਕਾ ਨੂੰ ਲੱਗਿਆ ਕਿ ਉਹ ਮਨੀਸ਼ ਦੀ ਗੱਲ ਨੂੰ ਦੁਹਰਾ ਰਹੀ ਹੈ।

ਤਦ ਕਾਰਿਨ ਨੇ ਮੁੜ ਕੇ ਰਾਧਿਕਾ ਨਾਲ ਗੱਲਾਂ ਸ਼ੁਰੂ ਕਰ ਦਿੱਤੀਆਂ।

ਭੋਜਨ ਸਮਾਪਤ ਹੋਣ ਤੇ ਪਰਸਪਰ ਪੱਤਿਆਂ ਦਾ ਆਦਾਨ-ਪ੍ਰਦਾਨ ਹੋਇਆ। ਵਿਦਾ ਲੈ ਕੇ ਜਦੋਂ ਰਾਧਿਕਾ ਅਕਸ਼ੈ ਨਾਲ ਚਲੀ ਤਾਂ ਕੁਝ ਅਣਮਨੀ ਜਿਹੀ ਹੋ ਆਈ ਸੀ।

"ਤੁਸੀਂ ਬੋਰ ਤਾਂ ਨਹੀਂ ਹੋ ਗਏ ?" ਉਸਨੇ ਅਚਾਨਕ ਅਕਸ਼ੈ ਨੂੰ ਪੁੱਛਿਆ।

"ਨਹੀਂ ! ਦਿਲਚਸਪ ਲੋਕ ਸਨ !"

ਸੜਕ ਪਾਰ ਕਰਨ ਲਈ ਪੇਵਮੈਂਟ ਦੇ ਕਿਨਾਰੇ ਤੇ ਰੁਕ ਕੇ ਰਾਧਿਕਾ ਨੇ ਕਿਹਾ, 'ਹਾਂ......! ਮਨੀਸ਼ ਨੂੰ ਥੋੜ੍ਹਾ ਜਿਹਾ ਜਾਣਦੀ ਸੀ। ਡੈਨ ਦਾ ਵਾਕਫ਼ਕਾਰ ਸੀ।"

ਡੈਨ ਦਾ ਨਾਂ ਇਸ ਤਰ੍ਹਾਂ ਸਹਿਜ ਸੁਭਾਅ ਨਿਕਲ ਆਉਂਦਾ। ਹੁਣ ਤਾਂ ਨਾ ਦਰਦ ਬਚਿਆ ਹੈ, ਨਾ ਉਸ ਦੀ ਚੀਸ, ਕੇਵਲ ਇਕ ਮਲਾਲ ਹੈ, ਡੈਨ ਕਰਕੇ ਪਰਿਵਾਰ ਨੂੰ ਗੁਆ ਦੇਣ ਦਾ।

"ਡੈਨ ਵੀ ਮੇਰਾ ਇਕ ਮਿੱਤਰ।"

"ਹਾਂ ਮੈਨੂੰ ਵਿਦਿਆ ਨੇ ਦੱਸਿਆ ਸੀ।"

ਰਾਧਿਕਾ ਤ੍ਰਭੱਕ ਪਈ, "ਹੋਰ ਕੀ ਦੱਸਿਆ ਸੀ ਵਿਦਿਆ ਨੇ ?"

ਟ੍ਰੈਫਿਕ ਦੀ ਹਰੀ ਬੱਤੀ ਹੋ ਜਾਣ ਤੇ ਵੀ ਰਾਧਿਕਾ ਖੜੀ ਹੀ ਰਹੀ।

"ਇਹੋ ਕਿ ਤੂੰ ਲਾਡ ਵਿਚ ਬਹੁਤ ਸਿਰ ਚੜ੍ਹੀ ਹੋ ਗਈ ਹੈਂ।"

ਅਕਸ਼ੈ ਨੇ ਰਾਧਿਕਾ ਦੀ ਬਾਂਹ ਫੜ ਲਈ ਤੇ ਸੜਕ ਪਾਰ ਕਰਨ ਲੱਗਾ

ਰਾਧਿਕਾ ਮਸ਼ੀਨ ਵਾਂਗ ਚਲਦੀ ਗਈ। ਉਸ ਦੀ ਪਿੱਠ ਪਿੱਛੇ ਵਿਦਿਆ ਬਿੱਲਕੁਲ ਅਣਜਾਣਾਂ ਨਾਲ ਉਸ ਦੀ ਚਰਚਾ ਕਰਦੀ ਆਈ ਹੈ, ਇਹ ਜਾਣ ਕੇ ਉਸ ਨੂੰ ਹਾਰਦਿਕ ਦੁੱਖ ਹੋ ਰਿਹਾ ਸੀ।

"ਹੋਰ ਕੁਝ ?" ਉਸ ਨੇ ਪੁੱਛਿਆ।

"ਨਹੀਂ। ਪਰ, ਰਾਧਿਕਾ ਵਿਦਿਆ ਉਨੀ ਭੈੜੀ ਨਹੀਂ ਜਿੰਨੀ ਤੈਨੂੰ ਲੱਗਦੀ ਹੈ। ਮਨ ਹੀ ਮਨ ਵਿਚ ਉਨ੍ਹਾਂ ਨੂੰ ਤੇਰਾ ਬਹੁਤ ਖਿਆਲ ਵੀ ਹੈ" ਅਕਸ਼ੈ ਨੇ ਕਿਹਾ।

"ਹੋਵੇਗਾ," ਰਾਧਿਕਾ ਦੀ ਆਵਾਜ਼ ਰੁੱਖੀ ਸੀ। ਉਹ ਚੁੱਪ ਰਹੀ।

ਘਰ ਪਰਤ ਕੇ ਉਹ ਤਖਤ ਪੋਸ਼ ਉੱਤੇ ਲੈਣ ਗਈ। ਵਿਦਿਆ ਨੇ ਆਪਣੇ ਠੰਢੇ ਵਿਸ਼ਲੇਸ਼ਣਵਾਦੀ ਲਹਿਜੇ ਵਿਚ ਅਕਸ਼ੈ ਨਾਲ ਉਸ ਬਾਰੇ ਗੱਲਾਂ ਕੀਤੀਆਂ ਹੋਣਗੀਆਂ ਕਿ ਉਹ ਡੈਨ ਨਾਲ ਚਲੀ ਗਈ ਸੀ ਅਤੇ ਕੁਝ ਮਹੀਨੇ ਪਿੱਛੋਂ ਡੈਨ ਤੋਂ ਅੱਡ ਹੋ ਕੇ ਭੁੱਖਿਆ ਮਰਨ ਦੀ ਦਸ਼ਾ ਤੱਕ ਪੁੱਜ ਗਈ ਸੀ, ਇਹ ਵੀ ਵਿਦਿਆ ਨੇ ਜ਼ਰੂਰ ਦੱਸਿਆ ਹੋਵੇਗਾ। ਉਸੇ ਸਮੇਂ ਰਾਧਿਕਾ ਦੇ ਮੁੱਖ ਦਰਵਾਜ਼ੇ ਦੀ ਘੰਟੀ ਵੱਜ ਪਈ। ਅਲਸਾਉਂਦੇ ਹੋਏ ਪੌੜੀਆਂ ਉਤਰ ਕੇ ਜਦੋਂ ਉਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਵੇਖਿਆ ਮਨੀਸ਼ ਖਲੋਤਾ ਹੈ।

"ਆ ਸਕਦਾ ਹਾਂ ?"

ਆਪਣੀ ਹੈਰਾਨੀ ਨਾ ਜ਼ਾਹਰ ਕਰਦਿਆਂ ਹੋਇਆ ਰਾਧਿਕਾ ਨੇ ਕਿਹਾ, "ਹਾਂ, ਆਓ ਅਤੇ ਇਕ ਪਾਸੇ ਹੋ ਕੇ ਰਸਤਾ ਦਿੱਤਾ। ਮਨੀਸ਼ ਉਸ ਦੇ ਪਿੱਛੇ-ਪਿੱਛੇ ਆਇਆ, ਅਤੇ ਜਦੋਂ ਰਾਧਿਕਾ ਦਹਿਲੀਜ਼ ਉੱਤੇ ਠੰਠਬਰ ਗਈ, ਤਾਂ ਉਹ ਵੀ ਰੁਕ ਗਿਆ। ਫਿਰ ਰਾਧਿਕਾ ਨੇ ਕੁਰਸੀਆਂ ਵੱਲ ਹੌਲਾ ਜਿਹਾ ਸੰਕੇਤ ਕੀਤਾ ਅਤੇ ਖੁਦ ਤਖਤ ਪੋਸ਼ ਉੱਤੇ ਬਹਿ ਗਈ।

ਮਨੀਸ਼ ਦੀ ਪ੍ਰਸੰਸਾ ਮਈ ਦ੍ਰਿਸ਼ਟੀ ਕਮਰੇ ਦੀ ਸਾਦੀ ਜਿਹੀ ਸਜਾਵਟ ਤੋਂ ਹੁੰਦੀ ਹੋਈ ਰਾਧਿਕਾ ਉੱਤੇ ਟਿਕ ਗਈ। ਰਾਧਿਕਾ ਨੂੰ ਹੁਣ ਢਾਈ ਤਿੰਨ ਸਾਲ ਬਾਅਦ ਵੇਖ ਰਿਹਾ ਸੀ। ਪਹਿਲਾਂ ਤੋਂ ਵਧੇਰੇ ਸਾਂਵਲੀ ਅਤੇ ਪਰਿਪੱਕ ਲੱਗਦੀ ਸੀ। ਵਧੇਰੇ ਗੰਭੀਰ ਸੀ। ਹੋਠਾਂ ਦੀਆਂ ਨੁਕਰਾਂ ਵਿਚ ਨਿਮ੍ਹੀ ਉਦਾਸੀ।

"ਗਰਮੀ ਜਿਹੀ ਹੋਣ ਲੱਗੀ ਹੈ। ਕੀ ਮੈਂ ਕੋਟ ਉਤਾਰ ਸਕਦਾ ਹਾਂ ?"

"ਹਾਂ, ਹਾਂ," ਰਾਧਿਕਾ ਨੇ ਕਿਹਾ।

ਮਨੀਸ਼ ਨੇ ਕੋਟ ਉਤਾਰ ਕੇ ਕੁਰਸੀ ਦੇ ਪਿੱਛੇ ਲਟਕਾ ਦਿੱਤਾ। ਛੱਤ ਉੱਤੇ ਬਾਅਦ ਦੁਪਹਿਰ ਦੀ ਚਿੱਟੀ ਧੁੱਪ ਖਿਲਰੀ ਹੋਈ ਸੀ, ਉਸ ਦਾ ਪ੍ਰਕਾਸ਼ ਅਤੇ ਸੁਖਾਵੀਂ ਗਰਮੀ ਕਮਰੇ ਵਿਚ ਵੀ ਆ ਰਹੀ ਸੀ। ਉਸ ਵਿਚ ਰਾਧਿਕਾ ਦਾ ਚਿਹਰਾ ਬੜਾ ਕੋਮਲ ਲੱਗਾ ਸੀ।

"ਤੇਰੇ ਵਾਸਤੇ ਕੋਫੀ ਬਣਾਵਾਂ ?"

"ਨਹੀਂ, ਅਜੇ ਨਹੀਂ : ਕਾਰਿਨ ਨੂੰ ਡਿਫੈਂਸ ਕਾਲੋਨੀ ਛੱਡ ਕੇ ਆ ਕੇ ਰਿਹਾ ਹਾਂ। ਤੇਰੇ ਨਾਲ ਇਤਮਿਨਾਨ ਨਾਲ ਗੱਲ ਕਰਨਾ ਚਾਹੁੰਦਾ ਹਾਂ"

ਰਾਧਿਕਾ ਕੀ ਕਹਿੰਦੀ ਮੁਸਕਰਾ ਪਈ।

ਮਨੀਸ਼ ਸਾਂਵਲਾ ਹੈ, ਲੰਮਾ-ਪਤਲਾ ਸਰੀਰ, ਚਲਣ-ਫਿਰਨ ਵਿਚ ਇਕ ਸਹਿਜ ਵੱਡਪਣ, ਲੰਮਾਂ ਚਿਹਰਾ, ਹਾਵ-ਭਾਵ ਵਿਚ ਚੰਚਲਤਾ ਅਤੇ ਕਦੀ-ਕਦੀ ਬੱਚਿਆ ਵਾਂਗ ਸਰਲਤਾ ਮਨੀਸ਼ ਵਿਚ ਕੁਝ ਅਜਿਹੀ ਖਿੱਚ ਹੈ ਕਿ ਅਣਜਾਣੇ ਹੀ ਉਸ ਦਾ ਸਿਰ ਗੋਦ ਵਿਚ ਰੱਖ ਲੈਣ ਨੂੰ ਜੀਅ ਕਰਦਾ ਹੈ। ਇਹ ਗੱਲ ਰਾਧਿਕਾ ਨੂੰ ਉਸਦੀ ਇਕ ਸਹਿਪਾਠਣ ਨੇ ਕਹੀ ਸੀ। ਮਨੀਸ਼ ਨੂੰ ਜਵਾਨ-ਦੋਸਤਾਂ ਦੀ ਕਮੀ ਨਹੀਂ ਹੁੰਦੀ, ਉਹ ਉਨ੍ਹਾਂ ਤੋਂ ਜਲਦੀ ਬੋਰ ਵੀ ਹੋ ਜਾਇਆ ਕਰਦਾ ਸੀ। ਇਕ ਸਾਲ ਵਿਚ ਕਿੰਨੀਆ ਕੁੜੀਆਂ ਨਾਲ ਦੋਸਤੀ ਤਾਂ ਰਾਧਿਕਾ ਨੇ ਵੀ ਵੇਖੀ ਸੀ।

"ਅੱਛਾ ਰਾਧਿਕਾ ਇਕ ਨਿੱਜੀ ਸਵਾਲ ਪੁੱਛਾਂ, ਬੁਰਾ ਨਾ ਮਨਾਉਣਾ।"

ਰਾਧਿਕਾ ਨੇ ਸਵਾਲੀ ਨਜ਼ਰ ਉਸ ਵੱਲ ਕੀਤੀ।

"ਇਹ ਅਕਸ਼ੈ ?"

"ਕੇਵਲ ਇਕ ਮਿੱਤਰ। ਬਲਕਿ ਅੱਜ-ਕੱਲ ਮੇਰੇ ਇਕੋ ਇਕ ਮਿੱਤਰ। ਇਨ੍ਹਾਂ ਨੇ ਮੇਰੀ ਬੜੀ ਸਹਾਇਤਾ ਕੀਤੀ ਹੈ, ਬੜੀ ਦੇਖ-ਭਾਲ ਵੀ ਕਰਦੇ ਹਨ।"

ਦੋਨਾਂ ਹੱਥਾਂ ਦੀਆਂ ਉਂਗਲੀਆਂ ਇਕ ਦੂਜੇ ਵਿਚ ਫਸਾਉਂਦੇ ਹੋਏ ਮਨੀਸ਼ ਨੇ ਥੋੜ੍ਹਾ ਜਿਹਾ ਹੱਸ ਕੇ ਕਿਹਾ, "ਤਾਂ ਤੇਰਾ ਉਹ ਚਰਿੱਤਰ ਸੰਬੰਧੀ ਪੈਟਰਨ ਨਹੀਂ ਬਦਲਿਆ। ਮਿੱਤਰਾਂ ਵਿਚ ਤੂੰ ਹੁਣ ਵੀ ਪਿਤਾ ਨੂੰ ਹੀ ਲੱਭਦੀ ਏਂ "

"ਯਾਨੀ ?" ਰਾਧਿਕਾ ਨੇ ਕਿਹਾ। ਉਸਦੀ ਆਵਾਜ਼ ਤੋਂ ਲੱਗਿਆ ਕਿ ਉਹ ਬੁਰਾ ਮੰਨ ਗਈ ਹੈ।

ਮਤਲਬ ਕਿ ਤੂੰ ਪੁਰਸ਼ ਵਿਚ ਪ੍ਰੇਮੀ ਜਾਂ ਪਤੀ ਨਹੀਂ ਲੱਭਦੀ, ਪਿਤਾ ਲੱਭਦੀ ਏਂ। ਜੀਵਨ ਦੇ ਇਕ ਸੰਘਰਸ਼ ਪੂਰਨ ਪਲ ਵਿਚ ਡੈਨ ਨੇ ਤੈਨੂੰ ਸੰਭਾਲਿਆ, ਤੂੰ ਧੰਨਵਾਦ ਵਿਚ ਉਸ ਨਾਲ ਰਹਿਣ ਲੱਗ ਪਈ, ਹੁਣ ਅਕਸ਼ੈ ਵੇਖ ਭਾਲ ਕਰ ਰਹੇ ਹਨ, ਤਾਂ ਸ਼ਾਇਦ ਉਨ੍ਹਾਂ ਨਾਲ ਵਿਆਹ ਕਰ ਲਵੇਂ। ਕਿਉਂਕਿ ਤੂੰ ਜੀਵਨ ਵਿਚ ਲੰਗਰ ਚਾਹੁੰਦੀ ਏਂ, ਉਸ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਨ 'ਲਈ ਤਿਆਰ ਨਹੀਂ ਏਂ।"

ਰਾਧਿਕਾ ਦਾ ਸਿਰ ਨੀਵਾਂ ਹੋ ਗਿਆ ਸੀ, ਕੁਝ ਦੇਰ ਬਾਅਦ ਉਸ ਨੇ ਹੌਲੀ ਜਿਹੀ ਆਵਾਜ਼ ਵਿਚ ਕਿਹਾ, "ਹੋ ਸਕਦਾ ਹੈ ਕਿ ਮੈਂ ਅਕਸ਼ੈ ਨਾਲ ਵਿਆਹ ਕਰ ਲਵਾਂ। ਮੇਰੇ ਜੀਵਨ ਵਿਚ ਪਲੇ-ਬੁਆਏ ਲਈ ਥਾਂ ਨਹੀਂ। ਮੈਂ ਸਾਥੀ ਚਾਹੁੰਦੀ ਹਾਂ। ਜਿਸ ਵਿਚ ਸਥਿਰਤਾ ਤੇ ਉਦਾਰਤਾ ਹੋਵੇ, ਜੋ ਮੈਨੂੰ ਮੇਰੀਆਂ ਸਾਰੀਆਂ ਤਰੁੱਟੀਆਂ ਸਹਿਤ ਸਵੀਕਾਰ ਕਰ ਲਵੇ ! ਮੇਰੇ ਬੀਤੇ ਨੂੰ ਝੱਲ ਲਵੇ।"

"ਤੂੰ ਸਮਝਦੀ ਕਿ ਅਕਸ਼ੈ ਵਿਚ ਏਨੀਂ ਹਿੰਮਤ ਹੈ ?"

"ਇਹ ਤਾਂ ਸਮਾਂ ਹੀ ਦਸੇਗਾ।"

ਕਮਰੇ ਵਿਚ ਚੁੱਪ ਪਸਰ ਗਈ ਸੀ, ਉਸਦੇ ਫਿੱਕੇਪਣ ਨੂੰ ਦੂਰ ਕਰਦਿਆਂ ਹੱਸਦਿਆਂ ਹੋਇਆ ਮਨੀਸ਼ ਨੇ ਕਿਹਾ, "ਮੈਨੂੰ ਮੁਆਫ਼ ਕਰਨਾ ਰਾਧਿਕਾ ! ਏਨੇ ਦਿਨਾਂ ਬਾਅਦ ਅਸੀਂ ਮਿਲੇ ਹਾਂ ਤੇ ਮੈਂ ਉਪਦੇਸ਼ ਦੇਣ ਬਹਿ ਗਿਆ। ਸ਼ਾਇਦ ਮੇਰੇ ਵਿਚ ਵੀ ਬੁਢੇਪੇ ਦੇ ਚਿੰਨ੍ਹ ਆਉਣ ਲੱਗ ਪਏ ਹਨ। ਇਹ ਤਾਂ ਦੱਸ, ਤੂੰ ਮੇਰੇ ਕੈਨੇਡਾ ਜਾਣ ਤੋਂ ਬਾਅਦ ਕੀ ਕੀਤਾ ?"

ਇਸ ਤੇ ਰਾਧਿਕਾ ਨੇ ਹੱਸ ਕੇ ਕੁਝ ਕਾਇਮ ਹੋਣ ਦਾ ਯਤਨ ਕੀਤਾ, ਉਹ ਕਿੰਨੇ ਦਿਨਾਂ ਤੋਂ ਕਿਸੇ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਨੂੰ ਤਰਸ ਰਹੀ ਸੀ, ਇਹ ਵੀ ਉਸਨੇ ਆਪਣੇ ਆਪ ਸਮਝਿਆ। ਅਕਸ਼ੈ ਨਾਲ ਅਜਿਹੀਆਂ ਗੱਲਾਂ ਨਹੀਂ ਹੋ ਸਕਦੀਆਂ। ਉਸ ਨਾਲ ਗੱਲਬਾਤ ਦੇ ਕੁਝ ਸੀਮਤ ਜਿਹੇ ਮਜ਼ਮੂਨ ਹਨ।

' ਡੈਨ ਤੋਂ ਅੱਡ ਤਾਂ ਮੈਂ ਤੇਰੇ ਹੁੰਦਿਆਂ ਹੀ ਹੋ ਗਈ ਸੀ। ਉਸ ਤੋਂ ਬਾਅਦ ਮੈਨੂੰ ਸੰਸਕ੍ਰਿਤ ਦੀ ਸਹਾਇਕ ਅਧਿਆਪਕਾ ਦੀ ਨੌਕਰੀ ਮਿਲ ਗਈ। ਉੱਥੋਂ ਹੀ ਮੈਂ ਐਮ. ਏ. ਕਰ

ਲਈ। ਫਿਰ ਅਚਾਨਕ ਉੱਥੇ ਏਨਾ ਦੁਖਦਾਈ ਜਾਪਣ ਲੱਗ ਪਿਆ ਕਿ ਮੈਂ ਸੋਚਿਆ ਕਿ ਜਦੋਂ ਤੱਕ ਮੈਂ ਭਾਰਤ ਨਹੀਂ ਪਰਤਾਂਗੀ, ਸ਼ਾਂਤੀ ਨਹੀਂ ਮਿਲੇਗੀ।"

"ਸ਼ਾਂਤੀ ਮਿਲੀ ?" ਮਨੀਸ਼ ਮੁਸਕਰਾਇਆ।

"ਨਹੀਂ ਮਿਲੀ", ਰਾਧਿਕਾ ਉਦਾਸ ਹੋ ਗਈ ਸੀ।" ਅਕਸਰ ਟਾਮਸਵੁਲਫ ਦੇ ਉਸ ਨਾਵਲ ਦਾ ਨਾਂ ਯਾਦ ਆਉਂਦਾ ਰਹਿੰਦਾ ਹੈ। 'ਤੁਸੀਂ ਘਰ ਵਾਪਸ ਨਹੀਂ ਜਾ ਸਕਦੇ। ਕੁਝ ਅਜੀਬ ਹੀ ਕਿਸਮ ਦੀ ਹੋ ਗਈ ਹਾਂ, ਨਾ ਉੱਥੇ ਸੁੱਖੀ ਸਾਂ ਨਾ ਇੱਥੇ।"

"ਤੂੰ ਕੋਫੀ ਬਣਾਉਣ ਨੂੰ ਕਹਿ ਰਹੀ ਸੀ ?" ਮਨੀਸ਼ ਨੇ ਕਿਹਾ। ਰਾਧਿਕਾ ਦੇ ਨਾਲ ਉਹ ਵੀ ਉੱਠਿਆ ਅਤੇ ਦੋਵਾਂ ਕਮਰਿਆਂ ਦੇ ਵਿਚਕਾਰ ਖੜੋ ਕੇ ਬੋਲਿਆ, "ਮੈਨੂੰ ਵੀ, ਅਜਿਹਾ ਹੀ ਲੱਗਦਾ ਰਹਿੰਦਾ ਹੈ ਕਿ ਇਹ ਕੋਈ ਨਵੀ ਭਾਵਨਾ ਨਹੀਂ ਹੈ। ਅਤੇ ਮੈਂ ਤਾਂ ਸੱਤ ਸਾਲ ਬਾਅਦ ਪਰਤਿਆ ਹਾਂ।"

ਰਾਧਿਕਾ ਨੇ ਪਰਕੋਲੇਟਰ ਦਾ ਪਲਗ ਲਾ ਦਿੱਤਾ।

"ਤੇਰਾ ਪਰਿਵਾਰ ਵੀ ਤਾਂ ਹੈ ਨਾ ?"

"ਮੈਂ ਉਨ੍ਹਾਂ ਸਾਰਿਆਂ ਨੂੰ ਮਿਲਣ ਗਈ ਸੀ। ਬੜੇ ਭਰਾ ਪਰਿਵਾਰ ਸਹਿਤ ਕੱਲਕਤੇ ਗਏ ਹੋਏ ਸਨ। ਮਤਰੇਈ ਮਾਂ ਘਰ ਮਿਲੀ, ਪਾਪਾ ਨੂੰ ਵੀ ਮਿਲੀ, ਪਰ.....।"

"ਉਨ੍ਹਾਂ ਨੇ ਤੈਨੂੰ ਮਾਫ਼ ਨਹੀਂ ਕੀਤਾ," ਮਨੀਸ਼ ਨੇ ਹੌਲੀ ਜਿਹੇ ਗੱਲ ਜੋੜੀ।

"ਹਾਂ ਪਰ ਵਿਸ਼ਵਾਸ ਨਹੀਂ ਆਉਂਦਾ ਸੀ। ਸੋਚਦੀ ਸੀ ਕਿ ਜਦੋਂ ਮੇਰਾ ਮੂੰਹ ਵੇਖਣਗੇ ਤਾਂ ਸ਼ਾਇਦ ਮਾਫ਼ ਕਰ ਦੇਣ..।" ਫਿਰ ਚੁੱਪ। ਅੱਥਰੂਆਂ ਨਾਲ ਧੁੰਧਲੀ ਹੋ ਗਈ ਨਜ਼ਰ ਰਾਧਿਕਾ ਨੇ ਨਿਵਾ ਲਈ। ਆਸ-ਪਾਸ ਦਾ ਸ਼ੋਰ ਕਮਰੇ ਵਿਚ ਘੁਸ ਆਇਆ। ਥੱਲੇ ਵਿਹੜੇ ਵਿਚ ਝੱਟ-ਪੱਟ ਧੋਤੇ ਜਾ ਰਹੇ ਕੱਪੜੇ, ਸਾਹਮਣੇ ਪਾਰਕ ਵਿਚ ਗੇਂਦ ਖੇਡਦੇ ਬੱਚਿਆਂ ਦੀਆਂ ਆਵਾਜ਼ਾਂ, ਪਿੱਛੇ ਗਲੀ ਵਿਚ ਕਿਸੇ ਔਰਤ ਦੀ ਕੁਰਖੱਤ ਆਵਾਜ਼ ਅਤੇ ਇਨ੍ਹਾਂ ਸਾਰਿਆਂ ਤੋਂ ਵੱਧ ਕੇ ਰੇਡੀਓ ਤੇ ਫ਼ਿਲਮੀ ਧੁਨਾਂ।

"ਮੈਂ ਤੈਨੂੰ ਦੁਖਾਂਤਿਕ ਪ੍ਰਸੰਗਾਂ ਦੀ ਯਾਦ ਦਿਵਾ ਦਿੱਤੀ।" ਮਨੀਸ਼ ਦਾ ਸੱਜਾ ਹੱਥ ਰਾਧਿਕਾ ਦੇ ਮੋਢੇ ਤੇ ਹੌਲੀ ਜਿਹੀ ਆ ਟਿਕਿਆ।

"ਨਹੀ ਮਨੀਸ਼,ਤੂੰ ਨਹੀ ਜਾਣਦਾ ਕਿ ਐਨੇ ਲੰਮੇ ਸਮੇਂ ਦੀ ਚੁੱਪ ਤੋਂ ਬਾਅਦ ਕਿਸੇ ਹਮਦਰਦ ਵਿਅਕਤੀ ਨੂੰ ਦੱਸ ਕੇ ਮੈਨੂੰ ਕਿੰਨਾ ਚੈਨ ਮਿਲ ਰਿਹਾ ਹੈ, ਨਹੀਂ ਤਾਂ ਆਪਣੇ ਆਪ ਵਿਚ ਹੀ ਘੁੱਟਦੇ......ਘੁੱਟਦੇ .....।"

ਮਨੀਸ਼ ਦਾ ਹੱਥ ਹੱਟ ਗਿਆ। ਪਰਕੋਲੇਟਰ ਵਿਚ ਉਬਲਦੇ ਪਾਣੀ ਦੇ ਬੁਲਬਲੇ ਵਿਖਾਈ ਦੇਣ ਲੱਗ ਪਏ।ਕੋਫੀ ਦਾ ਪਿਆਲਾ ਮਨੀਸ਼ ਨੂੰ ਫੜਾਉਂਦਿਆ ਹੋਇਆ ਰਾਧਿਕਾ ਨੇ ਕਿਹਾ, "ਤੂੰ ਆਪਣੇ ਬਾਰੇ ਵਿਚ ਵੀ ਤਾਂ ਕੁਝ ਦੱਸ। ਤੇਰਾ ਇਹ ਇਨਸਟੀਚਿਊਟ ਹੈ ?".

ਮਨੀਸ਼ ਨੇ ਇਕ ਘੁੱਟ ਭਰ ਕੇ ਪਿਆਲਾ ਰੱਖ ਦਿੱਤਾ। ਸੂਰਜ ਨੂੰ ਸ਼ਾਇਦ ਕਿਸੇ ਬਦਲ ਨੇ ਕੱਜ ਲਿਆ ਸੀ, ਤਾਂ ਹੀ ਕਮਰੇ ਵਿਚ ਧੁੱਪ ਇਕ ਦਮ ਅਲੋਪ ਹੋ ਗਈ।

'ਤੈਨੂੰ ਦੱਸਿਆ ਤੇ ਸੀ। ਅਜੇ ਪਿਛਲੇ ਸਾਲ ਹੀ ਤਾਂ ਖੁੱਲ੍ਹੀ ਹੈ। ਮੈਨੂੰ ਡਾਇਰੈਕਟਰਸਿਪ ਦੀ ਆਫ਼ਰ ਮਿਲੀ। ਅੱਛੀ ਖਾਸੀ ਸੀ। ਮੈਂ ਵੀ ਐਨੇ ਸਾਲਾਂ ਬਾਅਦ ਭਾਰਤ ਆ ਕੇ ਵੇਖਣਾ ਚਾਹੁੰਦਾ ਸੀ ਕਿ ਕੀ ਹਾਲ ਹੈ ? ਇੱਥੇ ਆ ਕੇ ਹੁਣ ਲੱਗਣ ਲੱਗ ਪਿਆ ਕਿ ਮੈਨੂੰ ਜਲਦੀ ਫੈਸਲਾ ਕਰਨਾ ਚਾਹੀਦਾ ਹੈ ਕਿ ਮੈਂ ਭਵਿੱਖ ਵਿਚ ਕੀ ਕਰਾਂ ! ਕਿਸੇ ਅਮਰੀਕੀ ਲੜਕੀ ਨਾਲ ਵਿਆਹ ਕਰਕੇ ਉੱਥੇ ਰਹਿ ਜਾਵਾਂ ਜਾਂ ਇੱਥੋਂ ਦੇ ਨਜ਼ਾਰਿਆਂ ਨੂੰ ਅਣਡਿੱਠ ਕਰਕੇ ਭਾਰਤ ਵਿਚ ਹੀ ਰਹਾਂ !

"ਕਿਸੇ ਅਮਰੀਕੀ ਕੁੜੀ ਨਾਲ ?"

"ਜੇ ਉਹ ਭਾਰਤ ਵਿਚ ਰਹਿਣਾ ਪਸੰਦ ਕਰੇ ਤਾਂ। ਪਰ ਜ਼ਿਆਦਾਤਰ ਪਸੰਦ ਨਹੀਂ ਕਰਦੀਆਂ।"

ਮਨੀਸ਼ ਨੇ ਪਿਆਲਾ ਚੁੱਕ ਲਿਆ ਅਤੇ ਕਿਹਾ, "ਕੋਫੀ ਹੁਣ ਪਹਿਲਾਂ ਤੋਂ ਚੰਗੀ ਬਣਾਉਣ ਲੱਗ ਪਈ ਏ।

ਰਾਧਿਕਾ ਨੂੰ ਹਾਸਾ ਆ ਗਿਆ, "ਤੈਨੂੰ ਜਿਵੇਂ ਹੁਣ ਤੱਕ ਉਸ ਕੋਫੀ ਦਾ ਸੁਆਦ ਯਾਦ ਏ।

"ਮੈਨੂੰ ਡੈਨ ਬੇਰੂਤ ਵਿਚ ਮਿਲਿਆ ਸੀ," ਮਨੀਸ਼ ਨੇ ਕਿਹਾ।

"ਅੱਛਾ !" ਰਾਧਿਕਾ ਦੀ ਆਵਾਜ਼ ਉਤਸ਼ਾਹਹੀਣ ਸੀ। ਮਨ ਤੋਂ ਕਿਸੇ ਦਾ ਇਕ ਦਮ ਇਸ ਤਰ੍ਹਾਂ ਨਿਕਲ ਜਾਣਾ ਉਸ ਲਈ ਬਿੱਲਕੁਲ ਨਵਾਂ ਅਨੁਭਵ ਸੀ। ਪਰ ਡੈਨ ਹੁਣ ਮਰ ਗਿਆ

ਰਾਧਿਕਾ ਲਈ ਹੁਣ ਉਹ ਇਕ ਭੁੱਲੀ ਹੋਈ ਯਾਦ ਮਾਤਰ ਹੈ।

"ਰਾਧਿਕਾ, ਤੂੰ ਕੁਝ ਨਹੀਂ ਕਰ ਰਹੀ ਤਾਂ ਸਾਡੇ ਇਨਸਟੀਚਿਊਟ ਵਿਚ ਹੀ ਮਦਦ ਕਰ।ਸਾਡੇ ਲੋਕਾਂ ਨੂੰ ਅਕਸਰ ਅਜਿਹੇ ਲੋਕਾਂ ਦੀ ਲੋੜ ਪੈਂਦੀ ਰਹਿੰਦੀ ਏ, ਜੋ ਸੰਸਕ੍ਰਿਤ ਜਾਣਨ, ਵਕਤ ਪੈਣ ਤੇ ਦੋ ਭਾਸ਼ੀਏ ਦਾ ਕੰਮ ਕਰ ਸਕਣ, ਕਦੀ-ਕਦੀ ਫੋਟੋਗ੍ਰਾਫੀ ਦਾ ਵੀ ਕੰਮ ਕਰ ਦੇਣ। ਇਕ ਸਾਹਿਬ ਮੁਗਲ ਕਾਲੀਨ ਉਸਾਰੀ ਕਲਾ ਉੱਤੇ ਕੰਮ ਕਰ ਰਹੇ ਹਨ, ਕਾਰਿਨ ਰਾਜਸਥਾਨੀ ਪੇਟਿੰਗ ਦੇ ਨਿਕਾਸ ਤੇ ਵਿਕਾਸ ਤੇ ਅਤੇ ਇਕ ਸੱਜਣ ਦੇ ਭਿੰਨ-ਭਿੰਨ ਪ੍ਰਦੇਸ਼ਾਂ ਵਿਚ ਘੜਿਆਂ ਦੀਆਂ ਸ਼ਕਲਾਂ ਨੂੰ ਫੋਟੋਗ੍ਰਾਫ ਕਰ ਰਹੇ ਹਨ।"

ਰਾਧਿਕਾ ਨੇ ਕਿਹਾ, "ਦੇਖਾਂਗੀ। ਤੂੰ ਕੀ ਕੰਮ ਕਰ ਰਿਹਾ ਏ ?"

"ਆਰਟ ਹਿਸਟਰੀ ਉੱਤੇ। ਅਜੇ ਕੁੱਲ ਚਾਰ ਪੰਜ ਹੀ ਬੰਦੇ ਹਨ। ਜ਼ਿਆਦਾ ਸਮਾਂ ਤਾਂ ਪ੍ਰਬੰਧ ਵਿਚ ਹੀ ਲੱਗ ਜਾਂਦਾ ਹੈ। ਕਈ ਸਹਾਇਕ ਹਨ, ਦੋ ਇੰਡੈਕਸ ਕਾਰਡ ਬਣਾਉਣ ਵਿਚ ਲੱਗੇ ਹਨ, ਦੋ ਫੋਟੋਗ੍ਰਾਫੀ ਦੇ ਸਾਮਾਨ ਅਤੇ ਮਾਈਕ੍ਰੋਫਿਲਮਿੰਗ ਦਾ ਭਾਰ ਸੰਭਾਲਦੇ ਹਨ।"

"ਬੜੇ ਮਹੱਤਵਪੂਰਨ ਹੋ ਗਏ ਓ।"

"ਹਾਂ ਰਾਧਿਕਾ," ਮਨੀਸ਼ ਨੇ ਸੰਜੀਦਗੀ ਨਾਲ ਕਿਹਾ, "ਚਾਹਿਆ ਤਾਂ ਨਹੀਂ ਸੀ, ਪਰ ਇਸ ਖੇਤਰ ਵਿਚ ਵਿਦੇਸ਼ਾਂ ਵਿਚ ਲੋਗ ਹਨ ਹੀ ਕਿਨੇ ? ਜਾਣ ਬੁਝ ਕੇ ਜ਼ਿੰਮੇਦਾਰੀ ਹੰਡਾਉਣੀ ਪਈ।"

"ਤੂੰ ਇਸੇ ਤਰ੍ਹਾਂ ਸੱਜੀ ਸਜਾਈ ਮੇਰੇ ਦਫ਼ਤਰ ਕੇ ਕੋਨੇ ਵਿਚ ਬੈਠੀ ਰਹੀ, ਇਸ ਨਾਲ ਸਾਨੂੰ ਅਤੇ ਸਾਡੇ ਮਹਿਮਾਨਾਂ ਨੂੰ ਪ੍ਰੇਰਣਾ ਮਿਲੇਗੀ।"

ਅੱਜ ਰਾਧਿਕਾ ਨੇ ਗਲੇ ਵਿਚ ਸੋਨੇ ਦੀ ਜ਼ੰਜੀਰ ਪਾ ਲਈ ਸੀ। ਕਰੀਬ ਇਕ ਉਂਗਲ ਚੌੜੀ, ਅਤੇ ਕੰਨਾਂ ਵਿਚ ਬਹੁਤ ਦਿਨ ਬਾਅਦ ਕਾਂਟੇ ਵੀ। ਮਨੀਸ਼ ਦਾ ਸੰਕੇਤ ਸ਼ਾਇਦ ਉਸੇ ਵੱਲ ਹੈ, ਸਮਝ ਕੇ ਰਾਧਿਕਾ ਸੰਗ ਗਈ।

"ਸੁਣ ਤੇਰੇ ਵੀ ਪਰਿਵਾਰ ਵਾਲੇ ਹੋਣਗੇ ?" ਫਿਰ ਰਾਧਿਕਾ ਨੇ ਪੁੱਛਿਆ।

"ਨਹੀਂ, ਕੋਈ ਨਹੀਂ ਹੈ। ਤਾਂ ਹੀ ਤਾਂ ਕੋਈ ਦੁੱਖ ਜਾਂ ਸ਼ਿਕਾਇਤ ਨਹੀਂ। ਚਾਚੇ-ਚਾਚੀ ਨੇ ਪਾਲਿਆ ਸੀ। ਦੋਨਾਂ ਵਿਚੋਂ ਹੁਣ ਕੋਈ ਜੀਵਤ ਨਹੀਂ ਹੈ। ਰਾਜਸਥਾਨ ਦੇ ਇਕ ਕਸਬੇ ਵਿਚ ਇਕ ਮਕਾਨ ਹੈ, ਉਹ ਵੀ ਦੋ ਤਿੰਨ ਬਰਸਾਤਾਂ ਬਾਅਦ ਸ਼ਾਇਦ ਢਹਿ ਜਾਵੇ।"

"ਅਜੇ ਗੁਲ ਮੋਹਰ ਨਹੀਂ ਖਿੜੇ। ਨਾ ਕੋਇਲ ਦੀ ਕੂ ਕੂ ਹੀ ਕੰਨੀ ਪਈ ਹੈ', ਰਾਧਿਕਾ ਨੇ ਐਵੇਂ ਹੀ ਕਿਹਾ।

"ਅਜੇ ਕਿੱਥੇ ?" ਮਨੀਸ਼ ਨੇ ਖਾਲੀ ਪਿਆਲਾ ਮੇਜ਼ ਤੇ ਰੱਖ ਦਿੱਤਾ ਅਤੇ ਦੋਵੇਂ ਬਾਹਵਾਂ ਪਿੱਛੇ ਕਰਕੇ ਕੁਰਸੀ ਉੱਤੇ ਆਰਮ ਨਾਲ ਅੱਧਲੇਟਿਆ ਹੋ ਗਿਆ।

ਮਨੀਸ਼ ਇਸ ਸਮੇਂ ਸ਼ਾਂਤ ਸੀ। ਅੱਖਾਂ ਥੋੜੀਆਂ-ਥੋੜੀਆਂ ਅਲਸਾਈਆਂ ਹੋਈਆਂ। ਪੂਰਾ ਸਰੀਰ ਬਹੁਤ ਰਿਲੈਕਸ ਹੋਣ ਦੀ ਮੁਦਰਾ ਵਿਚ। ਪਰ ਉਹ ਚੇਤੰਨ ਹੈ, ਰਾਧਿਕਾ ਇਹ ਸਮਝ ਰਹੀ ਸੀ। ਉਸ ਨੇ ਇਕ ਦੋ ਵਾਰ ਮਨੀਸ਼ ਵੱਲ ਤੱਕਿਆ ਅਤੇ ਫਿਰ ਆਪਣੀ ਖੱਬੀ ਕਲਾਈ ਵਿਚ ਪਈ ਇਕ ਕੱਚ ਦੀ ਚੂੜੀ ਨੂੰ ਛੂਹਣ ਲੱਗ ਪਈ।

' ਤੂੰ ਅਜਿਹਾ ਕਿਵੇਂ ਕਰ ਲੈਨੀ ਹੈ ?" ਮਨੀਸ਼ ਦਾ ਇਹ ਪ੍ਰਸ਼ਨ ਸੁਣਕੇ ਉਹ ਤ੍ਰੰਭਕ - ਪਈ।

"ਕੀ ?"

"ਇਹ ਨਾ ਬਦਲਿਆ। ਅਜੇ ਵੀ ਉਹੀ ਜਿਹੀ ਹੀ ਏ ਜਿਹੋ ਜਿਹੀ-ਹੇਅਰ ਏਅਰਪੋਰਟ ਤੇ ਉਤਰੀ ਸੀ, ਉਹੀ ਕੇਸਾਂ ਦੀ ਸਜਾਵਟ। ਉਹੀ ਮਿੱਠੀ ਭਾਵ ਮੁਦਰਾ। ਮੈਨੂੰ ਯਾਦ ਹੈ ਕਿ ਮੈਂ ਨੇਨਤਾਰਾ ਨਾਲ ਡੈਨ ਦਾ ਸਵਾਗਤ ਕਰਨ ਗਿਆ ਸੀ ਅਤੇ ਤੈਨੂੰ ਉਸਦੇ ਨਾਲ ਉੱਤਰਦਿਆਂ ਵੇਖਕੇ ਬੜੀ ਈਰਖਾ ਅਤੇ ਰੋਸ ਦਾ ਭਾਵ ਜਾਗਿਆ ਸੀ।"

"ਰੋਸ ਕਿਉਂ ?" ਰਾਧਿਕਾ ਹੱਸ ਪਈ।

"ਉਹ ਤਾਂ ਸੁਭਾਵਕ ਹੀ ਪ੍ਰਤਿਕ੍ਰਿਆ ਹੈ। ਇਕ ਤਾਂ ਵਿਦੇਸ਼ਾਂ ਵਿਚ ਇੱਥੋਂ ਦੀਆਂ ਛੱਡੀਆਂ ਛੱਡਾਈਆਂ ਯਾਨੀ ਕਾਫ਼ੀ ਬਦਸੂਰਤ ਲੜਕੀਆਂ ਪਹੁੰਚਦੀਆਂ ਹਨ, ਜਿਨ੍ਹਾਂ ਦਾ ਵਿਆਹ ਨਹੀਂ ਹੁੰਦਾ। ਇਕ ਅੱਧ ਸੋਹਣੀ ਪਹੁੰਚੇ ਵੀ ਤਾਂ ਉਸ ਉੱਤੇ ਕਿਸੇ ਹੋਰ ਦਾ ਅਧਿਕਾਰ ਵੇਖ ਕੇ ਰੋਸ ਕਿਉਂ ਨਾ ਹੋਵੇ ?" ਮਨੀਸ਼ ਦੀਆਂ ਅੱਖਾਂ ਵਿਚ ਹੈਰਾਨੀ ਸੀ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਤੂੰ ਲਾਈਟ ਪੀਲੇ, ਬੇਹਦ ਲਾਈਟ ਪੀਲੇ ਰੰਗ ਦੀ ਸਾੜ੍ਹੀ ਪਾਈ ਹੋਈ ਸੀ, ਜਿਸ ਵਿਚ ਬਹੁਤ ਚੌੜਾ ਕੱਥਈ ਬਾਰਡਰ ਸੀ, ਅੱਖਾਂ ਹੈਰਾਨੀ ਨਾਲ ਗੋਲ ਅਤੇ ਖੁਸ਼ੀ ਨਾਲ ਚਮਕੀਲੀਆਂ, ਡੈਨ ਦੀ ਸੱਜੀ ਬਾਂਹ ਵਿਚ ਘਿਰੀ, ਛੋਟੇ-ਛੋਟੇ ਕਦਮ ਰੱਖਦੀ ਸਹਿਜ ਚਾਲ ਜਿਵੇਂ ਤੈਰ ਰਹੀ ਹੋਵੇ। ਏਅਰ-ਪੋਰਟ ਤੇ ਤੂੰ ਖਿਆਲ ਨਹੀਂ ਸੀ ਕੀਤਾ, ਪਰ ਉਸੇ ਰਾਤ ਡੈਨ ਦੇ ਫਲੈਟ ਵਿਚ ਜਦੋਂ ਅਸੀਂ ਪਹੁੰਚੇ ਸੀ, ਤਾਂ ਤੂੰ ਬਾਲਕੋਨੀ ਵਿਚ ਖਲੋਤੀ ਸੀ। ਮੇਰੇ ਨਮਸਤੇ ਕਰਨ ਤੇ ਤੂੰ ਮੁੜਕੇ ਵੇਖਿਆ ਸੀ, ਉਦੋਂ ਤੇਰੇ ਚਿਹਰੇ ਤੇ ਅਜਿਹਾ ਭਾਵ ਸੀ ਜਿਵੇਂ ਤੂੰ ਮੇਲੇ ਵਿਚ ਗੁਆਚ ਗਈ ਹੋਵੇਂ ਸਹਮੀ, ਡਰੀ ਹੋਈ। ਉਸ ਸਮੇਂ ਮੈਂ ਨੇਨਤਾਰਾ ਨੂੰ ਕਹਿਣ ਲੱਗਾ ਸਾਂ ਕਿ ਅਸੀਂ ਤੈਨੂੰ ਆਪਣੇ ਨਾਲ ਲੈ ਚਲੀਏ। ਪਰ ਰੁੱਕ ਗਿਆ। ਕਿਉਂ ਜੋ ਕਮਰੇ ਵਿਚ ਆਉਣ ਤੇ ਤੇਰੀਆ ਅੱਖਾਂ ਸਿਰਫ਼ ਡੈਨ ਦਾ ਪਿੱਛਾ ਕਰ ਰਹੀਆਂ ਸਨ।" ਰਾਧਿਕਾ ਨੂੰ ਇਹ ਸਭ ਕੁਝ ਸੁਣ ਕੇ ਚੰਗਾ ਲੱਗਾ। ਕਿੰਨੇ ਦਿਨਾਂ ਬਾਅਦ ਆਦਮੀ ਦੇ ਮੂੰਹੋ ਆਪਣੀ ਪ੍ਰਸ਼ੰਸ਼ਾ ਸੁਣ ਕੇ ਚੰਗਾ ਲੱਗਾ। ਨਾਲੇ ਚੌਕਸ ਵੀ ਸੀ। ਸ਼ਾਇਦ ਇਹ ਮਨੀਸ਼ ਦੇ ਚੇਟਕ ਦਾ ਇਕ ਅੰਗ ਹੋਵੇ, ਇਕ ਤਕਨੀਕ।

"ਅਤੇ ਹੁਣ ਤੈਨੂੰ ਵੇਖਦਾ ਹਾਂ ਤਾਂ ਇਕ ਹੋਰ ਸੱਜਣ ਨਾਲ ਚਿਮੜੇ ਨਜ਼ਰ ਆਉਂਦੇ ਹਨ। ਤੇਰੇ ਅਕਸ਼ੈ ਜੀ......।"

ਰਾਧਿਕਾ ਨੇ ਵਾਲਾਂ ਦੀ ਇਕ ਲਟ ਫਿਰ ਜੂੜੇ ਵਿਚ ਕਰ ਦਿੱਤੀ।

' ਅਕਸ਼ੈ ਦਾ ਮੈਂ ਬੜਾ ਸਤਿਕਾਰ ਕਰਦੀ ਹਾਂ।"

"ਪਰ ਸੁੱਖੀ ਵਿਆਹਤਾ ਜੀਵਨ ਲਈ ਆਦਰ ਕਾਫ਼ੀ ਨਹੀਂ ਹੈ, ਓਵੇਂ ਹੀ ਜਿਵੇਂ ਕਿ ਕੇਵਲ ਪਰਸਪਰ ਸਰੀਰਕ ਖਿੱਚ ਵੀ ਨਹੀਂ।"

"ਤੂੰ ਮੁੜ-ਮੁੜ ਵਿਆਹ ਦੀ ਗੱਲ ਕਿਉ ਛੇੜ ਲੈਂਦਾ ਹੈ ? ਮੈਂ ਅਜੇ ਵਿਆਹ ਕਰਨ ਦੇ ਮੂਡ ਵਿਚ ਨਹੀਂ ਹਾਂ।"

ਮਨੀਸ਼ ਨੇ ਰਾਧਿਕਾ ਦਾ ਹੱਥ ਫੜ ਲਿਆ ਅਤੇ ਸਹਿਜ ਭਾਵ ਨਾਲ ਕਿਹਾ, "ਮੂਡ ਆਵੇ ਤਾਂ ਦੱਸ ਦੇਣਾ।"

"ਕਿਉਂ ?" ਕੀ ਪੰਡਤ ਬਣੇਂਗਾ ? ਰਾਧਿਕਾ ਚਾਹੁੰਦੀ ਸੀ ਕਿ ਮਨੀਸ਼ ਹੱਥ ਛੱਡ ਦੇਵੇ ਅਤੇ ਉਸਨੂੰ ਖੁਦ ਨਾ ਹਟਾਉਣਾ ਪਵੇ।

"ਵੇਖ, ਤੇਰੀ ਸਾਰੀ ਦੁਪਹਿਰ ਖਰਾਬ ਕਰ ਦਿੱਤੀ, "ਮਨੀਸ਼ ਨੇ ਘੜੀ ਵੇਖੀ ਅਤੇ ਉੱਠ ਖਲੋਤਾ, "ਹੁਣ ਤਾਂ ਚਾਹ ਦਾ ਸਮਾਂ ਹੋ ਗਿਆ। ਚਲੇਂਗੀ ?"

"ਅੱਜ ਨਹੀਂ", ਫਿਰ ਕਦੀ।" ਰਾਧਿਕਾ ਵੀ ਉੱਠ ਖਲੋਤੀ, ਮਨੀਸ਼ ਨੇ ਕੋਟ ਪਾਇਆ, ਟਾਈ ਠੀਕ ਕੀਤੀ ਅਤੇ ਕਿਹਾ, "ਫਿਰ ਕਦੇ ਹੀ ਸਹੀ।"

ਰਾਧਿਕਾ ਉਸ ਨੂੰ ਹੇਠਾਂ ਤੱਕ ਛੱਡਣ ਆਈ, ਅਤੇ ਮਨੀਸ਼ ਦੇ ਜਾਣ ਤੋਂ ਬਾਅਦ ਦੇਰ ਤਕ ਖਲੋਤੀ ਸੜਕ ਨੂੰ ਤੱਕਦੀ ਰਹੀ। ਉਸ ਨੂੰ ਆਪਣਾ ਮਨ ਹੌਲਾ-ਹੌਲਾ ਜਿਹਾ ਲੱਗ ਰਿਹਾ ਸੀ। ਨਾਲ ਹੀ ਕਈ ਘੰਟਿਆਂ ਦੀ ਗੱਲਬਾਤ ਕਰਕੇ ਵੀ ਸਰੀਰ ਵਿਚ ਥਕੇਵਾਂ ਹੋਣ ਲੱਗਾ ਸੀ।

ਡਿਨਰ-ਪਾਰਟੀ ਵਿਚ ਜਦੋਂ ਅਗਲੀ ਵਾਰ ਰਾਧਿਕਾ ਦੀ ਮੁਲਾਕਾਤ ਮਨੀਸ਼ ਅਤੇ ਕਾਰਿਨ ਨਾਲ ਹੋਈ ਤਾਂ ਉਸ ਨੂੰ ਭਾਰਤ ਆਇਆ ਕਈ ਮਹੀਨੇ ਗੁਜ਼ਰ ਚੁੱਕੇ ਸਨ ਅਤੇ ਉਸ ਦੀ ਸਾਰੀ ਖਿਝ ਫਿੱਕੀ ਪੈ ਗਈ ਸੀ। ਕਦੀ- ਕਦੀ ਉਸ ਨੂੰ ਹੈਰਾਨੀ ਹੁੰਦੀ ਕਿ ਇੰਨੀ ਛੇਤੀ ਉਸ ਨੇ ਆਪਣੇ ਚਹੁੰ ਪਾਸਿਆਂ ਦਾ ਹਭ ਕੁੱਝ ਕਿਵੇਂ ਸਵੀਕਾਰ ਕਰ ਲਿਆ ? ਇਹ ਸੱਚ ਸੀ ਕਿ ਉਸ ਮਨਜ਼ੂਰੀ ਵਿਚ ਉਤਸ਼ਾਹ ਨਹੀਂ ਸੀ, ਬਲਕਿ ਇਕ ਨਿਰਾਸ਼ਾ ਭਾਵ ਹੀ ਮੁੱਖ ਸੀ। ਬੱਸਾਂ ਲਈ ਘੰਟਿਆਂ ਬੱਧੀ ਕਤਾਰ ਵਿਚ ਖਲੋਤੀ ਰਹਿੰਦੀ ਅਤੇ ਬੱਸ ਆਉਣ ਤੇ ਜੋ ਧੱਕਮ-ਧੱਕਾ, ਆਪਾਧਾਪੀ ਪੈ ਜਾਂਦੀ ਉਸ ਵਿਚ ਉਹ ਵੀ ਦੂਜਿਆਂ ਦੀਆਂ ਕੂਹਣੀਆਂ ਨਾਲ ਜ਼ਖਮੀ ਸਰੀਰ, ਖਿਲਰੇ ਵਾਲ, ਜੁੱਤੀਆਂ ਨਾਲ ਰਗੜ ਖਾ ਗਈਆਂ ਆਪਣੀਆਂ ਉੱਗਲੀਆਂ ਲੈ ਕੇ, ਬਸ ਦਾ ਸਟ੍ਰੈਪ ਫੜੀ ਲਮਕਦੀ ਹੋਈ ਸਫਰ ਕਰਦੀ। ਉਹ ਧੂੜ ਭਰੇ ਸ਼ੀਸੇ ਦੇ ਪਾਰ ਧੁੰਧਲੀਆਂ ਅੱਖਾਂ ਨਾਲ ਵੇਖਦੀ ਹੋਈ ਅਤੇ ਇਹ ਸਭ ਕੁੱਝ ਇਸ ਲਈ ਕਿ ਅਕਸ਼ੈ ਦੇ ਕਹਿਣ ਤੇ ਉਹ ਹਫ਼ਤੇ ਵਿਚ ਦੋ ਵਾਰ ਦੇਕੀ ਦੇ ਸ਼ਿਲਪ-ਕੇਂਦਰ ਵਿਚ ਚਲੀ ਜਾਂਦੀ ਅਤੇ ਵਿਦੇਸ਼ੀ ਰਸਾਲਿਆਂ ਤੋਂ ਬੁਣਾਈਆਂ ਪਾ-ਪਾ ਦੇਕੀ ਦੇ ਬੁਣਨ ਵਾਲਿਆਂ ਨੂੰ ਸਿਖਾਂਦੀ ਅਤੇ ਉਸਦੀ ਸਲਾਹ ਤੇ ਦੇਕੀ ਨੇ ਆਰਡਰ ਵੀ ਲੈਣੇ ਸ਼ੁਰੂ ਕਰ ਦਿੱਤੇ ਅਤੇ ਉਨ੍ਹਾਂ ਕੱਪੜਿਆਂ ਨੂੰ ਨਾਪ ਅਨੁਸਾਰ ਬਣਵਾਉਣ ਦਾ ਭਾਰ ਰਾਧਿਕਾ ਨੇ ਲੈ ਲਿਆ। ਰਾਧਿਕਾ ਦੀ ਸਹਾਇਤਾ ਲਈ ਦੇਕੀ ਧੰਨਵਾਦੀ ਸੀ, ਅਤੇ ਉਹ ਚਾਹੁੰਦੀ ਸੀ ਕਿ ਰੈਡੀਮੇਡ ਕੱਪੜਿਆਂ ਦੀ ਵੀ ਇਕ ਦੁਕਾਨ ਖੋਲ੍ਹ ਲਵੇ। ਪਰ ਰਾਧਿਕਾ ਦੇਕੀ ਦੇ

ਕੰਮਾਂ ਵਿਚ ਏਨੀ ਖਚਿਤ ਨਹੀਂ ਹੋਣਾ ਚਾਹੁੰਦੀ ਸੀ ਕਿ ਉਸ ਨੂੰ ਆਪਣੇ ਲਈ ਸਮਾਂ ਹੀ ਨਾ ਬਚੇ।

ਉਸ ਨੂੰ ਥੋੜ੍ਹੀ ਜਿਹੀ ਖੁਸ਼ੀ ਇਸ ਗੱਲ ਦੀ ਵੀ ਸੀ ਕਿ ਕਦੀ-ਕਦੀ ਅਨਿਲਾ ਵੀ ਉਸਦੇ ਨਾਲ ਚਲੀ ਜਾਂਦੀ ਅਤੇ ਨੀਨਾ ਨੇ ਇਸ ਦੌਰਾਨ ਇਹ ਸਮਝ ਲਿਆ ਸੀ ਕਿ ਰਾਜਿੰਦਰ ਕੁਮਾਰ ਦੀ ਹਰ ਇਕ ਫ਼ਿਲਮ, ਹਰ ਨਵੇਂ ਸਟਾਈਲ ਅਤੇ ਵਿਦੇਸ਼ ਤੋਂ ਆਈਆਂ ਚੀਜ਼ਾਂ ਦੇ ਪਰ੍ਹੇ ਵੀ ਜ਼ਿੰਦਗੀ ਦੇ ਹੋਰ ਮਿਆਰ ਹਨ। ਜਿਨ੍ਹਾਂ ਵਿਚ ਜ਼ਾਲਮਾ ਦੁਆਰਾ ਦੇਸ਼ ਨਿਕਾਲਾ ਦਿੱਤੇ ਲੋਕਾਂ ਦੀ ਪੀੜ ਹੈ। ਆਪਣੇ ਆਸ-ਪਾਸ ਦੇ ਜੀਵਨ ਦੀ ਬੇਚੈਨੀ ਅਤੇ ਮੁਸ਼ਕਲਾਂ ਹਨ।

ਉਦੋਂ ਵੀ ਰਾਧਿਕਾ ਵਿਚ ਇਕ ਬੇਹੱਦ ਉਖੜੇਵੇਂ ਨੇ ਪ੍ਰਵੇਸ਼ ਕਰ ਲਿਆ ਸੀ। ਅਕਸ਼ੈ ਨਾਲ ਮੁਲਾਕਾਤ ਹੁੰਦੀ ਰਹਿੰਦੀ, ਅਕਸਰ ਥੱਲੇ ਸ਼ੰਕਰ ਦੇ ਘਰ ਵੀ ਉਸ ਨੂੰ ਬੁਲਾਵਾ ਆਉਂਦਾ ਰਹਿੰਦਾ ਪਰ ਸਭ ਕੁੱਝ ਕਰਦਿਆਂ ਹੋਇਆਂ ਵੀ ਇਕ ਅਜੀਬ ਅਨਿਸਚਿਤਤਾ ਅਤੇ ਸਾਰਹੀਣਤਾ ਦੀ ਭਾਵਨਾ ਛਾਈ ਰਹਿੰਦੀ।

ਇੰਨੇ ਵਿਚ ਮਨੀਸ਼ ਦਾ ਫੋਨ ਪਾਕੇ ਉਹ ਇਕ ਮਿੱਠੀ ਹੈਰਾਨੀ ਵਿਚ ਪੈ ਗਈ। ਇਸ ਦੌਰਨ ਉਸਨੂੰ ਕੇਵਲ ਔਰੰਗਾਬਾਦ ਤੋਂ ਭੇਜਿਆ ਮਨੀਸ਼ ਦਾ ਕਾਰਡ ਮਿਲਿਆ ਸੀ। ਇਕ ਸਤਰ ਵਿਚ ਖੈਰ ਖੈਰੀਅਤ ਅਤੇ ਫਿਰ ਕਿੰਨੇ ਹਫਤੇ ਚੁੱਪ-ਚਾਪ। ਮਨੀਸ ਆਪਣੇ ਘਰ ਆਪਣੇ ਕੁਝ ਵਾਕਫਕਾਰਾਂ, ਕੁੱਝ ਵਪਾਰਕ ਮਿੱਤਰਾਂ ਨੂੰ ਪਾਰਟੀ ਦੇ ਰਿਹਾ ਸੀ-ਬਿੱਲਕੁਲ ਗੈਰ-ਰਸਮੀ ਤੌਰ ਤੇ। ਰਾਤ ਨੂੰ ਉਸਨੇ ਰਾਧਿਕਾ ਲਈ ਕਾਰ ਘੱਲੀ ਸੀ।

ਜਦੋਂ ਤਕ ਉਹ ਘਰ ਦੇ ਅੰਦਰ ਦਾਖਲ ਨਹੀਂ ਹੋਈ ਉਸਨੂੰ ਉਸਦੀ ਖੂਬਸਰਤੀ ਦਾ ਅਨੁਮਾਨ ਨਹੀਂ ਸੀ। ਬਾਹਰੋਂ ਬਹੁਤ ਬੜਾ ਲਾਅਨ ਸਾਫ-ਸੁਥਰੀ ਵਾੜ ਅਤੇ ਸੈਂਕੜੇ ਗਮਲੇ ਵਿਖਾਈ ਦਿੱਤੇ। ਜੋ ਕਾਰ ਉਸਨੂੰ ਲੈਣ ਗਈ ਸੀ,ਏਅਰ ਕੰਡੀਸ਼ਨਡ ਸੀ। ਅੰਦਰ ਜਾਂਦੇ ਹੀ ਗਲਿਆਰਾ ਪਾਰ ਕਰਕੇ, ਬਹੁਤ ਲੰਮਾ ਜਿਹਾ ਬਰਾਂਡਾ ਅਤੇ ਵਿਹੜਾ, ਫਿਰ ਲਾਅਨ ਅਤੇ ਕੇਲੇ ਦੇ ਝੁਰਮੁਟ। ਬਰਾਂਡੇ ਵਿਚ ਸਰਕੰਡਿਆਂ ਦਾ ਫਰਨੀਚਰ ਸੀ,ਜਿਸ ਉੱਤੇ ਕਾਫ਼ੀ ਬੰਦੇ ਅਧ ਲੇਟੇ ਅਧ-ਬੈਠੇ ਸਨ।

ਬਰਾਂਡੇ ਵਿਚ ਦੀਪ-ਅਧਾਰ ਵਿਚ ਕੁਝ ਦੀਪਕ ਜਗ ਰਹੇ ਸਨ ਅਤੇ ਕਾਫ਼ੀ ਸਾਰੀ ਚਾਨਣੀ ਇੱਥੋਂ ਉੱਥੇ ਤੱਕ ਬਿਖਰੀ ਹੋਈ ਸੀ। ਉਸ ਨੂੰ ਵੇਖਕੇ ਮਨੀਸ਼ ਉਠ ਕੇ ਖਲੋ ਗਿਆ ਅਤੇ ਕੋਲ ਆ ਕੇ ਉਸ ਦੇ ਦੋਵੇਂ ਹੱਥ ਬੜੇ ਅਪਣਤ ਨਾਲ ਫੜਦਿਆਂ ਹੋਇਆਂ ਕਿਹਾ, ਯੂ।" ਫਿਰ

ਉਸਦੀ ਜਾਣ ਪਛਾਣ ਕਰਵਾਈ ਅਤੇ ਉਸਨੂੰ ਦੂਜਿਆਂ ਬਾਰੇ ਵਾਕਫ਼ੀਅਤ ਦਿੱਤੀ "ਜੀਨ, ਨਿਸ਼ਾ, ਲਾਰੈਂਸ, ਮਾਰਕਸ, ਰੋਡਨੀ ਲਾਮ, ਪ੍ਰਵੀਨ, ਦਿਵਾਕਰ, ਹੈਲੇਨ, ਕੁਮਾਰ ਅਤੇ ਕ੍ਰਿਸ.......।"

ਰਾਧਿਕਾ ਨਮਸਕਾਰ ਕਰਕੇ ਇਕ ਖਾਲੀ ਪਏ ਮੂੜ੍ਹੇ ਤੇ ਬਹਿ ਗਈ।

"ਤੂੰ ਕਿਹੜਾ ਡ੍ਰਿੰਕ ਲਵੇਂਗੀ ?" ਮਨੀਸ਼ ਨੇ ਉਸ ਵੱਲ ਝੁਕਦਿਆਂ ਹੋਇਆਂ ਕਿਹਾ।

"ਬਾਕੀ ਸਾਰੇ ਕੀ ਲੈ ਰਹੇ ਹਨ ?"

"ਮੈਨ ਹੈਟਨ, ਮਾਰਟਿਨੀ, ਬਰਬਸ, ਸਕਾਚ-ਆਨ ਰਾਕਸ, ਮੈਂ ਬਲੱਡੀ ਮੇਰੀ ਪੀ ਰਿਹਾ ਹਾਂ।"

"ਤਾਂ ਮੈਂ ਵੀ ਉਹੀ ਲਵਾਂਗੀ" ਰਾਧਿਕਾ ਨੇ ਕਿਹਾ।

ਕੁੱਝ ਦੇਰ ਵਿਚ, ਵਰਦੀ ਪਾਈ ਇਕ ਬੈਰਾ ਉਸ ਨੂੰ ਆਦਰ ਪੂਰਬਕ ਇਕ ਗਲਾਸ ਦੇ ਗਿਆ। ਵੇਖਣ ਵਿਚ ਉਹ ਇਕ ਠੰਢਾ ਟਮਾਟਰ ਦਾ ਰਸ ਲੱਗਦਾ ਸੀ। ਰਾਧਿਕਾ ਨੇ ਇਕ ਘੁੱਟ ਪੀ ਕੇ ਵੇਖਿਆ ਕਿ ਉਸ ਵਿਚ ਕਾਫ਼ੀ ਮਾਤਰਾ ਵਿਚ ਬੋਦਕਾ ਵੀ ਹੋਵੇਗੀ ਅਤੇ ਗਲਾਸ ਫੜੀ ਗੱਲ-ਬਾਤ ਸੁਣਦੀ ਰਹੀ। ਸ਼ਾਇਦ ਲਾਰੈਂਸ-ਪਰਾਤਤਵ ਮਾਹਿਰ ਸੀ, ਉਹ ਰਾਜਸਥਾਨ ਵਿਚ ਕਈ ਮਹੀਨੇ ਬਾਅਦ ਖੁਦਾਈ ਦੀ ਥਾਂ ਤੋਂ ਮੁੜਿਆ ਸੀ। ਜੀਨ ਦਿਵਾਕਰ ਨਾਲ ਦੱਖਣ ਭਾਰਤ ਦੀ ਯਾਤਰਾ ਦਾ ਉਤਸ਼ਾਹ ਪੂਰਵਕ ਵਰਣਨ ਕਰ ਰਹੀ ਸੀ। ਰਾਧਿਕਾ ਕ੍ਰਿਸ ਨੂੰ ਵੇਖਣ ਲੱਗੀ। ਕ੍ਰਿਸ ਯਾਨੀ ਕ੍ਰਿਸ਼ਨਾ-ਉਸ ਨੇ ਸਿਲਕ ਦੀ ਲੰਮੀ ਚੋਗੇ ਨੁਮਾ ਪੱਛਮੀ ਪੁਸ਼ਾਕ ਪਾਈ ਹੋਈ ਸੀ। ਉੱਚੇ ਗਲੇ ਉੱਤੇ ਤਾਰ ਦਾ ਕੰਮ, ਛੋਟੇ ਵਾਲ, ਪਰ ਭਾਰਤੀ ਰੰਗ ਤੇ ਚਿਹਰਾ ਕਿਤੇ ਨਹੀਂ ਛਿਪਦਾ। ਉਹ ਆਪਣੇ ਕੋਲ ਬੈਠੇ ਇਕ ਨੌਜੁਆਨ ਨਾਲ ਪੱਕੀ ਬੋਸਟਨ ਦੀ ਉਚਾਰਣ ਪ੍ਰਣਾਲੀ ਵਿਚ ਗੱਲਬਾਤ ਕਰ ਰਹੀ ਸੀ,..... ਤਾਂ ਪ੍ਰਵਿਨ ਦੇ ਬਾਸ ਨੇ ਮੈਨੂੰ ਪੁੱਛਿਆ ਕਿ ਮੈਂ ਕੀ ਲਵਾਂਗੀ, ਤਾਂ ਮੈਂ ਕਿਹਾ ਰਾਇ, ਉਸਨੇ ਪੁੱਛਿਆ ਸੋਡੇ ਨਾਲ, ਮੈਂ ਕਿਹਾ ਕਿ ਨਹੀਂ। ਕੇਵਲ ਰਾਇ, ਥੋੜ੍ਹੀ ਜਿਹੀ ਬਰਫ਼ ਨਾਲ। ਤਾਂ ਪ੍ਰਵਿਨ ਦੇ ਬਾਸ ਨੇ ਕਿਹਾ, ਪ੍ਰੈਵਿਨ, ਤੇਰੀ ਘਰ ਵਾਲੀ ਏਨੀ ਜ਼ਬਰਦਸਤ ਡਰਿੰਕਰ ਹੈ, ਇਹ ਮੈਨੂੰ ਪਤਾ ਨਹੀਂ ਸੀ, ਹੁਣ ਤਾਂ ਮੈਨੂੰ ਤੇਰੀ ਤਨਖ਼ਾਹ ਵਧਾਉਣੀ ਪਵੇਗੀ।" ਕਹਿ ਕੇ ਉਸਨੇ ਇਕ ਹਿਕਾਰਤ ਭਰੇ ਦ੍ਰਿਸ਼ਟੀ ਨਿਸ਼ਾ ਦੇ ਗਲਾਸ ਉੱਤੇ ਫੇਰੀ ਜੋ ਕਿ ਸਪੱਸ਼ਟ ਹੀ ਕੋਕਾ ਕੋਲਾ ਪੀ ਰਹੀ ਸੀ।

ਥੋੜ੍ਹੀ ਦੇਰ ਵਿਚ ਕਾਰਿਨ ਅੰਦਰੋਂ ਆ ਗਈ। ਉਨ੍ਹੇ ਇਨ ਬਾਤਕ ਪ੍ਰਿੰਟ ਦੀ ਡਰੈਸ ਪਾਈ ਹੋਈ ਸੀ। ਰੰਗ ਉਸ ਹਨ੍ਹੇਰੇ ਵਿਚ ਗੁਆਚੇ-ਗੁਆਚੇ, ਰਲੇ-ਮਿਲੇ ਜਿਹੇ। ਉਹ ਰਾਧਿਕਾ ਨੂੰ ਵੇਖਕੇ ਮੁਸਕਰਾਈ ਅਤੇ ਕੋਲ ਆਕੇ ਖਲ੍ਹੋ ਗਈ।

"ਹਿੰਦੁਸਤਾਨੀ ਨੌਕਰ ਵੀ ਕਿੰਨੇ ਲੀਚੱੜ ਹੁੰਦੇ ਹਨ। ਮੈਂ ਕਦੋਂ ਦੀ ਸਿਰ ਖਪਾ ਰਹੀ ਹਾਂ ਅਤੇ ਭੋਜਨ ਹੁਣ ਵੀ ਤਿਆਰ ਨਹੀਂ ਹੈ। ਤੇਰਾ ਵੀ ਇਹ ਅਨੁਭਵ ਹੈ ?"

"ਪਤਾ ਨਹੀਂ। ਮੇਰੇ ਸਾਹਮਣੇ ਤਾਂ ਕਦੇ ਅਜਿਹੀ ਸਮੱਸਿਆ ਨਹੀਂ ਆਈ' ਰਾਧਿਕਾ ਨੇ ਕਿਹਾ।

"ਸ਼ਾਇਦ ਮੈਨੂੰ ਅਨੁਭਵਹੀਣ ਸਮਝਕੇ ਤੰਗ ਕਰਦੇ ਹੋਣਗੇ," ਕਾਰਿਨ ਨੇ ਲੰਮਾ ਸਾਹ ਲੈ ਕੇ ਕਿਹਾ।

ਕਾਰਿਨ ਦੇ ਵਰਤਾਓ ਤੋਂ ਇਸ ਘਰ ਦੀ ਮਾਲਕੀ ਝਲਕ ਰਹੀ ਸੀ। ਕਾਰਿਨ ਰਾਧਿਕਾ ਨਾਲ ਗੱਲ ਕਰਦੀ ਹੋਈ ਵਾਰ-ਵਾਰ ਉਸ ਪਾਸੇ ਵੇਖ ਲੈਂਦੀ ਜਿੱਥੇ ਮਨੀਸ਼ ਜੀਨ ਨਾਲ ਗੱਲਾਂ ਕਰ ਰਿਹਾ ਸੀ।

ਉਨ੍ਹਾਂ ਧੀਮੀਆਂ ਆਵਾਜ਼ਾਂ ਦੇ ਸਮੂਹ ਵਿਚ ਘਿਰੀ ਆਪਣੇ ਵਿਚ ਲੀਨ ਰਾਧਿਕਾ ਸਫੈਦ ਸਾੜੀ ਵਿਚ, ਜਿਸ ਉੱਤੇ ਨਿੱਕੀਆਂ-ਨਿੱਕੀਆਂ ਗੁਲਾਬੀ ਬੂਟੀਆਂ ਦੀ ਕਢਾਈ ਕੀਤੀ ਹੋਈ ਸੀ, ਹੱਥ ਵਿਚ ਫੜੇ ਕਾਂਜੀ ਦੇ ਗਿਲਾਸ ਦੀ ਨਮੀ ਅਤੇ ਠੰਢਕ ਅਨੁਭਵ ਕਰਦੀ ਹੋਈ, ਅਤੇ ਜੋ ਕੁੱਝ ਪੀੜ ਦਰਦ, ਅਨੁਭਵਾਂ ਦਾ ਨਿਚੋੜ ਹਰ ਸਮੇਂ ਉਸ ਨੂੰ ਸੱਲਦਾ ਰਹਿੰਦਾ ਸੀ ਉਸਦੀ ਜ਼ਰਾ ਜਿੰਨਾ ਵੀ ਝਲਕ ਮੂੰਹ ਤੇ ਨਾ ਲਿਆਉਂਦੀ ਹੋਈ ਰਾਧਿਕਾ ਕਾਰਿਨ ਨੂੰ ਵੇਖ ਰਹੀ ਸੀ, ਜੀਨ, ਲਾਰੈਂਸ ਨੂੰ, ਉਹ ਉਨ੍ਹਾਂ ਦੇ ਦੇਸ਼ ਵਿਚ ਰਹਿ ਚੁੱਕੀ ਸੀ, ਪਰ ਉਹ ਉਸ ਦਾ ਹਿੱਸਾ ਕਦੀ ਨਾ ਬਣ ਸਕੇਗੀ, ਇਹ ਗਿਆਨ ਜਦੋਂ ਉਸ ਨੂੰ ਹੋਇਆ ਸੀ, ਉਹ ਉਸ ਪ੍ਰੀਤ-ਰੱਸੀ ਨੂੰ ਕਟ ਸੁਟਣ ਲਈ ਤੜਪ ਪਈ ਸੀ

ਅਤੇ ਹੁਣ ਇਹ ਉਸਦਾ ਆਪਣਾ ਦੇਸ਼ ਸੀ, ਪਰ ਕਿੱਥੇ ਸਨ ਉਹ ਲੋਕ ਕੀ ਮਨੀਸ਼, ਪ੍ਰਵੀਨ, ਕ੍ਰਿਸ਼ ਅਤੇ ਉਹ ਖ਼ੁਦ, ਕਿਸੇ ਵੀ ਪ੍ਰਕਾਰ ਆਪਣੇ ਦੇਸ਼ ਦੀ ਨੁਮਾਇੰਦਗੀ ਕਰਦੇ ਸਨ ? ਰਾਧਿਕਾ ਨੂੰ ਲੱਗਿਆ ਜਿਵੇਂ ਉਹ ਪੁਤਲੇ ਹਨ ਅਤੇ ਇਕ ਖਾਸ ਕਿਸਮ ਦਾ ਵਰਤਾਓ ਕਰਨ ਦੇ ਆਦੀ ਹੋ ਗਏ ਹਨ। ਚਿਹਰੇ ਉੱਤੇ ਵੱਡਪਣ ਦਾ ਇਕ ਮੁਖੌਟਾ ਪਾਈ, ਜੀਵਨ ਤੋਂ ਤੰਗ, ਅਸੰਤੁਸ਼ਟ, ਇਕ ਬੈਚੈਨੀ ਮਨ ਵਿਚ ਸਮੋਇਆਂ ਹੋਇਆ ਜੇ ਪਤਾ ਨਹੀਂ ਕਿੱਥੇ-ਕਿੱਥੇ ਲੈ ਜਾਂਦੀ

ਹੈ, ਕਾਰਿਨ ਦੀਆਂ ਬਾਹਵਾਂ ਵਿਚ, ਰਾਈ ਦੇ ਗਿਲਾਸ ਵਿਚ ....ਤੇ..... ਅਕਸ਼ੈ ਦੀ ਹਾਜ਼ਰੀ ਦੀ ਸੁਰੱਖਿਅਤ ਭਾਵਨਾ ਵਿਚ।

ਰਾਧਿਕਾ ਦੇ ਮਨ ਨੂੰ ਇਸ ਬਾਰੇ ਸੰਤੋਖ ਹੀ ਹੋਇਆ ਕਿ ਮਨੀਸ਼ ਨੇ ਅਕਸ਼ੈ ਨੂੰ ਨਾਲ ਲਿਆਉਣ ਲਈ ਨਹੀਂ ਕਿਹਾ। ਅਕਸ਼ੈ ਇਕ ਵਿਦੇਸ਼ੀ ਫ਼ਰਮ ਵਿਚ ਉੱਚ ਕਰਮਚਾਰੀ ਹੈ, ਪਰ ਦਿਲੋਂ ਉਹ ਉਨ੍ਹਾਂ ਹੀ ਭਾਰਤੀ ਹੈ ਜਿਨਾਂ ਕਿ ਰਸ-ਖੀਰ ਜਾਂ ਹੌਲੀ ਤੇ ਕੱਪੜਿਆ ਉੱਤੇ ਪਿਆ ਰੰਗ, ਜਾਂ ਪਾਠ ਦਾ ਬੀੜਾ। ਅਕਸ਼ੈ ਭਲਾ ਹੈ। ਉਸਦੀ ਗਲਵਕੜੀ ਵਿਚ ਨਸ਼ੀਲਾ ਰੋਮਾਂਚ ਭਾਵੇਂ ਨਾ ਹੀ ਹੋਵੇ ਪਰ ਉਹ ਪਤਨੀ ਨੂੰ ਹਰ ਪ੍ਰਕਾਰ ਦੀ ਸੁੱਖ ਸਹੂਲਤ ਦੇਵੇਗਾ, ਉਹ ਬੱਚਿਆਂ ਲਈ ਨਿਸ਼ਕਾਮ ਚੰਗਾ ਪਿਤਾ ਬਣੇਗਾ। ਮਨੀਸ਼ ਵਾਂਗ ਨਹੀਂ ਕਿ- ਰਾਧਿਕਾ ਨੂੰ ਫਿਰ ਵਿਜੈ ਦਾ ਸੁੱਕਾ ਉਦਾਸ ਚਿਹਰਾ ਯਾਦ ਆ ਗਿਆ। ਵਿਜੈ ਜੋ ਮਨੀਸ਼ ਦੇ ਪਿੱਛੇ ਭਾਰਤ ਤੋਂ ਭਜੀ ਗਈ ਸੀ ਅਤੇ ਮਨੀਸ਼ ਨੇ ਸ਼ਾਂਤ ਢੰਗ ਨਾਲ ਕਹਿ ਦਿੱਤਾ ਸੀ, "ਵਿਜੈ ਦੇ ਪ੍ਰਤੀ ਜੋ ਕੁਝ ਸੀ, ਉਹ ਮੇਰੇ ਅੰਦਰ ਮੁੱਕ ਗਿਆ ਹੈ।" ਅਤੇ ਹੁਣ ਕਾਰਿਨ, ਉਹ ਕਿੰਨੇ ਦਿਨ ਮਨੀਸ਼ ਨੂੰ ਬੰਨ੍ਹ ਕੇ ਰੱਖ ਸਕੇਗੀ।

"ਬੜੀ ਚੁੱਪ-ਚਾਪ ਏਂ ਰਾਧਿਕਾ," ਮਨੀਸ਼ ਨੇ ਕੋਲ ਜਾ ਕੇ ਕਾਰਿਨ ਦੇ ਮੋਢੇ ਉੱਤੇ ਹੱਥ ਰੱਖਦਿਆਂ ਹੋਇਆਂ ਕਿਹਾ।

ਮਨੀਸ਼ ਦੇ ਕੋਲ ਹੋਣ ਤੇ ਉਸ ਦੀ ਹੋਂਦ ਦਾ ਇੰਜ ਹੀ ਅਹਿਸਾਸ ਹੁੰਦਾ ਜਿਵੇਂ ਕਿ ਕਦੀ ਉਤੇਜਤ ਅਵਸਥਾ ਵਿਚ ਆਪਣੇ ਦਿਲ ਧੜਕਣ ਦਾ। ਮਨੀਸ਼ ਵਿਚ ਕੋਈ ਸਰੀਰਕ ਖਿੱਚ ਹੀ ਨਹੀਂ ਹੈ। ਜਦੋਂ ਉਸਦੇ ਚਿਹਰੇ ਉੱਤੇ ਸੰਜੀਦਗੀ-ਰਹਿਤ ਮੁਸਕਾਨ ਰਹਿੰਦੀ ਹੈ, ਜਦੋਂ ਵੀ ਸ਼ਾਇਦ ਦਿਮਾਗ ਵਿਚ ਇਕ ਛੋਟੀ ਜਿਹੀ ਮਸ਼ੀਨ ਟਿਕ-ਟਿਕ ਕਰਿਆ ਕਰਦੀ ਹੈ, ਜਿਹੜੀ ਆਸ-ਪਾਸ ਦੇ ਲੋਕਾਂ ਨੂੰ ਪਰਖਿਆ ਕਰਦੀ ਹੈ। ਉਹ ਇਕ ਅਮਰੀਕਨ ਯੂਨੀਵਰਸਿਟੀ ਵਿਚ ਐਸੋਸੀਏਟ ਪ੍ਰੋਫ਼ੈਸਰ ਐਵੇਂ ਹੀ ਤਾਂ ਨਹੀਂ ਬਣ ਗਏ, ਨਾ ਇਸ ਆਰਟ-ਇੰਨਸਟੀਚੂਟ ਦੇ ਡਾਇਰੈਕਟਰ। ਗੰਭੀਰ ਪਲਾਂ ਵਿਚ ਮਨੀਸ਼ ਕੀ ਹੋਵੇਗਾ, ਇਹ ਜਾਣਨ ਦੀ ਜਗਿਆਸਾ ਰਾਧਿਕਾ ਦੇ ਮਨ ਵਿਚ ਜਾਗ ਪਈ। ਮਨੀਸ਼ ਨੂੰ ਉਸਨੇ ਹੁਣ ਤੱਕ ਇਕ ਪਾਰਟੀਮੈਨ ਵਾਂਗ ਹੀ ਜਾਣਿਆ ਹੈ, ਇਸ ਖਾਸ ਮੁਖੌਟੇ ਵਿਚ ਉਸਦੇ ਉਹਲੇ ਦਾ ਮਨੀਸ਼।

ਰਾਧਿਕਾ ਆਪਣੇ ਆਪ ਉੱਤੇ ਖਿਝ ਪਈ ਵਿਹਲਾ ਮਨ ਦੂਜਿਆਂ ਬਾਰੇ ਬਹੁਤ ਸੋਚਦਾ ਹੈ। ਕੁਝ ਦੇਰ ਬਾਅਦ ਦਿਵਾਕਰ ਉੱਠਕੇ ਉਸਦੇ ਕੋਲ ਆ ਬੈਠਿਆ। ਮਨੀਸ਼ ਨੂੰ ਉਸਨੇ ਕਿਹਾ, "ਹੁਣ ਮੈਂ ਇਨ੍ਹਾਂ ਨਾਲ ਗੱਲਾਂ ਕਰਾਂਗਾ।'

"ਖੁਸ਼ੀ ਨਾਲ, ਮਨੀਸ਼ ਮੁਸਕਰਾਇਆ, ਪਰ ਦਿਵਾਕਰ ਤੋਂ ਸਾਵਧਾਨ ਰਹਿਣਾ ਰਾਧਿਕਾ, ਇਹ ਅਸੰਤੁਸ਼ਟ ਭਾਰਤੀ ਸੰਘ ਦੇ ਪ੍ਰਧਾਨ ਹਨ।"

"ਇਹ ਮਨੀਸ਼ ਬਹੁਤ ਹੀ ਪੱਥਰ ਦਿਲ ਹੋ ਗਿਆ ਹੈ।" ਦਿਵਾਕਰ ਨੇ ਕਿਹਾ, "ਇਸਨੂੰ ਆਪਣੇ ਦੇਸ਼ ਵਾਸੀਆਂ ਨਾਲ ਜ਼ਰਾ ਜਿੰਨੀ ਵੀ ਹਮਦਰਦੀ ਨਹੀਂ ਹੈ। ਇਸ ਦੀ ਠਾਠ-ਬਾਠ ਵੇਖ ਰਹੀ ਏਂ। ਮੈਂ ਹੁੰਦਾ ਤਾਂ ਸ਼ਰਮ ਨਾਲ ਡੁੱਬ ਜਾਂਦਾ। ਗੱਲ ਹਾਸੇ ਵਿਚ ਕਹੀ ਗਈ, ਉਸੇ ਤਰ੍ਹਾਂ ਲਈ ਗਿਆ।"

"ਜਦੋਂ ਦਿਵਾਕਰ ਆਪਣਾ ਦੁੱਖੜਾ ਰੋਣ ਲੱਗੇ ਤਾਂ ਬੈਰੇ ਨੂੰ ਬੁਲਾ ਕੇ ਇਸਦਾ ਗਿਲਾਸ ਫਿਰ ਭਰਵਾ ਦੇਈ" ਚਲਦਾ-ਚਲਦਾ ਮਨੀਸ਼ ਕਹਿ ਗਿਆ।

ਦਿਵਾਕਰ ਥੋੜ੍ਹੀ ਦੇਰ ਉਸਨੂੰ ਸਿੱਧੀ ਨਜ਼ਰ ਨਾਲ ਵੇਖਦਾ ਰਿਹਾ। ਫਿਰ ਪੁੱਛਿਆ,"ਤੁਸੀਂ ਮਨੀਸ਼ ਦੇ ਕੰਮ ਨਾਲ ਸੰਬੰਧਿਤ ਹੋ ?"

"ਜੀ ਨਹੀਂ, ਰਾਧਿਕਾ ਨੇ ਸੰਖੇਪ ਵਿਚ ਕਿਹਾ। ' ਅਤੇ ਤੁਸੀ ?

"ਇਕ ਡਿਗਰੀ ਕਾਲਜ ਵਿਚ ਲੈਕਚਰਾਰ ਹਾਂ। ਮੈਕਗਿਲ ਯੂਨੀਵਰਸਿਟੀ ਤੋਂ ਮੈਂ ਫਿਜਿਕਸ ਵਿਚ ਡਾਕਟਰੇਟ ਲਈ ਹੈ।"

ਰਾਧਿਕਾ ਨੇ ਅੱਗੇ ਨਹੀਂ ਪੁੱਛਿਆ। ਸਪੱਸ਼ਟ ਹੈ ਕਿ ਦਿਵਾਕਰ ਤਿੰਨ ਸਾਢੇ ਤਿੰਨ ਸਾਲ ਦੀ ਦੀ ਸਖ਼ਤ ਮਿਹਨਤ ਤੋਂ ਬਾਅਦ ਪਰਤਿਆ ਹੋਵੇਗਾ, ਅਤੇ ਕਾਲਜ ਸ਼ਾਇਦ ਉੱਚਾ ਆਹੁੱਦਾ ਦੇਣ ਦੀ ਥਾਂ ਸਾਲਨਾ ਤੱਰਕੀ ਵੀ ਨਹੀਂ ਦੇ ਸਕਿਆ ਹੋਵੇਗਾ।

"ਮੇਰੀ ਬੀਵੀ ਕਹਿੰਦੀ ਹੈ ਕਿ ਸਾਨੂੰ ਆਪਣੇ ਦੇਸ਼ ਲਈ ਤਿਆਗ ਕਰਨਾ ਚਾਹੀਦਾ ਹੈ। ਸਾਨੂੰ ਆਪਣੇ ਦੇਸ਼ ਵਿਚ ਹੀ ਰਹਿਣਾ ਚਾਹੀਦਾ ਹੈ, ਆਪਣੇ ਬੱਚਿਆਂ ਦਾ ਭਵਿੱਖ ਵੇਖਣਾ ਚਾਹੀਦਾ ਹੈ। ਮੇਰਾ ਕਨੇਡੀਅਨ ਪ੍ਰੋਫੈਸਰ ਮੈਨੂੰ ਕਈ ਚਿੱਠੀਆਂ ਲਿਖ ਚੁੱਕਿਆ ਹੈ। ਪਰ ਮੇਰੀ ਬੀਵੀ ਕਹਿੰਦੀ ਹੈ ਕਿ ਮੈਨੂੰ ਇੱਥੇ ਹੀ ਰਹਿਣਾ ਚਾਹੀਦਾ ਹੈ। ਬਹੁਤ ਸਿੱਧੀ ਸਾਦੀ, ਉਹ ਬਹੁਤ ਪਿਆਰੀ ਜਿਹੀ ਇਸਤਰੀ ਹੈ। ਪਰ ਮੈਂ ਪੁੱਛਦਾ ਹਾਂ ਕਿ ਮੇਰੇ ਵਿਚ ਮੇਰੇ ਲਈ ਕੀ ਹੈ ? ਮੇਰੇ ਕਾਲਜ ਵਿਚ ਮੇਰੇ ਅਗਲੇਰੇ ਕੰਮ ਦੇ ਲਾਇਕ ਲੈਬ ਨਹੀਂ ਹੈ, ਮੇਰੇ ਬੱਚਿਆਂ ਨੂੰ ਚੰਗੇ ਸਕੂਲ ਵਿਚ ਦਾਖਲਾ ਨਹੀਂ ਮਿਲ ਰਿਹਾ ਹੈ। ਇਕ ਸਕੂਟਰ ਖਰੀਦਣ ਲਈ ਮੈਨੂੰ ਸਾਲਾਂ ਬੱਧੀ ਉਡੀਕ ਕਰਨੀ ਪੈ ਰਹੀ ਹੈ, ਮੇਰੀ ਤਨਖਾਹ ਇੰਨੀ ਨਹੀਂ ਕਿ ਮੈਂ ਕਦੀ ਚਾਰ ਮਿੱਤਰਾਂ ਨੂੰ ਬੁਲਾਕੇ ਉਨ੍ਹਾਂ

ਨੂੰ ਚੰਗੀ ਸ਼ਰਾਬ ਪਿਆ ਸਕਾਂ, ਜਾਂ ਇਕ ਨੌਕਰ ਰੱਖ ਸਕਾਂ ਜਿਸ ਨਾਲ ਘੱਟ ਤੋਂ ਘੱਟ ਮੈਨੂੰ ਦੁੱਧ ਲੈਣ ਲਈ ਲਾਈਨ ਵਿਚ ਨਾ ਖੜਨਾ ਪਵੇ। ਇਸ ਦੇ ਉਲਟ ਮਨੀਸ਼ ਨੂੰ ਵੇਖੋ, ਜਾਂ ਉੱਧਰ ਵੇਖੋ, ਪ੍ਰਵੀਨ ਅਤੇ ਕ੍ਰਿਸ ਨੂੰ ਅਤੇ ਮੇਰੀ ਪਤਨੀ ਕਹਿੰਦੀ ਹੈ......."

ਕਾਰਿਨ ਨੇੜੇ ਆ ਕੇ ਖਲ੍ਹੋ ਗਈ।" ਚਲੋ ਰਾਧਿਕਾ ਤੈਨੂੰ ਘਰ ਵਿਖਾ ਦੇਵਾਂ। ਤੂੰ ਵੀ ਆ ਦਿਵਾਕਰ......."

ਰਾਧਿਕਾ ਦੁਚਿੱਤੀ ਵਿਚ ਪਈ ਉੱਠ ਖਲੋਤੀ, ਦਿਵਾਕਰ ਨੇ ਮੈਲੀ ਮੁਸਕਾਨ ਛੱਡੀ, ਫਿਰ ਹੱਥ ਨਾਲ ਸੰਕੇਤ ਕਰਦਿਆਂ ਬੋਲਿਆ, "ਜਾਓ, ਮਨੀਸ਼ ਦਾ ਘਰ ਵੇਖ ਲਓ।" ਅਤੇ ਅੱਖਾਂ ਮੀਟ ਲਈਆਂ।

ਵੱਡੇ-ਵੱਡੇ ਸੋਲਾਂ ਕਮਰਿਆ ਵਿਚੋਂ ਤਿੰਨਾਂ ਵਿਚ ਮਨੀਸ਼ ਨੇ ਦਫ਼ਤਰ ਬਣਾ ਲਿਆ। ਤਿੰਨ ਆਉਣ ਜਾਣ ਵਾਲਿਆਂ ਵਾਸਤੇ ਮਹਿਮਾਨ ਘਰ ਲਈ ਸਨ, ਫਿਰ ਵੀ ਉੱਤੇ ਥੱਲੇ ਕਾਫੀ ਥਾਂ ਸੀ ਅਤੇ ਰਾਧਿਕਾ ਰੁਚੀ ਨਾ ਹੁੰਦਿਆਂ ਵੀ ਸ਼ਿਸਟਾਚਾਰ ਵਸ ਕਾਰਿਨ ਦੇ ਨਾਲ-ਨਾਲ ਚਲਦੀ ਗਈ। ਜਦ ਤੱਕ ਉਹ ਦੋਵੇਂ ਵਾਪਸ ਆਈਆਂ, ਲੋਕ ਭੋਜਨ ਦੇ ਕਮਰੇ ਵੱਲ ਜਾਣ ਲੱਗ ਪਏ ਸਨ।

ਭੋਜਨ ਦੀ ਮੇਜ਼ ਉੱਤੇ ਰਾਧਿਕਾ ਨੇ ਆਪਣੇ ਸੱਜੇ ਪਾਸੇ ਇਕ ਅਮਰੀਕੀ ਨੌਜਵਾਨ ਨੂੰ ਦੇਖਿਆ ਅਤੇ ਖੱਬੇ ਪਾਸੇ ਪ੍ਰਵੀਨ ਨੂੰ। ਨਵੀਂ ਜਾਣ-ਪਛਾਣ ਦੀਆਂ ਰਸਮੀ ਗੱਲਾਂ ਤੋਂ ਰਾਧਿਕਾ ਨੂੰ ਬੜਾ ਅਕੇਵਾਂ ਹੁੰਦਾ ਸੀ। ਪਰ ਅਜਿਹੇ ਅਵਸਰਾਂ ਤੇ ਸ਼ਿਸ਼ਟਾਚਾਰ ਤਾਂ ਵਰਤਣਾ ਹੀ ਪੈਂਦਾ ਹੈ।

ਸਲਾਦ ਦਾ ਪਿਆਲਾ ਹੱਥ ਵਿਚ ਫੜੀ ਜਿਸ ਨਾਲ ਰਾਧਿਕਾ ਨੂੰ ਆਪਣੀ ਪਲੇਟ ਵਿਚ ਸਲਾਦ ਲੈਣ ਵਿਚ ਸਹੂਲਤ ਹੋਵੇ, ਉਸ ਨੌਜਵਾਨ ਨੇ ਕਿਹਾ, ਮੈਂ ਰੌਡਨੀ ਹਾਂ, ਰੌਡਨੀ ਮੂਰ ! ਇਥੇ ਫੁੱਲ ਬ੍ਰਾਈਟ ਤੇ ਆਇਆ ਹੋਇਆ ਹਾਂ।"

ਲਾਲ ਟਮਾਟਰ ਦੇ ਦੋ ਛੋਟੇ ਟੁਕੜੇ, ਇਕ ਲੰਮੀ ਛਿੱਲੀ ਹੋਈ ਮੂਲੀ ਦਾ ਟੁਕੜਾ ਅਤੇ ਇਕ ਹਰੀ ਮਿਰਚ ਪਲੇਟ ਵਿਚ ਲੈਂਦਿਆਂ ਹੋਇਆਂ ਰਾਧਿਕਾ ਨੇ ਕਿਹਾ, "ਮੇਰਾ ਨਾਂ ਰਾਧਿਕਾ। ਮੈਂ ਕੁੱਝ ਵਰ੍ਹਿਆਂ ਤੱਕ ਤੁਹਾਡੇ ਦੇਸ਼ ਵਿਚ ਸਾਂ। ਅਜੇ ਕੁਝ ਮਹੀਨੇ ਹੋਏ ਮੈਂ ਵਾਪਿਸ ਆਈ ਹਾਂ।"

ਸਲਾਦ ਦੇ ਪਿਆਲੇ ਵਿਚੋਂ ਲੈਣ ਲਈ ਰਾਧਿਕਾ ਨੇ ਹੱਥ ਵਧਾਇਆ, ਕੁਝ ਛਿੰਨ ਦੋਨਾਂ ਦੀਆਂ ਉਂਗਲੀਆਂ ਛੂੰਹਦੀਆਂ ਰਹੀਆਂ, ਕੋਈ ਲਹਿਰ, ਰੋਮਾਂਚ ਨਹੀਂ ਜਿਵੇਂ ਕਿ ਉਹ

ਦੂਜੀਆਂ ਉਂਗਲੀਆਂ ਪਲੈਸਟੀਸੀਨ ਦੀਆਂ ਹੋਣ, ਫਿਰ ਪਿਆਲਾ ਰਾਧਿਕਾ ਨੇ ਆਪਣੇ ਦੂਜੇ ਪਾਸੇ ਬੈਠੇ ਪ੍ਰਵੀਨ ਨੂੰ ਫੜਾ ਦਿੱਤਾ।

ਰੌਡਨੀ ਨੇ ਪੁੱਛਿਆ, "ਤੁਹਾਨੂੰ ਕਿਹੋ ਜਿਹਾ ਲੱਗਾ ਸਾਡਾ ਦੇਸ਼ ?" ਉਹੀ ਘਿਸਿਆ ਪਿਟਿਆ ਸਵਾਲ। ਸ਼ਿਸ਼ਟਾਚਾਰ ਦਾ ਤਕਾਜ਼ਾ ਸੀ ਕਿ ਇਕ ਸਾਹ ਨਾਲ ਕਿਹਾ ਜਾਂਦਾ, "ਆਈ ਲਵਡ ਇਟ"। ਪਰ ਅਜਿਹੇ ਅਵਸਰ ਤੇ ਵੀ ਰਾਧਿਕਾ ਝਿਜਕ ਜਾਂਦੀ ਸੀ, ਇਸ ਲਈ ਉਸ ਨੇ ਬੜੀ ਸਾਦਗੀ ਨਾਲ ਕਿਹਾ, "ਬਹੁਤ ਸੁੰਦਰ ਪ੍ਰਦੇਸ਼ ਹੈ।" ਇਹ ਕਹਿੰਦਿਆਂ ਹੋਇਆਂ ਉਸਦੇ ਸਾਹਮਣੇ ਉਤਰੀ ਅਮਰੀਕਾ ਦਾ ਇਕ ਨਜ਼ਾਰਾ, ਫਿਲਮ ਵਾਂਗ ਝਟ ਘੁੰਮ ਗਿਆ-ਕੈਲੀਫੋਰਨੀਆ ਦਾ ਸਮੁੰਦਰੀ ਕਿਨਾਰਾ, ਕੋਲੋਂ ਰੈਡੋ ਦੇ ਪਹਾੜ, ਨਦੀਆਂ ਹਰੇ ਭਰੇ ਖੇਤ, ਫੁੱਲ, ਪਤਝੜ ਦੇ ਰੁੱਖ, ਲਾਲ, ਪੀਲੇ, ਨਾਰੰਗੀ ਪੱਤਿਆਂ ਦੀ ਬਰਸਾਤ ਤੇ ਸਨੋ-ਫਾਲ।

ਰੌਡਨੀ ਮੁਸਕਰਾਇਆ।

"ਅਤੇ ਆਪਨੂੰ ਕਿਹੋ ਜਿਹਾ ਲੱਗਾ ਸਾਡਾ ਮੁਲਕ", ਰਾਧਿਕਾ ਨੇ ਪੁੱਛਿਆ।

ਰੌਡਨੀ ਉੱਤਰ ਦੇਣ ਤੋਂ ਪਹਿਲਾਂ ਕੁਝ ਰੁਕਿਆ। "ਬਹੁਤ ਰੋਚਕ, ਬਹੁਤ ਰੋਚਕ।"

ਅਮਰੀਕਨ ਹਮੇਸ਼ਾਂ ਅਜਿਹਾ ਕਹਿ ਕੇ ਅਣਚਾਹੁੰਦੇ ਪ੍ਰਸੰਗ ਨੂੰ ਟਾਲ ਦਿੰਦਾ ਹੈ, ਰਾਧਿਕਾ ਇਹ ਜਾਣਦੀ ਸੀ। ਫਿਰ ਵੀ ਆਪਣੇ ਸਲਾਦ ਉੱਤੇ ਥੋੜ੍ਹਾ ਜਿਹਾ ਨਮਕ ਛਿੜਕਦਿਆਂ ਹੋਇਆ ਉਸਨੇ ਗੱਲ ਅੱਗੇ ਵਧਾਈ, "ਕਿੰਨਾਂ ਅਰਥਾਂ ਵਿਚ ?"

"ਜਿਵੇਂ ਬੰਬਈ ਨੂੰ ਹੀ ਲਓ." ਰੌਡਨੀ ਨੇ ਹੌਲੀ-ਹੌਲੀ ਮੂੰਹ ਚਲਾਉਂਦਿਆਂ ਹੁੰਦਿਆ ਕਿਹਾ, "ਹਵਾਈ ਅੱਡੇ ਤੋਂ ਸ਼ਹਿਰ ਜਾਂਦੇ ਹੋਏ ਜਿਨ੍ਹਾਂ ਸਲੰਮ ਦਾ ਸਾਹਮਨਾ ਕਰਨਾ ਪੈਂਦਾ ਹੈ, ਉਸਨੂੰ ਵੇਖਕੇ ਭਾਰਤ ਬਾਰੇ ਸਾਡੇ ਵਿਚਾਰਾਂ ਦੀ ਪੁਸ਼ਟੀ ਹੋਣ ਲੱਗਦੀ ਹੈ। ਮੇਰੀ ਗੱਲ ਦਾ ਬੁਰਾ ਨਾ ਮਨਾਉਣਾ ਉਹ ਤਸਵੀਰ ਜਿਹੜੀ ਕਿ ਸਾਡੇ ਸਾਹਮਣੇ ਰੱਖੀ ਜਾਂਦੀ ਹੈ... ...।"

"ਅਤੇ ਜਿਸਦਾ ਮਾਣ ਪੱਛਮੀ ਪੱਤਰਕਾਰਾਂ ਨੂੰ ਹੈ," ਰਾਧਿਕਾ ਨੇ ਤਲਖ਼ੀ ਨਾਲ ਜੋੜ ਦਿੱਤਾ।

ਰੌਡਨੀ ਨੇ ਹੁਣ ਕਟਲੈਟਸ ਦੀ ਪਲੇਟ ਉਸ ਵੱਲ ਵਧਾ ਦਿੱਤੀ, ਰਾਧਿਕਾ ਨੇ ਇਕ ਕਟਲੇਟ ਲਿਆ, ਅਤੇ ਫਿਰ ਪਲੇਟ ਖੁਦ ਫ਼ੜ ਲਈ ਤਾਂ ਜੋ ਰੋਡਨੀ ਖੁਦ ਵੀ ਲੈ ਸਕੇ।

ਗੱਲ ਰੌਡਨੀ ਨੇ ਸ਼ੁਰੂ ਕੀਤੀ, "ਏਅਰਪੋਰਟ ਦੇ ਰਸਤੇ ਤੋਂ ਬਾਅਦ ਜਦ ਅਸੀਂ ਸ਼ਹਿਰ ਆਏ, ਤਾਂ, ਲੱਗਿਆ ਹੀ ਨਹੀਂ ਕਿ ਅਸੀਂ ਕਿਸੇ ਗਰੀਬ ਦੇਸ਼ ਵਿਚ ਹਾਂ। ਵੱਡੀਆਂ-ਵੱਡੀਆਂ ਮੋਟਰਾਂ, ਔਰਤਾਂ ਦੇ ਕੰਨਾਂ ਵਿਚ ਤਲ੍ਹਕਾਂ ਮਾਰਦੇ ਹੀਰੇ, ਰੈਸਤਰਾਂ ਹਰ ਸਮੇਂ ਭਰੇ ਹੋਏ, ਦੁਕਾਨਾਂ ਵਿਚ ਹਰ ਵਕਤ ਖਰੀਦ ਫਰੋਖ਼ਤ।"

ਰਾਧਿਕਾ ਨੇ ਕਾਂਟੇ ਨਾਲ ਇਕ ਟੁਕੜਾ ਕਟਕੇ ਟਮਾਟਰ ਦੇ ਸਾਸ ਨਾਲ ਲਇਆ ਅਤੇ ਮੂੰਹ ਵਿਚ ਪਾ ਲਿਆ। "ਅਤੇ ਭਾਰਤੀ ਸਦਾਚਾਰ ਤੁਸੀਂ ਬੁਰਾ ਨਾ ਮਨਾਉਣਾ, ਸੜਕ ਤੇ ਚਲਨਾ ਮੁਸ਼ਕਲ; ਜਦੋਂ ਕਿ ਕੋਈ ਨਾਲ ਨਾ ਲੱਗ ਜਾਏ.... ਜਾਂ ਫਿਰ 'ਚੇਂਜ ਮਨੀ' ਕੋਈ ਭਾਰਤੀ ਭਾਸ਼ਾਵਾਂ ਤੋਂ ਅਣਜਾਣ ਹੋਵੇ, ਤਾਂ ਇਹੋ ਕਿ ਚੇਂਜ ਮਨੀ ਭਾਰਤੀ ਗ੍ਰਿਟਿੰਗ ਹੈ।"

ਰਾਧਿਕਾ ਥੋੜ੍ਹੀ ਜਿਹੀ ਹੱਸ ਪਈ।

" ਦਿੱਲੀ ਵਿਚ ਵੀ ਇਹੋ। ਮੈਨੂੰ ਇਕ ਭਾਰਤੀ ਮਿੱਤਰ ਨੇ ਹੀ ਦੱਸਿਆ ਕਿ ਚੰਗੇ-ਚੰਗੇ ਘਰਾਂ ਦੀਆਂ ਲੜਕੀਆਂ......"

ਮੈਂ ਵਿਸ਼ਵਾਸ ਨਹੀਂ ਕਰ ਸਕਦੀ, "ਰਾਧਿਕਾ ਨੇ ਦਿੜ੍ਹਤਾ ਨਾਲ ਕਿਹਾ," ਵੈਸੇ ਹਰ ਦੇਸ਼ ਵਿਚ ਅਜਿਹੀਆਂ ਬੁਰਾਈਆਂ ਢੂੰਢਿਆ ਮਿਲ ਜਾਂਦੀਆਂ ਹਨ। ਸ਼ਿਕਾਗੋ ਦਾ ਪੁਅਰ ਸੈਕਸ਼ਨ ਤੁਸੀਂ ਦੇਖਿਆ ਹੀ ਹੋਵੇਗਾ। ਉੱਥੇ ਸਕੂਲਾਂ ਅਤੇ ਕਾਲਜਾਂ ਵਿਚ ਇਖਲਾਕ ਦਾ ਜੋ ਮਿਆਰ ਹੈ ਉਹ ਵੀ ਤੁਹਾਨੂੰ ਪਤਾ ਹੀ ਹੈ।"

"ਪਰ ਉਸ ਵਿਚ ਇਕ ਵੱਡਾ ਫ਼ਰਕ ਹੈ ?" ਸਾਡੀ ਸਭਿਅਤਾ ਵਿਚ ਇਸਤਰੀ ਪੁਰਸ਼ ਦੀ ਮਿੱਤਰਤਾ ਬਹੁਤ ਸੁਭਾਵਕ ਤੇ ਅਸਲੀ ਸਮਝੀ ਜਾਂਦੀ ਹੈ। ਇਹ ਜੀਵਨ ਸਾਥੀ ਚੁਣਨ ਦੀ ਇਕ ਪ੍ਰਣਾਲੀ ਹੈ। ਪਰ ਉਹੀ ਕੰਮ ਪੈਸਿਆਂ ਲਈ ਕਰਨਾ ਦੂਜੀ ਕੈਟੇਗਰੀ ਵਿਚ ਆ ਜਾਂਦਾ ਹੈ......ਅਤੇ ਫਿਰ ਅਸੀਂ ਆਪਣੇ ਆਤਮਕ-ਗਿਆਨ ਦੀ ਸ਼ੇਖੀ ਨਹੀਂ ਮਾਰਦੇ। ਠੀਕ ਹੈ, ਅਸੀਂ ਭੌਤਕਵਾਦੀ ਹਾਂ, ਅਤੇ ਉਸਨੂੰ ਸਵੀਕਾਰ ਕਰਦੇ ਹਾਂ।"

ਰਾਧਿਕਾ ਦਾ ਕਟਲੇਟ ਸਮਾਪਤ ਹੋ ਗਿਆ ਸੀ ਅਤੇ ਉਸ ਨੂੰ ਫੋਰਨ ਕੋਈ ਜਵਾਬ ਨਾ ਅਹੁੜਿਆ। ਫਿਰ ਉਸਨੇ ਕਿਹਾ, "ਇਹ ਸਭ ਪੱਛਮੀ ਭੌਤਕਵਾਦ ਹੀ ਦੇਣ ਹੈ।"

ਬਹਿਸ ਕੌੜੀ ਤੇ ਅਣਭਾਉਂਦੀ ਨਾ ਹੋ ਜਾਵੇ ਇਸ ਲਈ ਵੀ ਰਾਧਿਕਾ ਨੇ ਗੱਲ ਬਦਲਦਿਆਂ ਪੁੱਛਿਆ, "ਹੋਰ ਤੁਸੀਂ ਕਿੱਥੇ-ਕਿੱਥੇ ਗਏ ?"

ਸ਼ਾਇਦ ਰੌਡਨੀ ਨੇ ਵੀ ਕੁਝ ਸੁਖਾਵਾਂ ਮਹਿਸੂਸ ਕੀਤਾ, ਕਿਉਂਕਿ ਉਹ ਰਾਧਿਕਾ ਦੀ ਗੱਲ ਦਾ ਉੱਤਰ ਦੇ ਕੇ ਆਪਣੇ ਖੱਬੇ ਪਾਸੇ ਬੈਠੀ ਮੁਟਿਆਰ ਨਾਲ ਗੱਲਾਂ ਕਰਨ ਲੱਗਾ। ਰਾਧਿਕਾ ਦੇ ਦੂਜੇ ਪਾਸੇ ਪ੍ਰਵੀਨ ਬੈਠਾ ਸੀ, ਇੰਨੀ ਦੇਰ ਚੁੱਪ ਰਹਿਣ ਤੋਂ ਬਾਅਦ ਉਸਨੇ ਪੁੱਛਿਆ, "ਕੀ ਤੁਸੀਂ ਪੱਤਰਕਾਰੀ ਦਾ ਡਿਪਲੋਮਾ ਲਿਆ ਹੈ ?"

"ਨਹੀਂ, ਫਾਈਨ ਆਰਟਸ ਦਾ", ਰਾਧਿਕਾ ਨੇ ਕਿਹਾ।

"ਅੱਛਾ।" ਪ੍ਰਵੀਨ ਨੇ ਹੈਰਾਨ ਹੋਣ ਵਰਗਾ ਭਾਵ ਚਿਹਰੇ ਤੇ ਲਿਆ ਤੇ ਕਿਹਾ, "ਮੈਂ ਸੁਣਿਆ ਸੀ ਕਿ ਤੁਹਾਡੇ ਪਹਿਲੇ ਪਤੀ ਇਕ ਪ੍ਰਸਿੱਧ ਪੱਤਰਕਾਰ ਸਨ, ਇਸ ਲਈ ਸੋਚਿਆ......"

"ਕਿੰਨਾ ਰੋਚਕ।" ਰਾਧਿਕਾ ਨੇ ਬਿੱਲਕੁਲ ਅਮਰੀਕੀ ਲਹਿਜੇ ਵਿਚ ਕਿਹਾ, "ਤੁਸੀਂ ਭਾਰਤ ਦੇ ਕਿਸ ਹਿੱਸੇ ਤੋਂ ਓ ?".

"ਉੱਤਰੀ ਭਾਗ।"

ਫਿਰ ਰਾਧਿਕਾ ਉਸ ਵੈਸਟ੍ਰਨ ਅੰਗ੍ਰੇਜ਼ੀ ਦਾ ਜਵਾਬ ਹਿੰਦੀ ਵਿਚ ਹੀ ਦਿੰਦੀ ਗਈ, ਕੁੱਝ ਫ਼ਿਕਰਿਆਂ ਤੋਂ ਬਾਅਦ ਸਥਿਤੀ ਕਾਫ਼ੀ ਹਾਸੋਹੀਣੀ ਹੋ ਗਈ। ਸ਼ਾਇਦ ਇਸਨੂੰ ਖੁਦ ਮਹਿਸੂਸ ਕਰਕੇ ਪ੍ਰਵੀਨ ਨੇ ਕਿਹਾ, "ਮੇਰੀ ਹਿੰਦੀ ਬੋਲਣ ਦੀ ਆਦਤ ਛੁੱਟ ਗਈ ਹੈ।"

"ਸੁਭਾਵਕ ਹੀ ਹੈ।"

"ਸਾਡਿਆਂ ਬੱਚਿਆਂ ਨੂੰ ਤਾਂ ਅੰਗ੍ਰੇਜ਼ੀ ਬਿਨਾਂ ਕੋਈ ਹੋਰ ਭਾਸ਼ਾ ਹੀ ਨਹੀਂ ਆਉਂਦੀ।"

"ਤੁਹਾਨੂੰ ਤਾਂ ਇਸ ਉੱਤੇ ਫ਼ਖਰ ਹੋਵੇਗਾ।"

ਪ੍ਰਵੀਨ ਕੁਝ ਦੇਰ ਉਸਨੂੰ ਘੂਰਦਾ ਰਿਹਾ ਅਤੇ ਫਿਰ ਆਪਣੇ ਦੂਜੇ ਪਾਸੇ ਬੈਠੀ ਇਸਤਰੀ ਵੱਲ ਮੁੜ ਗਿਆ।

ਆਪਣੇ ਦੋਨੋਂ ਪਾਸੇ ਬੈਠੇ ਮਰਦਾਂ ਤੋਂ ਛੁਟਕਾਰਾ ਪਾ ਕੇ ਰਾਧਿਕਾ ਨੇ ਸਵੀਟ ਡਿਸ਼ ਆਈਸ-ਕ੍ਰੀਮ ਤੇ ਨਾਲ ਸਟ੍ਰਾਬੇਰੀ ਖਾਣ ਵੱਲ ਧਿਆਨ ਦਿੱਤਾ। ਸਟ੍ਰਾਬੇਰੀ ਤਾਂ ਹੁਣ ਉੱਥੇ ਵੀ ਆਉਣ ਲੱਗੀਆਂ ਹੋਣਗੀਆਂ, ਇਕਦਮ ਉਸਨੇ ਸੋਚਿਆ, ਬਰਫ਼ ਕਦੋਂ ਦੀ ਪਿਘਲ ਗਈ ਹੋਵੇਗੀ ਅਤੇ ਝੀਲ ਦੇ ਠੰਡੇ ਪਾਣੀ ਨਾਲ ਲੋਕੀ ਇਸ਼ਨਾਨ ਕਰਨ ਲੱਗੇ ਹੋਣਗੇ।

ਕੋਫੀ ਲਈ ਲੋਕ ਉੱਠ ਆਏ, ਰਾਧਿਕਾ ਵੀ ਆ ਕੇ ਬਰਾਂਡੇ ਵਿਚ ਖਲ੍ਹੋ ਗਈ। ਚਾਂਦਨੀ ਹੁਣ ਵੀ ਕੋਲੇ ਦੇ ਰੁੱਖਾਂ ਤੇ ਬਿਖਰੀ ਹੋਈ ਸੀ, ਰਾਧਿਕਾ ਦਾ ਮਨ ਅਚਾਨਕ ਬੇਹੱਦ ਭਾਰੀ ਹੋ ਗਿਆ।

ਜਦੋਂ ਮਨੀਸ਼ ਨੇੜੇ ਆਕੇ ਖਲ੍ਹੋ ਗਿਆ, ਤਾਂ ਰਾਧਿਕਾ ਬੋਲ ਉੱਠੀ "ਕਿਹੋ ਜਿਹੇ ਬੋਰ ਲੋਕਾਂ ਦੇ ਵਿਚਕਾਰ ਬੈਠ ਗਈ ਸੀ। ਸਿਰ ਪੀੜ ਹੋ ਗਈ।"

"ਵਿਚਾਰੀ ਲੜਕੀ," ਮਨੀਸ਼ ਨੇ ਲਾਡ ਨਾਲ ਕਿਹਾ।" "ਚਲੋ, ਕੁਝ ਦੇਰ ਬਾਹਰ ਬਾਗ ਵਿਚ ਸੈਰ ਕਰ ਲਈਏ, ਸਿਰ ਪੀੜ ਘੱਟ ਜਾਵੇਗੀ।"

ਰਾਧਿਕਾ ਨੇ ਮਹਿਮਾਨਾਂ ਨੂੰ ਵੇਖਿਆ, ਜਿਹੜੇ ਇਕ-ਇਕ ਕਰਕੇ ਭੋਜਨ ਦੇ ਕਮਰੇ ਵਿਚੋਂ ਨਿਕਲ ਰਹੇ ਸਨ।

"ਕਾਰਿਨ ਉਨ੍ਹਾਂ ਦੀ ਵੇਖ ਭਾਲ ਕਰੇਗੀ," ਮਨੀਸ਼ ਨੇ ਕਿਹਾ।

ਗਲਿਆਰਾ ਪਾਰ ਕਰਕੇ ਉਹ ਲੋਕ ਬਾਹਰ ਆ ਗਏ ਗਏ, ਜਿੱਥੇ ਚਾਂਦਨੀ ਸੀ ਅਤੇ ਹਲਕੀ ਜਿਹੀ ਠੰਡ ਵੀ।

ਰਾਧਿਕਾ ਨੇ ਬਹੁਤ ਲੰਮਾ ਸਾਹ ਲਿਆ, "ਕਿਤੇ ਮਹਿੰਦੀ ਫੁਲ ਰਹੀ ਹੈ।"

"ਹਾਂ, ਨੇੜੇ ਹੀ।" ਮਨੀਸ਼ ਨੇ ਕਿਹਾ।

ਕੁੱਝ ਦੇਰ ਉਹ ਸਫੈਦ, ਚੌਂਕਰ ਪੱਥਰਾਂ ਉਤੇ ਟਹਿਲਦੇ ਰਹੇ, ਫਿਰ ਰਾਧਿਕਾ ਨੇ ਚੱਪਲਾ ਲਾਹ ਕੇ ਕਿਹਾ, "ਮੈਂ ਤਾਂ ਘਾਹ ਤੇ ਬੈਠਾਂਗੀ।"

"ਤਾਂ ਫਿਰ ਇੱਧਰ ਆ। ਸਾਹਮਣੇ ਸ਼ਾਮ ਨੂੰ ਹੀ ਪਾਣੀ ਦਿੱਤਾ ਗਿਆ ਹੈ ਰਾਧਿਕਾ" ਮਨੀਸ਼ ਨੇ ਕਿਹਾ। ਹੁਣ ਉਹ ਮਕਾਨ ਬਗਲ ਦੇ ਲਾਅਨ ਵਿਚ ਸਨ। ਇਕ ਹੋਰ ਚਾਰਦਿਵਾਰੀ ਸੀ, ਦੂਜੇ ਪਾਸੇ ਘਣਾ ਵੇਲਾਂ ਜੜਿਆ ਮਕਾਨ ਦਾ ਬਗਲ, ਪਿੱਛੋਂ ਕੋਲੇ ਦੇ ਕੁਝ ਹੋਰ ਦਰੱਖਤ। ਇਕ ਹਿੰਡੋਲਾ

"ਝੂਲਾ।" ਰਾਧਿਕਾ ਨੇ ਬੱਚਿਆਂ ਵਾਂਗ ਤਾੜੀ ਵਜਾ ਕੇ ਕਿਹਾ, ਅਤੇ ਉਤਸੁਕ ਜਿਹੀ ਉਸ ਤਰਫ਼ ਵੱਧ ਗਈ।

"ਝੂਟੇਗੀ ?"

ਮਨੀਸ਼ ਦੀ ਆਵਾਜ਼ ਦੇ ਕੌਤਕ ਤੋਂ ਸ਼ਰਮਾ ਕੇ ਰਾਧਿਕਾ ਨੇ ਕਿਹਾ, "ਨਹੀਂ।" ਅਤੇ ਹੇਠਾਂ ਬੈਠ ਗਈ।

ਕੁੱਝ ਦੇਰ ਬਾਅਦ ਰਾਧਿਕਾ ਨੇ ਕਿਹਾ, "ਬੜੇ ਠਾਟ ਨਾਲ ਰਹਿ ਰਿਹਾ ਏਂ ਮਨੀਸ਼, ਵੇਖ, ਕਿੰਨਾ ਵੱਡਾ ਘਰ-ਕਿੰਨੇ ਨੌਕਰ ਚਾਕਰ-"

ਮਨੀਸ਼ ਦੇ ਚਿਹਰੇ ਦੀਆਂ ਰੇਖਾਵਾਂ ਚਾਂਦਨੀ ਵਿਚ ਘੁਲ ਜਿਹੀਆਂ ਗਈਆਂ ਸਨ। ਉਸ ਨੇ ਧੀਮੀ ਆਵਾਜ਼ ਵਿਚ ਕਿਹਾ, "ਠੀਕ ਹੀ ਹੈ"

"ਇਹ ਪ੍ਰਵੀਨ ਵੀ ਅਜੀਬ ਹੈ। ਡੈਨ ਨੂੰ ਮੇਰਾ ਪਹਿਲਾ ਪਤੀ ਦੱਸਣ ਲੱਗਿਆ।" ਕੁਝ ਦੇਰ ਬਾਅਦ ਰਾਧਿਕਾ ਨੇ ਕਿਹਾ।

ਮਨੀਸ਼ ਚੁੱਪ ਰਿਹਾ।

"ਕਦੋਂ ਵਾਪਸੀ ਦਾ ਇਰਾਦਾ ਹੈ ?" ਰਾਧਿਕਾ ਨੇ ਪੁੱਛਿਆ।

"ਸੋਚਦਾ ਰਹਿੰਦਾ ਹਾਂ ਕਿ ਵਾਪਸ ਚਲਿਆ ਜਾਂਵਾ ਜਾਂ ਨਾ। ਜਿੰਨੇ ਜਿਆਦਾ ਦਿਨ ਵਿਦੇਸ਼ ਵਿਚ ਰਹਾਂਗਾ, ਭਾਰਤ ਵਿਚ ਆਕੇ ਵਸਣਾ ਉੱਨਾ ਹੀ ਮੁਸ਼ਕਲ ਹੋ ਜਾਵੇਗਾ।"

'ਤਾਂ ਕੀ ਤੂੰ ਭਾਰਤ ਵਿਚ ਵੱਸਣ ਦੀ ਸੋਚ ਰਿਹਾ ਹੈ ?" ਰਾਧਿਕਾ ਦੀ ਆਵਾਜ਼ ਵਿਚ ਹੈਰਾਨੀ ਸੀ।

"ਕਿਹਾ ਨਾ, ਕਿ ਕੁਝ ਫੈਸਲਾ ਨਹੀਂ ਕਰ ਸਕਿਆ।" ਮਨੀਸ਼ ਨੇ ਸੱਜੇ ਗੋਡੇ ਉੱਤੇ ਬਾਹਾਂ ਟਿਕਾ ਲਈਆਂ ਅਤੇ ਕਿਤੇ ਦੂਰ ਵੇਖਣ ਲੱਗ ਪਿਆ, "ਭੱਜ ਨੱਠ ਦੀ ਜ਼ਿੰਦਗੀ ਤੋਂ ਥਕਦਾ ਜਾ ਰਿਹਾ ਹਾਂ। ਸਫਲਤਾ ਹੈ, ਪੈਸਾ ਵੀ, ਪਰ ਚੈਨ ਨਹੀਂ।"

"ਕਾਰਿਨ ਕੀ ਭਾਰਤ ਵਿਚ ਰਹਿਣਾ ਪਸੰਦ ਕਰੇਗੀ ?"

"ਮੈਂ ਅਜੇ ਉਸਨੂੰ ਪੁੱਛਿਆ ਨਹੀਂ। ਕਾਰਿਨ ਚੰਗੀ ਲੜਕੀ ਹੈ, ਮਗਰ-"

"ਮਨੀਸ਼, ਕੀ ਤੂੰ ਸਦਾ ਇੰਜ ਹੀ ਰਹੇਗਾ ? ਰਾਧਿਕਾ ਨੇ ਸ਼ਿਕਾਇਤ ਵਰਗੇ ਲਹਿਜ਼ੇ ਵਿਚ ਕਿਹਾ। ਮਨੀਸ਼ ਹੌਲੀ ਜਿਹੇ ਬੋਲਿਆ, "ਨਹੀਂ ਰਾਧਿਕਾ, ਮੈਂ ਪਹਿਲਾਂ ਤੋਂ ਕਾਫ਼ੀ ਸੋਬਰ ਹੁੰਦਾ ਰਿਹਾ ਹਾਂ। ਠੀਕ ਹੈ, ਵਿਜੈ ਨਾਲ ਜੋ ਕੁੱਝ ਮੈਂ ਕੀਤਾ ਉਸਦੇ ਲਈ ਮੈਂ ਸ਼ਰਮਿੰਦਾਂ ਹਾਂ। ਉਹੀ ਮੈਂ ਇਸ ਤਰ੍ਹਾਂ ਕਰ ਸਕਦਾ ਸਾਂ ਕਿ ਉਸ ਨੂੰ ਚੋਟ ਨਾ ਵੱਜੇ।"

ਫਿਰ ਕਾਫ਼ੀ ਦੇਰ ਰਾਧਿਕਾ ਚੁੱਪ ਰਹੀ, ਘਾਹ ਦੇ ਤੀਲੇ ਪੁੱਟ-ਪੁੱਟ ਕੇ ਦੰਦਾ ਥੱਲੇ ਕੁਤਰਦੀ ਰਹੀ। "ਔਰੰਗਾਬਾਦ ਤੋਂ ਤੇਰਾ ਕਾਰਡ ਮਿਲਿਆ ਸੀ।"

"ਮਿਲਿਆ ਸੀ ? ਮੈਂ ਇਸ ਲਈ ਪਾਇਆ ਸੀ ਕਿ ਕਿਤੇ ਤੂੰ ਇਹ ਨਾ ਸੋਚਣ ਲੱਗ ਪਵੇ ਕਿ ਮੈਂ ਕਿੱਥੇ ਅਲੋਪ ਹੋ ਗਿਆ ਹਾਂ ?"

"ਖਿਆਲ ਤਾਂ ਮੈਨੂੰ ਆਇਆ ਸੀ।" ਫਿਰ ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਰਾਧਿਕਾ ਨੇ ਕਿਹਾ, "ਹੁਣ ਅੰਦਰ ਚਲੀਏ। ਕਾਰਿਨ ਸ਼ਾਇਦ ਲੱਭ ਰਹੀ ਹੋਵੇ।" ਅਤੇ ਉੱਠਣ ਲੱਗੀ। ਮਨੀਸ਼ ਨੇ ਉਸਦਾ ਹੱਥ ਫੜਕੇ ਉਸਨੂੰ ਫਿਰ ਬਿਠਾ ਦਿੱਤਾ, "ਅੰਦਰ ਬਹੁਤ ਘੱਟ ਲੋਕਾਂ ਨੂੰ ਏਨੀ ਹੋਸ਼ ਹੋਵੇਗੀ ਕਿ ਸਾਡੇ ਬਾਰੇ ਚਿੰਤਾ ਕਰਨ।"

"ਪਰ ਕਾਰਿਨ ?"

"ਆਪਣੇ ਘਰ ਵਿਚ ਜਿੱਥੇ ਚਾਹਵਾਂ, ਜਿਸ ਨਾਲ ਚਾਹਵਾਂ, ਬੈਠ ਕੇ ਗੱਲ ਕਰਨ ਦਾ ਹੱਕ ਤਾਂ ਮੈਨੂੰ ਹੈ, ਰਾਧਿਕਾ ?"

"ਹੂੰ।"

"ਤੂੰ ਨਰਵਸ ਕਿਉਂ ਹੋ ਰਹੀ ਏਂ ?"

"ਨਹੀਂ ਤਾਂ," ਰਾਧਿਕਾ ਨੇ ਕਿਹਾ

ਫਿਰ ਮਨੀਸ਼ ਨੇ ਆਪਣਾ ਸਿਗਰਟ ਰਗੜ ਕੇ ਉੱਥੇ ਹੀ ਬੁਝਾ ਦਿੱਤਾ ਅਤੇ ਅੱਗੇ ਹੋ ਕੇ ਰਾਧਿਕਾ ਨੂੰ ਕੋਮਲਤਾ ਨਾਲ ਗਲਵਕੜੀ ਵਿਚ ਲੈ ਲਿਆ, ਸ਼ਾਇਦ ਉਸਦੇ ਪ੍ਰਤੀਕਰਮ ਦੀ ਪ੍ਰੀਖਿਆ ਵਿਚ।

ਪਰ ਰਾਧਿਕਾ ਉਸਦੀਆਂ ਬਾਹਾਂ ਨੂੰ ਅੱਡ ਕਰ ਉੱਠਕੇ ਖਲੋ ਗਈ।

"ਮਨੀਸ਼, ਮੈਂ ਫਿਰ ਇਨਵਾਲਵ ਹੋਣਾ ਨਹੀਂ ਚਾਹੁੰਦੀ," ਉਸਨੇ ਕਿਹਾ। ਉਸ ਇਕ ਪਲ ਵਿਚ ਰਾਧਿਕਾ ਦੇ ਮਨ ਵਿਚ ਖਟਕ ਗਿਆ ਕਿ ਜਾਣੇ ਅਣਜਾਣੇ ਉਸਨੇ ਅਜਿਹੀ ਹੀ ਸਥਿਤੀ ਦੀ ਇੱਛਾ ਕੀਤੀ ਸੀ, ਉਦੋਂ ਤੋਂ ਜਦੋਂ ਤੋਂ ਮਨੀਸ਼ ਫਿਰ ਤੋਂ ਸਾਹਮਣੇ ਪਿਆ ਸੀ। ਅੰਦਰੋਂ ਮਿਲੇ-ਜੁਲੇ ਠਹਾਕਿਆ ਦੀ ਆਵਾਜ਼ ਆਈ, ਮਹਿੰਦੀ ਦੀ ਸੁਗੰਧ। ਲੰਮੇ ਸਮੇਂ ਬਾਅਦ ਇੱਛਤ ਪੁਰਸ਼ ਦੀ ਛੁਹ ਨੇ ਰਾਧਿਕਾ ਨੂੰ ਹੌਲੀ-ਹੌਲੀ ਸੁਲਗਾ ਦਿੱਤਾ ਸੀ, ਪਰ ਉਸ ਨੇ ਮੁੜਕੇ ਮਨੀਸ਼ ਨੂੰ ਨਹੀਂ ਵੇਖਿਆ।

ਸਵੇਰੇ ਹੀ ਦਰਵਾਜ਼ੇ ਦੀ ਘੰਟੀ ਵਜਣ ਲੱਗੀ। ਰਾਧਿਕਾ ਨੇ ਜਾ ਕੇ ਦਰਵਾਜ਼ਾ ਖੋਲ੍ਹਣ ਤੇ 'ਮੱਲਕਾ' ਫੁੱਲ ਦੀ ਡਲਿਵਰੀ ਵੈਨ ਖੜੀ ਵਿਖਾਈ ਦਿੱਤੀ ਅਤੇ ਵੈਨ ਵਾਲਾ ਉਸਨੂੰ ਢੇਰ ਸਾਰੇ ਫੁੱਲ ਫੜਾ ਕੇ ਚਲਿਆ ਗਿਆ। ਉਨ੍ਹਾਂ ਲੰਮੇ ਡੰਡਲ ਵਾਲੇ ਗਲੈਡੀ ਉਲਾਈ ਫੁੱਲਾਂ ਨੂੰ ਉਵੇਂ ਹੀ ਬਾਹਵਾ ਵਿਚ ਭਰਕੇ ਰਾਧਾ ਨੂੰ ਲੰਮੇ ਫੁੱਲਦਾਨ ਮੰਗਣ ਲਈ ਪ੍ਰੇਮਾ ਦੇ ਕੋਲ ਜਾਣਾ ਪਿਆ।

ਅਨਿਲਾ ਅਤੇ ਨੀਨਾ ਨੇੜੇ ਆ ਗਈਆਂ। "ਕਿੰਨੇ ਪਿਆਰੇ, ਕਿੰਨੇ ਸਵੀਟ" ਕਹਿੰਦੀਆਂ ਰਹੀਆਂ ਰਹੀਆਂ।

"ਕਿਸ ਨੇ ਘੱਲੇ ਹਨ ? ਕਿੱਥੋਂ ਆਏ ਹਨ ?" ਨੀਨਾ ਨੇ ਪੁੱਛਿਆ।

"ਇਕ ਮਿੱਤਰ ਨੇ ਘਲੇ ਹਨ," ਰਾਧਿਕਾ ਨੇ ਕਿਹਾ। ਕਾਰਡ ਨਾ ਹੋਣ ਤੇ ਵੀ ਉਹ ਜਾਣਦੀ ਸੀ
ਕਿ ਮਨੀਸ਼ ਤੋਂ ਛੁੱਟ ਕੋਈ ਹੋਰ ਉਸਨੂੰ ਫੁੱਲ ਨਹੀਂ ਘਲ ਸਕਦਾ।

ਉਨ੍ਹਾਂ ਫੁੱਲਾਂ ਨੂੰ ਕਮਰੇ ਵਿਚ ਰੱਖਦਿਆਂ ਹੋਇਆਂ ਪਿਛਲੀ ਰਾਤ ਦੀ ਯਾਦ ਫਿਰ ਤਾਜ਼ਾ ਹੋ ਗਈ। ਰਾਧਿਕਾ ਨੂੰ ਆਪਣੀ ਦ੍ਰਿੜਤਾ ਉੱਤੇ ਹੈਰਾਨੀ ਹੋਈ ਅਤੇ ਥੋੜ੍ਹੀ ਜਿਹੀ ਖੁਸ਼ੀ ਵੀ। ਸਵੇਰ ਦੀ ਇਸ ਸਫੈਦ ਧੁੱਪ ਵਿਚ ਵੀ ਉਸਨੂੰ ਲੱਗਿਆ ਕਿ ਉਸ ਨੇ ਠੀਕ ਹੀ ਫੈਸਲਾ ਕੀਤਾ। ਇਸ ਤੋਂ ਪਹਿਲਾਂ ਉਹ ਸਦਾ ਭਾਵਨਾਵਾਂ ਨਾਲ ਵਹਿੰਦੀ ਰਹੀ, ਕਦੇ ਇਹ ਨਹੀਂ ਸੋਚਿਆ ਕਿ ਇਹ ਲਹਿਰ ਉਸਨੂੰ ਕਿਸ ਕਿਨਾਰੇ ਤੇ ਲੈ ਜਾ ਕੇ ਸੁਟੇਗੀ। ਫਿਰ ਵੀ, ਮਨੀਸ਼ ਸਾਹਮਣੇ ਅਕਸ਼ੈ ਕੁਝ ਫੇਡ' ਹੋ ਜਾਂਦਾ ਹੈ। ਠੀਕ ਹੈ, ਉਸ ਵਿਚ ਮਨੀਸ਼ ਵਰਗੀ ਨਫ਼ਾਸਤ ਨਹੀਂ ਹੈ। ਪਰ ਉਹ ਟਿਕਾਉ ਵੀ ਤਾਂ ਨਹੀਂ ਹੈ।

ਫੁੱਲ ਲੱਗ ਜਾਣ ਤੋਂ ਬਾਅਦ ਰਾਧਿਕਾ ਦੇਰ ਤੱਕ ਕਮਰੇ ਵਿਚ ਵੱਖ-ਵੱਖ ਕੋਣਾਂ ਤੋਂ ਵੇਖਦੀ ਰਹੀ ਅਤੇ ਫਿਰ ਅਚਾਨਕ ਉਦਾਸ ਹੋ ਕੇ ਉਹ ਵਾਪਸ ਤਖ਼ਤ ਉੱਤੇ ਜਾ ਲੇਟੀ ਅਤੇ ਅਤੇ ਮੂੰਹ ਕੱਜ ਲਿਆ।

ਸਾਰੀ ਸਵੇਰ ਉਹ ਉਵੇਂ ਹੀ ਪਈ ਰਹੀ। ਵੈਸੇ ਤਾਂ ਐਤਵਾਰ ਸੀ, ਪਰ ਕਈ ਹਫ਼ਤਿਆਂ ਤਾਂ ਉਸ ਦਾ ਅਕਸ਼ੈ ਨਾਲ ਬਾਹਰ ਜਾਣ ਦਾ ਸਿਲਸਿਲਾ ਟੁਟ ਗਿਆ ਸੀ, ਇਕ ਤਾਂ ਬਹੁਤ ਦਿਨਾਂ ਤੋਂ ਕੋਈ ਚੰਗੀ ਫਿਲਮ ਨਹੀਂ ਸੀ ਆਈ, ਦੂਜੇ ਅਕਸ਼ੈ ਨੂੰ ਆਪਣੇ ਦਫ਼ਤਰ ਦੇ ਕੰਮ ਵਿਚ ਬੇਹੱਦ ਰੁਝ ਜਾਣਾ ਪਿਆ। ਕਦੀ-ਕਦੀ ਰਾਧਿਕਾ ਖੁਦ ਹੀ ਉਸ ਪਾਸੇ ਚਲੀ ਗਈ,

ਤਾਂ ਸੋਨਾਮ ਨੂੰ ਇੱਕਲਿਆਂ ਵੇਖਿਆ। ਪਿਛਲੇ ਐਤਵਾਰ ਨੂੰ ਦੇਕੀ ਰਾਧਿਕਾ ਕੋਲ ਆ ਗਈ ਸੀ। ਮੋਮੋ ਬਣਾ ਕੇ ਲਿਆਈ ਸੀ। ਅਤੇ ਦੋਨਾਂ ਨੇ ਨਾਲ ਬਹਿ ਕੇ ਤਿਬਤੀ ਭੋਜਨ ਕੀਤਾ ਸੀ।

ਗਿਆਰਾਂ ਵਜੇ ਦੇ ਕਰੀਬ ਨੀਨਾ ਦੀ ਆਵਾਜ਼ ਸੁਣਾਈ ਦਿੱਤੀ ਕਿ ਉਸ ਲਈ ਫੋਨ ਹੈ। ਮਨੀਸ਼ ਜਾਣਨਾ ਚਾਹੁੰਦਾ ਸੀ ਕਿ ਕੀ ਉਹ ਵਿਹਲੀ ਹੈ ? ਰਾਧਿਕਾ ਨੇ ਜ਼ਰਾ ਸੋਚਿਆ ਫਿਰ ਫੈਸਲਾ ਕਰ ਲਿਆ ਕਿ ਉਹ ਇਹ ਐਤਵਾਰ ਮਨੀਸ਼ ਨਾਲ ਹੀ ਗੁਜ਼ਾਰੇਗੀ।

ਉਹ ਵਿਚਾਰ ਮਗਨ ਤਿਆਰ ਹੋਈ, ਅਕਸ਼ੈ ਲਈ ਇਕ ਚਿਟ ਛੱਡੀ ਕਿ ਉਹ ਅੱਜ ਵਿਹਲੀ ਨਹੀਂ ਹੈ ਅਤੇ ਘਰੋਂ ਨਿਕਲ ਪਈ। ਮਨੀਸ਼ ਵਿਪੁਲਾ ਵਿਚ ਉਸਦੀ ਉਡੀਕ ਕਰ ਰਿਹਾ ਸੀ।

ਮੁਸਕਰਾਇਆ "ਆ ਬੈਠ।"

ਰਾਧਿਕਾ ਦੇ ਬੈਠ ਜਾਣ ਤੇ ਉਸ ਨੇ ਪੁੱਛਿਆ, "ਆਸ ਨਹੀਂ ਸੀ ਕਿ ਤੂੰ ਵਿਹਲੀ ਹੋਵੇਗੀ। ਫਿਰ ਵੀ ਸੋਚਿਆ ਕਿ ਫੋਨ ਕਰਕੇ ਪੁੱਛ ਹੀ ਲਵਾਂ।"

"ਅਕਸ਼ੈ ਅੱਜ ਕੱਲ੍ਹ ਬਹੁਤ ਰੁਝਿਆ ਹੈ, ਰਾਧਿਕਾ ਨੇ ਕਿਹਾ। ਉਸਨੇ ਕੋਫੀ ਪੀਣ ਨੂੰ ਮਨ੍ਹਾਂ ਕਰਕੇ ਸਿਰਫ ਇਕ ਕੋਕਾ ਕੋਲਾ ਪੀਣਾ ਚਾਹਿਆ।

"ਤੂੰ ਕਿਤੇ ਦੂਰ ਏਂ ਰਾਧਿਕਾ ?"

"ਮੈਂ ? ਨਹੀਂ। ਇੱਥੇ ਹੀ ਹਾਂ, ਕੁਝ ਸੋਚਣ ਲੱਗੀ ਸੀ," ਰਾਧਿਕਾ ਨੇ ਕਿਹਾ। ਫਿਰ ਸ਼ਿਸ਼ਟਾਚਾਰ-ਵਸ ਕਿਹਾ," ਕੱਲ੍ਹ  ਤੇਰੀ ਪਾਰਟੀ ਬੜੀ ਸਫ਼ਲ ਰਹੀ

"ਲੋਕੀ ਤਾਂ ਤਿੰਨ ਵਜੇ ਤੱਕ ਜਮੇ ਰਹੇ ਤੂੰ ਹੀ ਜਲਦੀ ਚਲੀ ਗਈ ਸੀ।" ਪਰ ਮਨੀਸ਼ ਦੀ ਆਵਾਜ਼ ਵਿਚ ਕੋਈ ਐਸੀ ਵੈਸੀ ਟੋਨ ਨਹੀਂ ਸੀ।

'ਮੇਰੀ ਆਦਤ ਹਟ ਗਈ ਹੈ।"

"ਪਾਰਟੀਆਂ ਵਿਚ ਦੇਰ ਤੱਕ ਬੈਠਣ ਦੀ ਜਾਂ ਪ੍ਰਸੰਸਕਾਂ ਉੱਤੇ 'ਕ੍ਰੋਧ ਕਰਨ ਦੀ ?" ਹੁਣ ਉਹ ਖਿਜ ਰਿਹਾ ਸੀ। ਰਾਧਿਕਾ ਨੇ ਕਿਹਾ," ਦੋਵੇਂ ਹੀ।" ਫਿਰ ਕੁਝ ਪਲ ਬਾਅਦ," ਤੇ, ਤੂੰ ਸ਼ਾਇਦ ਹਮੇਸ਼ਾਂ ਹੀ ਰਿਹਰਸਲ ਕਰਦਾ ਰਹਿੰਦਾ ਏਂ"।

"ਮੈਂ ਬਹੁਤ ਗੰਭੀਰ ਸਾਂ, ਮਨੀਸ਼ ਨੇ ਕਿਹਾ।

"ਕਿਉਂ ? ਕੀ ਕਾਰਿਨ ਤੋਂ ਦਿਲ ਭਰਨ ਲੱਗਾ ?" ਰਾਧਿਕਾ ਨੇ ਕੁੱਝ ਵਿਅੰਗ ਨਾਲ ਪੁੱਛਿਆ ਅਤੇ ਫਿਰ ਆਪਣੇ ਉੱਤੇ ਹੀ ਸ਼ਰਮਸਾਰ ਹੋ ਕੇ ਕੋਕਾ ਕੋਲਾ ਦੇ ਗਿਲਾਸ ਵਿਚ ਪਏ ਸਟ੍ਰਾਅ ਨੂੰ ਮੂੰਹ ਵਿਚ ਲੈ ਲਿਆ।

"ਕਾਰਿਨ ਮੇਰੀ ਵਿਦਿਆਰਥਣ ਹੈ," ਮਨੀਸ਼ ਨੇ ਕਿਹਾ, ਤੂੰ ਅੱਜ ਕਿਹੋ ਜਿਹੀਆਂ ਗੱਲਾਂ ਕਰ ਰਹੀ ਹੈਂ ?"

"ਮੈਨੂੰ ਦੁੱਖ ਹੈ," ਰਾਧਿਕਾ ਨੇ ਕਿਹਾ ਅਤੇ ਆਪਣੇ ਉੱਤੇ ਕੰਟਰੋਲ ਕੀਤਾ। ਮਨੀਸ਼ ਨੇ ਉਸ ਨੂੰ ਸੱਦਾ ਦਿੱਤਾ ਹੈ। ਅਤੇ ਉਹ ਬੈਠੀ-ਬੈਠੀ ਕਿਹੋ ਜਹੀਆਂ ਹੋਛੀਆਂ ਗੱਲਾਂ ਕਰ ਰਹੀ ਹੈ। ਕੁੱਝ ਦੇਰ ਪਿਛੋਂ ਉਹ ਵਿਪੁਲਾ ਤੋਂ ਨਿਕਲੇ ਅਤੇ ਹਲਕੀ ਗਰਦਭਰੀ ਧੁੱਪ ਵਿਚ ਕਪਾਹ ਦੇ ਬੂਟਿਆਂ  ਵਾਲੀਆਂ ਸੜਕਾਂ ਉੱਤੇ ਕੁੱਝ ਦੇਰ ਟਹਿਲਦੇ ਰਹੇ। ਰਾਧਿਕਾ ਨੇ ਬੰਗਾਲ ਦੀ ਸੂਤੀ ਸਾੜ੍ਹੀ ਪਾਈ ਹੋਈ ਸੀ। ਬਿਨਾਂ ਬਾਹਵਾਂ ਦੇ ਬਲਾਊਜ਼, ਢਿੱਲੇ ਹੋ ਗਏ ਵਾਲ, ਚਿਹਰਾ ਸਦਾ ਵਾਂਗ ਗਹਿਣਿਆਂ ਤੋਂ ਰਹਿਤ, ਬੁਲ੍ਹਾ ਤੋਂ ਰੰਗਹੀਣ ਲਿਪਸਟਿਕ, ਜਿਸ ਨਾਲ ਕੇਵਲ ਮਾੜੀ ਜਹੀ ਚਮਕ ਆ ਜਾਵੇ।

ਮਨੀਸ਼ ਨੇ ਵੀ ਆਪਣੇ ਆਪ ਨੂੰ ਰਾਧਿਕਾ ਦੇ ਮੂਡ ਅਨੁਸਾਰ ਢਾਲ ਲਿਆ ਸੀ। ਸਦਾ ਵਾਂਗ ਸਿਸ਼ਟ, ਜ਼ਰਾ ਗਰਮ ਆਵਾਜ਼ ਵਿਚ ਕਦੀ-ਕਦੀ ਕੁਝ ਚੰਗੀ ਲੱਗਣ ਵਾਲੀ ਗੱਲ ਕਹਿ ਦਿੰਦਾ। ਰਾਧਿਕਾ ਨੂੰ ਉਸਦੀਆਂ ਅੱਖਾਂ ਤੇਜ਼ ਅਤੇ ਮਹਾਨ ਖਿੱਚ ਨਾਲ ਭਰਪੂਰ ਲੱਗ ਰਹੀਆਂ ਸਨ।

ਰਾਧਿਕਾ ਦੇ ਪੈਰ ਧੂੜ ਨਾਲ ਲਿਬੜ ਗਏ ਸਨ ਅਤੇ ਸਾੜ੍ਹੀ ਦਾ ਪੀਲਾ ਬਾਰਡਰ ਵੀ ਮਟਮੈਲਾ ਹੋ ਰਿਹਾ ਸੀ। ਸੜਕ ਦੇ ਕੰਢੇ ਉਹ ਰੁਕ ਕੇ ਖੜੀ ਹੋ ਗਈ ਅਤੇ ਤਦ ਕੋਲੋਂ ਗੁਜਰਦੀ ਟੈਕਸੀ ਨੂੰ ਰੋਕ ਮਨੀਸ਼ ਰਾਧਿਕਾ ਨਾਲ ਬੈਠ ਗਿਆ।

"ਫ੍ਰੈਂਡਸ ਕਾਲੌਨੀ," ਉਸਨੇ ਟੈਕਸੀ ਵਾਲੇ ਨੂੰ ਕਿਹਾ।

ਰਾਧਿਕਾ ਜ਼ਰਾ ਤਭਕੀ, ਪਰ ਬੋਲੀ ਕੁੱਝ ਨਹੀਂ।

"ਠੀਕ ਹੈ ਮਨੀਸ਼ ਦੇ ਘਰ ਹੀ ਸਹੀ। ਸੜਕ ਉੱਤੇ ਕਦੋਂ ਤੱਕ ਟਹਿਲਿਆ ਜਾ ਸਕਦਾ ਹੈ ?"

ਟੈਕਸੀ ਚੱਲਣ ਤੇ ਰਾਧਿਕਾ ਨੇ ਪੁੱਛਿਆ, "ਤੇਰੀ ਕਾਰ ਕਿੱਥੇ ਹੈ ?"

"ਲਾਰੈਂਸ ਨੂੰ ਛੱਡਣ ਲਈ ਪਾਲਮ ਗਈ ਹੈ, ਮਨੀਸ਼ ਨੇ ਕਿਹਾ। ਦਿਨ ਦੀ ਉੱਜਲੀ-ਉੱਜਲੀ ਧੁੱਪ ਵਿਚ ਘਰ ਹੋਰ ਵੀ ਸੁੰਦਰ ਲੱਗਦਾ ਸੀ। ਆਵਾਜ਼ ਸੁਣਕੇ ਕਈ ਨੌਂਕਰ ਨਿਕਲ ਆਏ-ਮਾਲੀ, ਚਪੜਾਸੀ, ਬੈਰਾ।

ਮਨੀਸ਼ ਰਾਧਿਕਾ ਨੂੰ ਬੈਠਕ ਵਿਚ ਲੈ ਗਿਆ। ਏਅਰਕੰਡੀਸ਼ਨ ਕਮਰੇ ਦੀ ਠੰਡ ਵਿਚ ਰਾਧਿਕਾ ਚੈਨ ਦਾ ਲੰਮਾ ਸਾਹ ਲੈ ਕੇ ਸੋਫੇ ਉੱਤੇ ਜਾ ਬੈਠੀ।

"ਇੰਨੀ ਵੱਡੀ ਕਾਂਸੇ ਦੀ ਮੇਜ਼ ਮੈਂ ਪਹਿਲਾਂ ਕਦੀ ਨਹੀਂ ਵੇਖੀ," ਰਾਧਿਕਾ ਨੇ ਵਿਚਾਲੇ ਦੀ ਗੋਲ ਮੇਜ਼ ਨੂੰ ਛੂਹਦਿਆਂ ਕਿਹਾ।

ਮਨੀਸ਼ ਨੇ ਕੋਲ ਬੈਠ ਕੇ ਕਿਹਾ, "ਇਸ ਘਰ ਦੀ ਹਰ ਇਕ ਚੀਜ਼ ਕਿੰਗ-ਸਾਈਜ਼ ਹੈ।"

"ਇਸ ਸੰਪਤੀ ਵਿਚ ਤੂੰ ਖੁਦ ਵੀ ਇਕ ਕਿੰਗ ਵਾਂਗ ਰਹਿ ਰਿਹਾ ਹੈ," ਰਾਧਿਕਾ ਨੇ ਕਿਹਾ ਅਤੇ ਇਕ ਬੇਚੈਨੀ ਵੱਸ ਉੱਠ ਖਲੋਤੀ।

"ਕੀ ਮੈਂ ਇਸ ਸੁਰ ਵਿਚ ਥੋੜ੍ਹੀ ਈਰਖਾ ਸੁਣ ਰਿਹਾ ਹਾਂ ?"

"ਥੋੜ੍ਹੀ ਨਹੀਂ, ਢੇਰ ਸਾਰੀ, ਬਹੁਤ ਸਾਰੀ।"

"ਕਿਉਂ ਰਾਧਿਕਾ, ਤੂੰ ਏਨੀ ਦੁੱਖੀ ਕਿਉਂ ਰਹਿੰਦੀ ਹੈ ?" ਮਨੀਸ਼ ਨੇ ਇਹ ਕੁਝ ਇਸ ਤਰ੍ਹਾਂ ਪੁੱਛਿਆ ਕਿ ਰਾਧਿਕਾ ਟੁੱਟ ਕੇ ਫਿਰ ਸੋਫੇ ਉੱਤੇ ਜਾ ਬੈਠੀ, ਉਸਨੂੰ ਲੱਗਿਆ ਕਿ ਉਹ ਹੁਣ ਹੋਰ ਨਹੀਂ ਸਹਿ ਸਕਦੀ।

ਮਨੀਸ਼ ਕੁਝ ਦੇਰ ਲਈ ਬਾਹਰ ਗਿਆ। ਸ਼ਾਇਦ ਬੈਰੇ ਨੂੰ ਕੁਝ ਹੁਕਮ ਦੇਣ ਲਈ।

ਫਿਰ ਉਹ ਪਰਤਿਆ ਅਤੇ ਆ ਕੇ ਰਾਧਿਕਾ ਦੇ ਕੋਲ ਬੈਠ ਗਿਆ, ਬਿੱਲਕੁਲ ਨੇੜੇ। ਰਾਧਿਕਾ ਸ਼ਾਂਤ ਬੈਠੀ ਰਹੀ। ਮਨੀਸ਼ ਨੇ ਸੱਜੀ ਬਾਂਹ ਨਾਲ ਰਾਧਿਕਾ ਦਾ ਮੋਢਾ ਵੱਲ ਕੇ ਉਸਦਾ ਮੂੰਹ ਆਪਣੇ ਵੱਲ ਕਰਦਿਆਂ ਪੁੱਛਿਆ, "ਕਿਉਂ ਰਾਧਿਕਾ ਦੱਸਿਆ ਨਹੀਂ ਤੈਨੂੰ ਕੀ ਪਰੇਸ਼ਾਨ ਕਰਿਆ ਕਰਦਾ ਹੈ ?"

"ਸਭ ਕੁਝ" ਰਾਧਿਕਾ ਕਹਿ ਕੇ ਕੁਝ ਦੇਰ ਚੁੱਪ ਰਹੀ ਇਸ ਡਰ ਨਾਲ ਕਿ ਭਾਵਨਾ ਦੇ ਹੜ੍ਹ ਵਿਚ ਕਿਤੇ ਉਹ ਰੋ ਹੀ ਨਾ ਪਵੇ।

"ਸਭ ਕੁਝ" ਉਸਨੇ ਆਪਣੇ ਆਪ ਨੂੰ ਥੋੜ੍ਹਾ ਜਿਹਾ ਕਾਬੂ ਵਿਚ ਕਰਦਿਆਂ ਕਿਹਾ" ਮੇਰਾ ਪਰਿਵਾਰ, ਮੇਰਾ ਆਲਾ-ਦੁਆਲਾ ਮੇਰੇ ਜੀਵਨ ਦੀ ਆਰਥਿਕ ਘਾਟ ਅਤੇ ਮੈਂ ਖੁਦ ਜੋ ਹੁੰਦੀ ਜਾ ਰਹੀ ਹਾਂ, ਇਕ ਭਾਵਨਾ-ਹੀਨ ਪੁਤਲੀ-ਜਿਹੀ.......।

"ਤੂੰ ਭਾਵਨਾ-ਹੀਣ ਹੁੰਦੀ ਜਾ ਰਹੀ ਹੈ ਇਹ ਤੈਨੂੰ ਕਿਸਨੇ ਕਿਹਾ? ਬਲਕਿ ਤੇਰੀ ਸਮੱਸਿਆ ਇਹ ਹੈ ਕਿ ਤੇਰੇ ਵਿਚ ਭਾਵਨਾਵਾਂ ਹੀ ਪ੍ਰਧਾਨ ਹਨ...'' ਉਹ ਮਨੀਸ਼ ਦੀਆਂ ਬਾਹਵਾਂ ਦੂਰ ਹਟਾਉਂਦੀ ਹੋਈ ਇਕ ਵਾਰ ਫਿਰ ਉੱਠ ਖਲੋਤੀ।

ਮਨੀਸ਼ ਨੇ ਉਠਣ ਦਾ ਯਤਨ ਨਹੀਂ ਕੀਤਾ, ਇਕ ਸਿਗਰਟ ਸੁਲਗਾਣ ਮਗਰੋਂ ਉਸਨੇ ਪੁੱਛਿਆ "ਰਾਧਿਕਾ, ਕਿਤੇ ਤੂੰ ਹੁਣ ਵੀ ਰਿਵਰਸ ਕਲਚਰਲ ਸ਼ਾਕ ਦੀ ਸ਼ਿਕਾਰ ਤਾਂ ਨਹੀਂ ਹੈ ?

"ਕੀ ਪਤਾ ?" ਰਾਧਿਕਾ ਦੀ ਆਵਾਜ਼ ਹੌਲੀ ਸੀ।

ਤਦ ਮਨੀਸ਼ ਵੀ ਉੱਠਿਆ, ਜਾ ਕੇ ਉਸਦੇ ਕੋਲ ਖਲੋ ਗਿਆ। ਲਾਅਨ ਵੱਲ ਖੁੱਲ੍ਹਣ ਵਾਲੀ ਖਿੜਕੀ ਦੇ ਪਾਰ ਪਿਟੂਨੀਆ ਦੀ ਕਿਆਰੀ ਉੱਤੇ ਰਾਧਿਕਾ ਨੇ ਅੱਖਾਂ ਗੱਡੀਆਂ ਹੋਈਆ ਸਨ।

"ਜਦੋਂ ਅਸੀਂ ਆਪਣਾ ਦੇਸ਼ ਛੱਡ ਕੇ ਬਾਹਰ ਜਾਂਦੇ ਹਾਂ ਤਾਂ ਪਹਿਲੇ ਛੇ ਮਹੀਨੇ ਅਤੇ ਇਕ ਕਲਚਰਲ ਸ਼ਾਕ ਦੇ ਦੌਰਾਨ ਗੁਜ਼ਾਰਦੇ ਹਾਂ, ਜਦੋਂ ਕਿ ਹਰ ਕਦਮ ਤੇ ਸਾਨੂੰ ਆਪਣਾ ਦੇਸ਼, ਆਪਣਾ ਸਭਿਆਚਾਰ ਉੱਚਾ ਵਿਖਾਈ ਦਿੰਦਾ ਹੈ। ਫਿਰ ਅਸੀਂ ਉਸ ਦੇਸ਼ ਵਿਚ ਰਹਿਣ ਦੇ ਆਦੀ ਹੋ ਜਾਂਦੇ ਹਾਂ। ਦੋ ਸਾਲ, ਢਾਈ ਸਾਲ, ਉਸ ਨਵੇਂ ਦੇਸ਼ ਵਿਚ ਰਹਿ ਕੇ ਉਸਦੇ ਰੀਤੀ-ਰਿਵਾਜ਼ ਦੇ ਆਦੀ ਹੋਕੇ, ਅਸੀਂ ਆਪਣੇ ਦੇਸ਼ ਵਿਚ ਵਾਪਿਸ ਆਉਂਦੇ ਹਾਂ ਤਾਂ ਸਾਨੂੰ ਇਹ ਧੱਕਾ ਦੋ ਵਾਰ ਲੱਗਦਾ ਹੈ, ਰਿਵਰਸ ਕਲਚਰਲ ਸ਼ਾਕ।"

"ਕੀ ਤੈਨੂੰ ਵੀ ਅਜਿਹਾ ਲੱਗਿਆ ?" ਰਾਧਿਕਾ ਨੇ ਪੁੱਛਿਆ।

"ਹਾਂ, ਰਾਧਿਕਾ। ਭਾਵੇਂ ਮੈਂ ਉਸ ਲਈ ਤਿਆਰ ਸੀ। ਮੈਂ ਸੱਤ ਸਾਲਾਂ ਬਾਅਦ ਪਰਤਿਆ ਪਰ ਫਿਰ ਵੀ ਕੁਝ ਚੀਜ਼ਾਂ, ਕੁਝ ਹੱਦ ਤਕ ਮੈਨੂੰ ਕਾਫੀ ਬੁਰੀਆਂ ਲੱਗੀਆਂ। ਮੇਰਾ ਮਨ ਮੁੜ-ਮੁੜ ਰੋਇਆ ਕਿ ਮੈਂ ਕਿਸੇ ਨੂੰ ਚੀਕ ਕੇ ਆਖਾਂ ਕਿ ਤੁਸੀਂ ਲੋਕਾਂ ਨੇ ਕਿਸੇ ਨਰੋਈ ਦਿਸ਼ਾ ਵੱਲ ਤਰੱਕੀ ਕਿਉਂ ਨਹੀਂ ਕੀਤੀ ? ਮੰਨਿਆ ਕਿ ਅਸੀਂ ਪਛੜੇ ਹੋਏ ਹਾਂ, ਪਰ ਅਸੀਂ ਘੱਟੋ ਘੱਟ ਸਭਿਆ ਤੇ ਸਿਸ਼ਟ ਤਾਂ ਹੋ ਸਕਦੇ ਹਾਂ। ਆਪਣੀ ਜਹਾਲਤ ਤੇ ਆਪਣੇ ਆਲਸ ਨੂੰ ਦੂਰ

ਕਰ ਸਕਦੇ ਹਾਂ। ਪਰ ਨਹੀਂ, ਇੱਥੇ ਤਾਂ ਇਹ ਹੈ ਕਿ ਜਿਸ ਤੋਂ ਜਿੰਨਾ ਬਣਿਆ ਜਾਂਦਾ ਹੈ, ਉਨਾਂ ਹੀ ਸਤਾਉਣ ਤੇ ਤੁਲ ਜਾਂਦਾ ਹੈ। ਫੋਟੋਗ੍ਰਾਫੀ ਦਾ ਸਾਮਾਨ ਛਡਵਾਉਣ ਲਈ ਮੈਨੂੰ ਬਹੁਤ ਜ਼ਿਆਦਾ ਪਰੇਸ਼ਾਨੀ ਉਠਾਣੀ ਪਈ। ਪੈਂਤੀ ਗੇੜੇ ਮੈਨੂੰ ਏਧਰ- ਉਧਰ ਬੇਵਜਹ ਲਗਾਉਣੇ ਪਏ। ਟੈਕਸੀ ਵਾਲਿਆਂ ਦਾ ਬਦ-ਤਮੀਜ ਢੰਗ ਨਾਲ ਗੱਲਬਾਤ ਕਰਨਾ, ਆਪਣੇ ਹੀ ਸਟਾਫ ਦੀ ਗੈਰ ਜਿੰਮੇਦਾਰੀ ਇਹ ਸਾਰੀਆਂ ਗੱਲਾਂ ਮੈਨੂੰ ਸ਼ੁਰੂ ਵਿਚ ਬਹੁਤ ਬੁਰੀਆ ਲੱਗੀਆ, ਮਗਰ ਇਹ ਸਾਰੀਆਂ ਛੋਟੀਆਂ ਗੱਲਾਂ ਹਨ, ਜਿਹੜੀਆਂ ਕੁੱਝ ਸਮੇਂ ਬਾਅਦ ਜ਼ਿਹਨ ਤੋਂ ਆਪਣੇ ਆਪ ਉਤਰ ਜਾਂਦੀਆਂ ਹਨ। ਫਿਰ, ਹੁਣ ਦਸ਼ਾ ਪਹਿਲਾਂ ਤੋਂ ਬੇਹਤਰ ਵੀ ਹੈ।"

"ਕਿਵੇ ?"

"ਫੋਟੋਗ੍ਰਾਫੀ ਦਾ ਸਾਮਾਨ ਕਸਟਮ ਚੁਕਾ ਕੇ ਛੁੱਟ ਗਿਆ, ਕਾਰ ਆ ਜਾਣ ਤੇ ਮੈਂ' ਟੈਕਸੀ ਤੇ ਚੜ੍ਹਨਾਂ ਬਹੁਤ ਘੱਟ ਕਰ ਦਿੱਤਾ ਅਤੇ ਸਟਾਫ਼ ਦੇ ਗੈਰ ਜਿੰਮੇਦਾਰ ਲੋਕਾਂ ਨੂੰ ਮੈਂ ਦਿਲ ਕਰੜਾ ਕਰਕੇ ਬਰਖਾਸਤ ਕਰ ਦਿੱਤਾ।"

ਦਰਵਾਜ਼ੇ ਉੱਤੇ ਥਪਕੀ ਪਈ ਅਤੇ ਬੈਰਾ ਇਕ ਟ੍ਰੇ ਵਿਚ ਲੰਮੇ ਡੰਡੀਦਾਰ ਦੋ ਬਹੁਤ ਕੋਮਲ ਜਿਹੇ ਗਿਲਾਸ ਲੈ ਕੇ ਆਇਆ। ਗਿਲਾਸਾਂ ਦੇ ਕਿਨਾਰਿਆਂ ਤੇ ਪਾਣੀ ਦੀਆਂ ਨਿੱਕੀਆਂ-ਨਿੱਕੀਆਂ ਬੂੰਦਾਂ ਜੰਮੀਆਂ ਹੋਈਆਂ ਸਨ ਅਤੇ ਉਨ੍ਹਾਂ ਵਿਚ ਜੋ ਡ੍ਰਿੰਕ ਸੀ ਉਹ ਇਕ ਘੁੱਟ ਤੋਂ ਵੱਧ ਨਹੀਂ ਹੋਵੇਗਾ।

'ਲੈ, ਰਾਧਿਕਾ ਅਕਵਾ, ਵੀਤ ਹੈ, ਯਾਨੀ ਆਬੇਹਯਾਤ '

"ਆਬੇਹਯਾਤ।"

"ਹਾਂ। ਡੈਨਮਾਰਕ ਤੋਂ ਹੋਕੇ ਆਉਂਦੇ ਸਮੇਂ ਇਕ ਬੋਤਲ ਲੈ ਆਇਆ ਸੀ।"

ਮਨੀਸ਼ ਨੇ ਆਪਣਾ ਗਿਲਾਸ ਇਕ ਘੁੱਟ ਵਿਚ ਖਾਲੀ ਕਰਕੇ ਟ੍ਰੇ ਵਿਚ ਰੱਖ ਦਿੱਤਾ। ਰਾਧਿਕਾ ਨੇ ਵੀ ਵੇਖਾ- ਵੇਖੀ ਅਜਿਹਾ ਹੀ ਕੀਤਾ ਅਤੇ ਇਕ ਦਮ ਉਸਦੇ ਮੂੰਹ ਤੋਂ ਨਿਕਲਿਆ: 'ਉਫ, ਮੈਂ ਤਾਂ ਜਲ ਗਈ, ਬੜਾ ਅੱਛਾ ਹੈ ਤੁਹਾਡਾ ਆਬੇਹਯਾਤ।"

ਮਨੀਸ਼ ਨੇ ਬੈਰੇ ਨੂੰ ਜਾਣ ਦਾ ਸੰਕੇਤ ਕਰਦਿਆਂ, ਹੱਸ ਕੇ ਕਿਹਾ, "ਕਿਉਂ ਪਸੰਦ ਨਹੀਂ ਆਇਆ ?

ਰਾਧਿਕਾ ਦੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਚੋਣ ਲੱਗ ਪਈਆਂ, ਉਨ੍ਹਾਂ ਨੂੰ ਪੂੰਝਦਿਆਂ ਉਸਨੇ ਕਿਹਾ, "ਨਹੀਂ, ਪਸੰਦ ਆਇਆ ਹੈ।"

'ਘੱਟੋ-ਘੱਟ ਤੇਰੀਆਂ ਨਾੜਾਂ ਦਾ ਤਣਾਅ ਤੇ ਘੱਟ ਹੋਵੇਗਾ। ਜੇ ਗੋਲੀ ਦਿੰਦਾ, ਤੂੰ ਖਾਣੀ ਨਹੀਂ ਸੀ, ਅਤੇ ਸਾਰਾ ਦਿਨ ਖੂਬ ਕੱਸੇ ਹੋਏ ਵਾਜੇ ਦੀਆਂ ਤਾਰਾਂ ਵਾਂਗ ਖਿਚੀਆਂ ਨਸਾਂ ਲਈ ਬੈਠੀ ਰਹਿੰਦੀ।"

ਅਤੇ ਬਾਅਦ ਦੁਪਹਿਰ, ਸੱਚਮੁਚ, ਬੜੀ ਛੇਤੀ ਗੁਜਰਦੀ ਲੱਗੀ। ਭੋਜਨ ਤੋਂ ਬਾਅਦ ਉਹ ਮਨੀਸ਼ ਦੇ ਦਫ਼ਤਰ ਜਾ ਕੇ ਇਨਸਟੀਟਿਊਟ ਦੇ ਅਜਾਇਬ ਘਰ ਲਈ ਖਰੀਦੀਆਂ ਗਈਆਂ ਕਲਾ ਵਸਤੂਆਂ ਵੇਖਦੀ ਰਹੀ, ਗਿਆਰਵੀਂ ਸਦੀ ਦੀ, ਸ੍ਰੀ ਦੇਵੀ ਦੀ ਇਕ ਮੂਰਤੀ, ਦੱਖਣੀ ਮੰਦਰ ਦੇ ਇਕ ਟੁਟੇ ਰੱਥ ਦੇ ਪਹੀਏ, ਮਿਨੀਏਚਰ ਪੇਂਟਿੰਗ ਦੇ ਕੁੱਝ ਸੁੰਦਰ ਨਮੂਨੇ, ਰੌਡਨੀ ਦੁਆਰਾ ਲਏ ਗਏ ਭਾਰਤੀ ਘੜਿਆਂ ਦੇ ਭਿੰਨ-ਭਿੰਨ ਚਿੱਤਰ। ਉਸ ਤੋਂ ਬਾਅਦ ਉਹ ਫਿਰ ਬੈਠਕ ਵਿਚ ਪਰਤ ਆਏ ਅਤੇ ਮਨੀਸ਼ ਨੇ ਬੇਥੋਵੇਨ ਦੀ ਇਕ ਸਿੰਫਨੀ ਦਾ ਰਿਕਾਰਡ ਨਾਲ ਦਿੱਤਾ ਅਤੇ ਖੱਬੀ ਬਾਂਹ ਸੋਫੇ ਦੀ ਪਿੱਠ ਉੱਤੇ ਪੂਰੀ ਫੈਲਾਈ, ਸਿਰ ਝੁਕਾਈ ਸਹਾਰਾ ਲਈ ਰਾਧਿਕਾ ਕੁੱਝ ਢਿੱਲੀ, ਕੁੱਝ ਸੁੱਤੀ ਹੋਈ ਅਤੇ ਸੰਤੁਸ਼ਟ ਜਿਹੀ ਬੈਠੀ ਰਹੀ।

ਸਵੇਰੇ ਅਕਾਸ਼ ਉੱਤੇ ਦੂਰ ਉੱਡਦੇ ਹੋਏ ਪੰਛੀ, ਸ਼ਾਇਦ ਸਫ਼ੈਦ ਕਬੂਤਰ ਸਨ, ਜਿਨ੍ਹਾਂ ਦੇ ਖੰਭ ਧੁੱਪ ਵਿਚ ਚਾਂਦੀ ਵਾਂਗ ਚਮਕ ਰਹੇ ਸਨ। ਕਮਰੇ ਵਿਚ ਤਾਜ਼ੀ ਕੌਫ਼ੀ ਦੀ ਸੁਗੰਧ, ਮਨ ਉੱਤੇ ਬਹੁਤ ਸਾਰਾ ਭਾਰ। ਘੜੀ ਮੁੜੀ ਅਕਸ਼ੈ ਦਾ ਖਿਆਲ ਆ ਜਾਂਦਾ, ਪਰ ਉਸ ਨੂੰ ਪਿੱਛੇ ਹਟਾ ਦਿੰਦੀ। ਵਾਪਸੀ ਤੇ ਅਕਸ਼ੈ ਦਾ ਪੱਤਰ ਉਡੀਕ ਵਿਚ ਮਿਲਿਆ ਸੀ, "ਮੈਂ ਆ ਹੀ ਰਿਹਾ ਸੀ, ਤਾਂ ਤੇਰੀ ਚਿੱਟ ਮਿਲੀ। ਇਹ ਮੈਟਨੀ ਦੇ ਟਿਕਟ ਹਨ। ਆਉਂਦੇ ਹੀ ਸੂਚਨਾ ਦੇਣਾ, ਮੈਂ ਘਰ ਹੀ ਰਹਾਂਗਾ।" ਪਰ ਰਾਧਿਕਾ ਜਦੋਂ ਪਰਤੀ ਤਾਂ ਹਨ੍ਹੇਰਾ ਜਿਹਾ ਹੋਣ ਲੱਗਾ ਸੀ ਅਤੇ ਉਸਦੇ ਜਾਣ ਤੇ ਅਕਸ਼ੈ ਬਹੁਤ ਥਕਿਆ ਤੇ ਖਿੱਝਿਆ ਜਿਹਾ ਲੱਗਾ। ਰਾਧਿਕਾ ਨੂੰ ਉਦੋਂ ਆਪਣੇ ਉਪਰ ਥੋੜ੍ਹੀ ਜਿਹੀ ਗਿਲਾਨੀ ਹੋਈ ਸੀ।

ਕਾਫ਼ੀ ਦੇਰ ਛੱਤ ਉੱਤੇ ਟਹਿਲਣ ਤੋਂ ਬਾਅਦ ਰਾਧਿਕਾ ਨੇ ਇਸ਼ਨਾਨ ਕੀਤਾ, ਕੱਪੜੇ, ਬਦਲੇ ਵਾਲ ਸਵਾਰ ਕੇ ਸੋਚਿਆ ਕਿ ਜ਼ਰਾ ਬਜ਼ਾਰ ਤੱਕ ਹੋ ਆਵਾਂ।

"ਤੁਸੀਂ ਤਾਂ ਬਹੁਤ ਦਿਨਾਂ ਤੋਂ ਹੇਠਾਂ ਆਉਂਦੇ ਹੀ ਨਹੀਂ।" ਹੇਠਾਂ ਉਤਰਦੇ ਹੀ ਪ੍ਰੇਮਾ ਨਾਲ ਮੁਲਾਕਾਤ ਹੋਈ, ਜੋ ਸਬਜ਼ੀ ਖਰੀਦ ਰਹੀ ਸੀ। ਰਾਧਿਕਾ ਨੇ ਕੁੱਝ ਨਹੀਂ ਕਿਹਾ, ਕੇਵਲ ਮੁਸਕਰਾ ਪਈ। ਸਬਜ਼ੀ ਵਾਲੇ ਦੀ ਟੋਕਰੀ ਵਿਚ ਮਟਰ ਦੀਆਂ ਹਰੀਆਂ-ਹਰੀਆਂ ਫ਼ਲੀਆਂ, ਗਾਜਰਾਂ, ਅਣਜਾਣੇ ਹੀ ਉਸਨੇ ਇਹ ਸਭ ਰੰਗ ਸਜਾ ਰੱਖੇ ਸਨ, ਜੋ ਕਿ ਅੱਖਾਂ ਨੂੰ ਪਿਆਰੇ ਲੱਗਦੇ ਸਨ।

ਕੁੱਝ ਦੂਰ ਜਾ ਕੇ ਰਾਧਿਕਾ ਦਾ ਜੀ ਉਚਾਟ ਹੋ ਗਿਆ। ਸੜਕ ਉੱਤੇ ਆਫ਼ਿਸ ਜਾਣ ਵਾਲਿਆਂ ਦੀ ਬੇਸ਼ੁਮਾਰ ਭੀੜ ਸੀ, ਹਰ ਇਕ ਬੱਸ ਅੱਡੇ ਉੱਤੇ ਰਸ਼ ਹੀ ਰਸ਼।

ਉਸ ਨੂੰ ਜਾਪਿਆ ਕਿ ਉਹ ਇਸ ਭੀੜ, ਸ਼ੋਰ-ਸ਼ਰਾਬੇ ਚਹਿਲ-ਪਹਿਲ ਤੋਂ ਇਕ ਦਮ ਅੱਡ ਹੈ, ਉਹ ਆਪਣੇ ਆਲੇ-ਦੁਆਲੇ ਦਾ ਹਿੱਸਾ ਨਹੀਂ ਰਹੀ। ਉਹ ਇੱਥੇ ਰਹਿੰਦੀ ਹੋਈ ਵੀ ਦੇਸ਼ ਨਿਕਾਲੇ ਦੀ ਸਥਿਤੀ ਵਿਚ ਹੈ, ਉਸਦਾ ਜੀਵਨ ਬਿਨਾ ਕਿਸੇ ਉਦੇਸ਼ ਦਾ ਸਫ਼ਰ ਹੈ, ਇਕ ਲੰਮੀ ਹਨ੍ਹੇਰੇ ਨਾਲ ਭਰੀ ਸੁਰੰਗ ਵਿਚ, ਦੋ ਸਾਲ ਪਹਿਲਾਂ ਇਸ ਗਿਆਨ ਨੇ ਉਸਨੂੰ ਬਹੁਤ ਪਰੇਸ਼ਾਨ ਕੀਤਾ ਸੀ। ਪਰ ਉੱਥੇ ਤਾਂ ਵੱਖਰਾ ਵਾਤਾਵਰਣ ਸੀ ਹੀ, ਇਕ ਭਿੰਨ ਸਭਿਅਤਾ ਉੱਥੇ ਰਹਿਕੇ ਵੱਖਰੇਪਣ ਦੀ ਭਾਵਨਾ ਸਹਿਜ ਅਤੇ ਸੁਭਾਵਕ ਸੀ। ਆਪਣੇ ਮੁਲਕ ਵਾਪਸ ਆ ਕੇ ਆਪਣਿਆਂ ਦੇ ਦਰਮਿਆਨ ਸ਼ਾਇਦ ਉਸਦੇ ਅੰਦਰ ਦਾ ਇਹ ਬਰਫ਼ ਦਾ ਢੇਰ ਪਿਘਲ ਜਾਵੇ। ਪਰ ਅਜਿਹਾ ਸੰਭਵ ਨਹੀਂ ਲੱਗਦਾ। ਜੀਵਨ ਦੀਆਂ ਸਰਗਰਮੀਆਂ ਉਹ ਮਸ਼ੀਨੀ ਭਾਵਨਾ ਨਾਲ ਨਜਿੱਠਦੀ ਆਈ ਹੈ। ਇਹ ਬੇਚੈਨੀ, ਇਹ ਅਕੇਵੇਂ ਭਰੀ ਬੇਚੈਨੀ ਵੱਧਦੀ ਹੀ ਜਾਂਦੀ ਹੈ।

ਰਾਧਿਕਾ ਸੜਕ ਤੇ ਚਲਦੀ ਗਈ। ਘਰਾਂ ਦੀਆਂ ਚਾਰ ਦੀਵਾਰੀਆਂ ਨੀਵੀਆਂ ਸਨ, ਉਹ ਫ਼ਾਟਕਾਂ ਉੱਤੇ ਲਗੀਆਂ ਨਾਂ-ਪਲੇਟਾਂ ਪੜ੍ਹਦੀ ਗਈ। ਇਕ ਵਕੀਲ ਦੀ ਸ਼ਾਨਦਾਰ ਕੋਠੀ, ਪੋਰਟਿਕੋ ਵਿਚ ਨੀਲੀ ਮਾਰਕ ਟੂ ਗੁਲਦਾਊਦੀ ਦੇ ਗਮਲੇ ਹਰ ਐਮਪਰੈਗਜ਼, ਉਸ ਤੋਂ ਬਾਅਦ ਇਕ ਲੇਡੀ ਡਾਕਟਰ ਦਾ ਇਕ ਮੰਜ਼ਲਾ ਮਕਾਨ, ਕਾਫ਼ੀ ਨਵੇਂ ਢੰਗ ਦਾ, ਪਰ ਸੀਮਿੰਟ ਦੀ ਜਾਲੀ ਨੇ ਸਾਰੀ ਖ਼ੂਬਸੂਰਤੀ ਖ਼ਤਮ ਕਰ ਦਿੱਤੀ ਸੀ, ਜਾਲੀ ਗੇਰੂ ਰੰਗ ਨਾਲ ਲਿੱਪੀ ਹੋਈ ਸੀ। ਡਾਕਟਰਨੀ ਜ਼ਰੂਰ ਕਾਫ਼ੀ ਧਨਾਢ ਹੋਵੇਗੀ ਨਹੀਂ ਤਾਂ ਲੰਮੀ-ਜਹੀ ਅਮਰੀਕਨ ਕਾਰ ਗੈਰਜ ਵਿਚ ਰੱਖਣ ਦੀ ਸਮੱਰਥਾ ਕਿੱਥੋਂ ਲਿਆਉਂਦੀ। ਕੁੱਝ ਅੱਗੇ ਚੱਲ ਕੇ ਸੜਕ ਖੱਬੇ ਹੱਥ ਮੁੜ ਗਈ,

ਜਿਸ ਤੇ ਲਗਾਤਾਰ ਬੱਸਾਂ ਆ ਜਾ ਰਹੀਆਂ ਸਨ, ਉਨ੍ਹਾਂ ਦੇ ਪਿੱਛੇ ਸਕੂਟਰ, ਮੋਟਰਾਂ, ਸਭ ਪਾਗਲਾਂ ਵਾਂਗ ਮੰਜ਼ਿਲ ਤੇ ਪਹੁੰਚਣ ਦੀ ਜਲਦੀ ਵਿਚ।

ਰਾਧਿਕਾ ਸਿੱਧੀ ਤੁਰਦੀ ਗਈ। ਬੰਜਰ ਪਏ ਮੈਦਾਨ ਵਿਚ ਟੈਂਟ ਲੱਗਿਆ ਇਕ ਛੋਟਾ ਜਿਹਾ ਸਕੂਲ, ਇਕ ਚਿੜਚਿੜੀ ਮੁਦਰਾ ਬਣਾਈ, ਜਵਾਨ ਮਾਸਟਰਾਨੀ ਬੱਚਿਆਂ ਨੂੰ ਖੇਡਦਿਆਂ ਵੇਖ ਰਹੀ ਸੀ। ਉਸਦੀ ਨਿਗਰਾਨੀ ਹੇਠਾਂ ਬੱਚੇ ਇਕ ਗੋਲ ਚੱਕਰ ਵਿਚ ਭੱਜ ਰਹੇ ਸਨ। ਕਈ ਜੋੜੇ ਪਤਲੀਆਂ ਲੱਤਾਂ ਵਾਲੇ, ਇਕ ਦੂਜੇ ਦੇ ਪਿੱਛੇ ਦੌੜ ਰਹੇ ਸਨ। ਉਨ੍ਹਾਂ ਦੇ ਮੂੰਹ ਸੁਕ ਰਹੇ ਸਨ। ਲੜਕੀਆਂ ਦੀਆਂ ਤੇਲ ਸਿੰਜੀਆਂ ਗੁੱਤਾਂ ਪਿੱਛੇ ਉੱਡ ਰਹੀਆਂ ਸਨ, ਅਤੇ ਉਨ੍ਹਾਂ ਦੇ ਆਲੇ-ਦੁਆਲੇ ਧੂੜ ਦਾ ਇਕ ਛੋਟਾ ਜਿਹਾ ਘੇਰਾ ਅੱਗ ਸੁੰਨਸਾਨ ਪਹਾੜੀਆਂ, ਉਨ੍ਹਾਂ ਉੱਤੇ ਉੱਗੇ ਕੰਡੇਦਾਰ ਝਾੜ, ਨੇੜੇ-ਨੇੜੇ ਦੋ ਟੁਟੇ ਮਕਬਰੇ, ਰਾਧਿਕਾ ਪੌੜੀਆਂ ਚੜ੍ਹ ਕੇ ਉੱਪਰ ਗਈ, ਜ਼ਮੀਨ ਸਾਫ-ਸੁਥਰੀ ਸੀ। ਇਕ ਪਥਰੀਲੀ ਪੌੜੀ ਉੱਤੇ ਬੈਠ ਕੇ ਥੋੜ੍ਹੀ ਜਿਹੀ ਢਲਾਣ ਉੱਤੇ ਸ਼ਹਿਰ ਖਿਲਰਿਆ ਵਿਖਾਈ ਦਿੰਦਾ ਸੀ। ਖਾਮੋਸ਼ੀ ਪਹਾੜੀਆਂ ਨੂੰ ਪਾਰ ਕਰਦੀ ਉਸ ਤੱਕ ਆ ਪਹੁੰਚੀ ਅਤੇ ਉਹ ਬਹੁਤ ਦੇਰ ਉੱਥੇ ਹੀ ਬੈਠੀ ਰਹੀ।

ਲੱਗਿਆ ਕਿ ਦੋਨਾਂ ਦੇ ਦਰਮਿਆਨ ਕੁੱਝ ਕਹਿਣ ਨੂੰ ਬਾਕੀ ਨਹੀਂ ਹੈ। ਖਾਣੇ ਦੇ ਦੌਰਾਨ ਵੀ ਚੁੱਪ ਹੀ ਰਹੀ। ਵੱਡੇ ਭਾਈ ਕਦੇ-ਕਦੇ ਰਾਧਿਕਾ ਵੱਲ ਵੇਖ ਲੈਂਦੇ, ਰਾਧਿਕਾ ਗੰਭੀਰ ਸੀ, ਬੁੱਲ੍ਹ ਲੱਗੇ ਹੁੰਦੇ, ਸਥਿਰ, ਅੰਤਰਮੁੱਖੀ।

ਵੱਡੇ ਭਾਈ ਦਾ ਫੋਨ ਪਾ ਕੇ ਉਸ ਨੂੰ ਹੈਰਾਨੀ ਹੋਈ ਸੀ,ਥੋੜ੍ਹੀ

ਜਿਹੀ ਖੁਸ਼ੀ ਵੀ। ਇਹ ਸੰਸਕਾਰਿਕ ਪਰਿਵਾਰਿਕ ਭਾਵਨਾਵਾਂ ਅਜੇ ਪੂਰੀ ਤਰ੍ਹਾਂ ਮਰੀਆਂ ਨਹੀਂ ਹਨ। ਹੁਣ ਵੱਡੇ ਭਾਈ ਮੇਜ਼ ਦੇ ਉਸ ਪਾਸੇ ਬੈਠੇ ਹਨ ਅਤੇ ਭੋਜਨ ਕਰ ਰਹੇ ਹਨ। ਇਨ੍ਹਾਂ ਸਾਲਾਂ ਵਿਚ ਵਧੇਰੇ ਨਹੀਂ ਬਦਲੇ ਹਨ। ਹਾਂ ਭਾਬੀ ਦੇ ਨਾਲ ਨਾ ਹੋਣ ਕਰਕੇ ਥੋੜ੍ਹੇ ਜਿਹੇ ਨਰੋਏ ਦਿਸਦੇ ਹਨ।

ਛੋਟੀਆਂ-ਛੋਟੀਆਂ ਰਸਮੀ ਗੱਲਾਂ ਹੋ ਚੁੱਕੀਆਂ ਹਨ, ਹੁਣ ਕੁੱਝ ਬਾਕੀ ਨਹੀਂ। ਵੱਡੇ ਭਾਈ ਦਾ ਵਪਾਰ ਚੰਗਾ ਚੱਲ ਰਿਹਾ ਹੈ, ਬੱਚੇ ਠੀਕ ਹਨ, ਪਾਪਾ ਗੰਗਾ ਪਾਰ ਵਾਲੀ ਆਪਣੀ ਕੋਠੀ ਵਿਚ ਪੁਸਤਕ ਲਿਖ ਰਹੇ ਹਨ। ਨਾਲ ਭਵਾਨੀ ਹੈ ਦੇਖ-ਭਾਲ ਕਰਨ ਲਈ। ਰਾਧਿਕਾ ਭੀੜ-ਭੱੜਕੇ ਵਾਲੀ ਨਗਰੀ ਵਿਚ ਇਕ ਛੋਟੇ ਜਿਹੇ ਫਲੈਟ ਵਿਚ ਹੈ, ਕੁੱਝ ਕਰਨ ਨੂੰ ਨਹੀਂ ਹੈ,

ਇੰਨੇ ਸਾਰੇ ਵਿਹਲੇ ਸਮੇਂ ਵਿਚ ਅਕਸਰ ਸੂਰਜਮੁੱਖੀ ਦੇ ਫੁੱਲਾਂ ਦੇ ਪ੍ਰਿੰਟ ਨੂੰ ਵੇਖਿਆ ਕਰਦੀ ਹੈ, ਅਤੇ ਸੋਚਿਆ ਕਰਦੀ ਹੈ।

ਉਹ ਦੋਵੇਂ ਹੁਣ ਖਾਣਾ ਸਮਾਪਤ ਕਰਨ ਵਾਲੇ ਹਨ। ਵੱਡੇ ਭਾਈ ਕੱਲ੍ਹ ਸਵੇਰੇ ਦੇ ਜਹਾਜ਼ ਰਾਹੀਂ ਲਖਨਊ ਵਾਪਸ ਜਾ ਰਹੇ ਹਨ। ਗੱਲਾਂ ਸਮਾਪਤ ਹੋ ਚੁੱਕੀਆਂ ਹਨ। ਰਾਧਿਕਾ ਹੋਟਲ ਵਿਚ ਡਾਈਨਿੰਗ ਰੂਮ ਦੀ ਮੁਗਲੀਆਂ ਸਜਾਵਟ ਵਾਲੀਆਂ ਦੀਵਾਰਾਂ ਵੇਖ ਰਹੀ ਹੈ।

"ਤੂੰ ਜਲਦੀ ਹੀ ਆਉਣ ਦੀ ਕੋਸ਼ਸ਼ ਕਰੀਂ। ਤੇਰੀ ਭਰਜਾਈ ਤੈਨੂੰ ਮਿਲਣਾ ਚਾਹੁੰਦੀ ਹੈ।"

"ਚੰਗਾ !" ਰਾਧਿਕਾ ਬਿਨਾਂ ਇਤਰਾਜ਼ ਕੀਤੇ ਕਹਿੰਦੀ ਹੈ, ਹਾਲਾਂ ਕਿ ਉਹ ਜਾਣਦੀ ਹੈ ਕਿ ਫਿਲਹਾਲ ਦਿੱਲੀ ਤੋਂ ਨਿਕਲਣ ਦਾ ਉਸਦਾ ਇਰਾਦਾ ਨਹੀਂ ਹੈ, ਸ਼ਾਇਦ ਵੱਡੇ ਭਾਈ ਵੀ ਜਾਣਦੇ ਹਨ।

ਭੋਜਨ ਸਮਾਪਤ ਹੋਣ ਤੇ ਰਾਧਿਕਾ ਕਹਿੰਦੀ ਹੈ, "ਵੱਡੇ ਭਾਈ ਹੁਣ ਮੈਂ ਘਰ ਜਵਾਂਗੀ।" ਵੱਡੇ ਭਾਈ ਥੋੜ੍ਹੀ ਦੇਰ ਰਾਧਿਕਾ ਨੂੰ ਵੇਖਦੇ ਰਹੇ, ਫਿਰ ਕਾਰ ਮੰਗਵਾਉਂਦੇ ਹਨ। ਹੋਟਲ ਦੇ ਲਾਅਨ ਵਿਚ ਝਾੜੀਆਂ ਉੱਤੇ ਨੀਲੀ ਰੋਸ਼ਨੀ ਵਾਲੇ ਬਲਬ ਲੱਗੇ ਹੋਏ ਹਨ, ਜਿਸ ਨਾਲ ਵਾਤਾਵਰਣ ਕਾਫ਼ੀ ਉਤਸਵ ਵਾਲਾ ਹੋ ਗਿਆ ਹੈ।

ਹਵਾ ਵਿਚ ਠੰਡਕ ਹੈ।

ਵੱਡੇ ਭਾਈ ਨੇ ਇਨ੍ਹਾਂ ਦਿਨਾਂ ਵਿਚ ਜਿਹੜੀ ਕਾਰ ਕਿਰਾਏ ਤੇ ਲਈ ਹੈ, ਉਹ ਆ ਕੇ ਝਾੜੀਆਂ ਲਾਗੇ ਖੜ ਗਈ। ਲੰਮੀ ਜਿਹੀ-ਮਰਸਵਡੀਜ਼, ਰਾਧਿਕਾ ਨੇ ਨਮਸਕਾਰ ਕੀਤੀ ਅਤੇ ਕਾਰ ਵਿਚ ਬਹਿ ਗਈ।

ਤੁਰਦੇ-ਤੁਰਦੇ ਵੱਡੇ ਭਾਈ ਰੁਕ ਗਏ। ਅਤੇ ਉਹ ਰਾਧਿਕਾ ਦੇ ਹੱਥ ਵਿਚ ਇਕ ਪੀਲਾ ਲ਼ਿਫਾਫ਼ਾ ਫੜਾਉਣ ਲੱਗੇ। ਰਾਧਿਕਾ ਨੇ ਹੱਥ ਨਾਲ ਇਨਕਾਰ ਕਰ ਦਿੱਤਾ, "ਅਜੇ ਜ਼ਰੂਰਤ ਨਹੀਂ ਹੈ। ਹੋਵੇਗੀ ਤਾਂ ਲੈ ਲਵਾਂਗੀ।"

ਕਾਰ ਚਲ ਪਈ। ਪਿੱਛੇ ਸੀਟ ਨਾਲ ਢਾਸਣਾ ਲਾ ਕੇ ਉਹ ਵੱਡੇ ਭਾਈ ਬਾਰੇ ਸੋਚਣ ਲੱਗੀ। ਕੀ ਉਹ ਇਸ ਸਾਰੀ ਧਨ-ਜਾਇਦਾਦ ਵਿਚ ਇਕੱਲ ਮਹਿਸੂਸ ਨਹੀਂ ਕਰਦੇ ਹੋਣਗੇ ? ਪਰ ਸਫਲਤਾ— ਉਨ੍ਹਾਂ ਨੇ ਆਪਣੇ ਜੀਵਨ ਦਾ ਨਿਸ਼ਾਨਾ ਬਣਾ ਲਿਆ ਹੈ। ਪਾਪਾ ਨਿਰਜਨ ਕੋਠੀ ਵਿਚ,ਅਤੇ ਉਹ ਖੁਦ ਵਿਚ ਸ਼ੋਰ ਭਰੇ ਫ਼ਲੈਟ ਵਿਚ.......।

ਕਾਰ ਹੁਣ ਘਰ ਦੇ ਸਾਹਮਣੇ ਰੁਕੀ, ਤਾਂ ਸ਼ੰਕਰ-ਪਰਿਵਾਰ ਬਾਹਰ ਲਾਅਨ ਵਿਚ ਕੁਰਸੀ ਤੇ ਬੈਠਾ ਸੀ। ਅਕਸ਼ੈ ਵੀ।

ਰਾਧਿਕਾ ਨੂੰ ਸ਼ੰਕਰ ਨੇ ਬੜੇ ਸਤਿਕਾਰ ਸਹਿਤ ਬੁਲਾਇਆ।

"ਬਹੁਤ ਦਿਨਾਂ ਬਾਅਦ ਮਿਲੇ, ਅਕਸ਼ੈ।" ਰਾਧਿਕਾ ਨੇ ਕਿਹਾ।

"ਹਾਂ, ਏਧਰ ਕੰਮ ਬਹੁਤ ਵੱਧ ਗਿਆ ਹੈ। ਸਾਲ ਦਾ ਅਖੀਰ ਹੈ ਨਾ ?"

"ਵੱਡੇ ਭਾਈ ਆਏ ਹੋਏ ਹਨ।"

"ਹਾਂ ਮੈਨੂੰ ਪਤਾ ਹੈ," ਅਕਸ਼ੈ ਨੇ ਕਿਹਾ।

"ਅਕਸ਼ੈ ਦੇ ਵਰਤਾਉ ਵਿਚ ਕੋਈ ਅਜਿਹੀ ਗੱਲ ਨਹੀਂ ਸੀ ਜਿਸ ਉੱਤੇ ਰਾਧਿਕਾ ਉਂਗਲ ਰੱਖ ਸਕੇ, ਪਰੰਤੂ ਉਹ ਕੁੱਝ ਖਿਝਿਆ-ਖਿਝਿਆ ਲੱਗ ਰਿਹਾ ਸੀ।

ਅੰਦਰ ਟੈਲੀਫੋਨ ਦੀ ਘੰਟੀ ਵੱਜੀ।

ਅਨਿਲਾ ਦੇ ਬੁਲਾਉਣ ਤੇ ਜਦੋਂ ਰਾਧਿਕਾ ਉੱਠਕੇ ਅੰਦਰ ਜਾਣ ਲੱਗੀ, ਤਾਂ ਉਸਨੂੰ ਲੱਗਿਆ ਕਿ ਅਕਸ਼ੈ ਦੀਆਂ ਅੱਖਾਂ ਉਸਦੀ ਪਿੱਠ ਉੱਤੇ ਗੱਡੀਆਂ ਹੋਣ। ਫੋਨ ਮਨੀਸ਼ ਦਾ ਸੀ, ਉਹ ਦੁਪਹਿਰ ਨੂੰ ਹੀ ਪਰਤਿਆ ਸੀ, ਅਤੇ ਸਾਰੀ ਸ਼ਾਮ ਰਾਧਿਕਾ ਨੂੰ ਫੋਨ ਤੇ ਮਿਲਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਹੁਣ ਉਹ ਜਾਣਨਾ ਚਾਹੁੰਦਾ ਸੀ ਕਿ ਰਾਧਿਕਾ ਇਕ ਪਿਆਲੀ ਕੋਫੀ ਲਈ, ਉਸਦੇ ਨਾਲ ਬਾਹਰ ਆ ਸਕੇਗੀ ?

ਵੱਡੇ ਭਾਈ ਨੂੰ ਛੱਡ ਕੇ ਆਉਣ ਤੋਂ ਬਾਅਦ ਰਾਧਿਕਾ ਨੇ ਕੋਸ਼ਿਸ਼ ਕੀਤੀ ਕਿ ਉਦਾਸੀ ਦੇ ਟੋਏ ਵਿਚ ਨਾ ਡੁੱਬੇ, ਪਰ ਅਕਸ਼ੈ ਦੇ ਰੁੱਖੇਪਣ ਨੇ ਉਸਨੂੰ ਕਿਨਾਰੇ ਤੱਕ ਧੱਕ ਦਿੱਤਾ ਸੀ। ਹੁਣ ਫੋਨ ਹੱਥ ਵਿਚ ਫੜੀ ਰਾਧਿਕਾ ਇਕ ਪਲ ਝਿਜਕੀ।

"ਤਾਂ ਮੈ ਲੈਣ ਆਵਾਂ," ਮਨੀਸ਼ ਨੇ ਪੁੱਛਿਆ।

"ਚੰਗਾ।" ਰਾਧਿਕਾ ਨੇ ਕਿਹਾ।

ਉਹ ਕਮਰੇ ਤੋਂ ਨਿਕਲੀ। ਕੁਰਸੀ ਤੋਂ ਪਰਸ ਚੁੱਕਿਆ।

"ਕੁੱਝ ਦੇਰ ਹੋਰ ਬੈਠਦੀ," ਪ੍ਰੇਮਾ ਨੇ ਕਿਹਾ।

"ਫਿਰ ਕਦੀ," ਰਾਧਿਕਾ ਨੇ ਕਿਹਾ, ਅਤੇ ਉੱਪਰ ਚਲੀ ਗਈ। ਬੰਦ ਕਮਰੇ ਵਿਚ ਘੁਟਣ ਜਿਹੀ ਮਹਿਸੂਸ ਕਰਦਿਆਂ ਹੋਇਆਂ ਉਸਨੇ ਖਿੜਕੀਆਂ ਖੋਲ੍ਹ ਦਿੱਤੀਆਂ। ਸਾਰਾ ਦਿਨ ਸ਼ੋਰ ਮਚਾਉਣ ਵਾਲੇ ਲੋਕਾਂ ਦੀਆਂ ਝੌਂਪੜੀਆਂ ਵਿਚ ਹੁਣ ਬਿੱਲਕੁਲ ਖਾਮੋਸ਼ੀ ਸੀ ਕਿਤੇ ਦੂਰ

ਵਜ ਰਹੀ ਬੰਸਰੀ ਦੇ ਸੁਰ 'ਸਾ ਰੇ ਗ ਮ' ਤੇ ਆ ਕੇ ਸੁਰ ਹਮੇਸ਼ਾਂ ਬੇਸੁਰਾ ਹੋ ਜਾਂਦਾ ਪਰ ਵਜਾਉਣ ਵਾਲੇ ਵਿਚ ਦ੍ਰਿੜ ਇੱਛਾ ਸ਼ਕਤੀ ਸੀ। ਕਿਉਂ ਜੋ ਹਰ ਵਾਰ ਨਵੇਂ ਸਿਰਿਉਂ ਸ਼ੁਰੂ ਕਰਦਾ, ਅਤੇ 'ਫਿਰ ਮਾ ਤੇ ਆ ਕੇ ਟੁੱਟਿਆ ਸੁਰ।

ਰਾਧਿਕਾ ਹੁਣ ਕੁੱਝ ਨਹੀਂ ਸੋਚਦੀ, ਖਿੜਕੀ, ਦੇ ਨੇੜੇ ਖੜੋ ਕੇ ਬਾਹਰ ਵੇਖਦੀ ਹੈ, ਬਾਹਰ ਗਹਿਰਾ, ਸਲੇਟੀ ਰੰਗਾ ਹਨ੍ਹੇਰਾ ਹੈ, ਗਗਨ ਤੇ ਚਿੱਟੀ ਅਕਾਸ਼ ਗੰਗਾ ਲੇਟੀ ਹੋਈ ਹੈ। ਥੱਲੇ ਵਿਹੜੇ ਵਿਚ ਪਹਾੜੀ ਨੌਕਰ ਭਾਂਡੇ ਸਾਫ਼ ਕਰ ਰਿਹਾ ਸੀ।

ਉਸੇ ਵਕਤ ਮਨੀਸ਼ ਆਕੇ ਖੁੱਲ੍ਹੇ ਦਰਵਾਜ਼ੇ ਤੇ ਖੜੋ ਜਾਂਦਾ ਹੈ।

"ਅਰੇ, ਬੜੀ ਜਲਦੀ ਆ ਗਏ।"

"ਹਾਂ ਨੇੜੇ ਦੇ ਡ੍ਰਗ-ਸਟੋਰ ਤੋਂ ਤੈਨੂੰ ਫੋਨ ਕੀਤਾ ਸੀ। ਤਿਆਰ ਹੈ ?"

ਰਾਧਿਕਾ ਮਨੀਸ਼ ਦੇ ਮੂੰਹ ਵੱਲ ਵੇਖਣਾ ਨਹੀਂ ਚਾਹੁੰਦੀ ਸੀ। ਖਿੜਕੀ ਤੋਂ ਪਿੱਛੇ ਹਟਦੀ ਹੋਈ ਕਹਿੰਦੀ ਹੈ, "ਹਾਂ, ਪਰ ਥੋੜ੍ਹੀ ਦੇਰ ਬੈਠ। ਕੋਫੀ ਇੱਥੇ ਹੀ ਪੀ ਲੈ।"

ਮਨੀਸ਼ ਬੈਠਦਾ ਹੈ। ਸਿਗਰੇਟ-ਕੇਸ ਖੋਲ੍ਹਕੇ ਇਕ ਸਿਗਰਟ ਚੁਣਦਾ ਹੋਇਆ ਬੋਲਿਆ "ਮੈਨੂੰ ਤਾਂ ਆਸ ਨਹੀਂ ਸੀ ਕਿ ਤੂੰ ਏਨੀ ਛੇਤੀ ਅਰਥਾਤ ਦਸ ਵਜੇ ਤੱਕ ਘਰ ਵਾਪਸ ਆਵੇਗੀ।"

"ਵੱਡੇ ਭਾਈ ਮੇਰੇ ਵੱਡੇ ਭਰਾ ਆਏ ਹੋਏ ਹਨ। ਕੱਲ੍ਹ ਸਵੇਰੇ ਜਾ ਰਹੇ ਹਨ।"

"ਤੇਰਾ ਪਰਿਵਾਰ ਵੀ ਹੈ ਰਾਧਿਕਾ ?"

ਮਨੀਸ਼ ਉਸ ਨੂੰ ਖਿੱਝਾ ਰਿਹਾ ਹੈ, ਇਹ ਜਾਣਦਿਆ ਹੋਇਆ ਵੀ ਰਾਧਿਕਾ ਗੰਭੀਰ ਰਹੀ, "ਹਾਂ ਵੱਡੇ ਭਰਾ, ਪਿਤਾ, ਮਾਸੀ, ਭਤੀਜੇ, ਭਤੀਜੀਆਂ ਸਾਰੇ...

"ਖੁਸ਼ ਕਿਸਮਤ ਏਂ। ਮੇਰਾ ਤਾ ਕੋਈ ਨਹੀਂ ਹੈ।"

"ਕੀ ਸੱਚ ?"

"ਹੋਰ ਕੀ ?"

ਮਨੀਸ਼ ਦਾ ਚਿਹਰਾ ਗੰਭੀਰ ਸੀ, ਪਰ ਰਾਧਿਕਾ ਨੂੰ ਵਿਸ਼ਵਾਸ਼ ਨਹੀਂ ਹੁੰਦਾ ਕਿ ਉਹ ਕਦੋਂ ਸੱਚਮੁਚ ਗੰਭੀਰ ਹੈ। ਕਦੋਂ ਗੰਭੀਰਤਾ ਦਾ ਮਖੌਟਾ ਪਾਈ ਮਨ ਹੀ ਮਨ ਹੱਸ ਰਿਹਾ ਹੈ।

"ਚੱਲ ਚਲੀਏ," ਰਾਧਿਕਾ ਨੇ ਕਿਹਾ।

ਜਦੋਂ ਉਹ ਦੋਵੇਂ ਇਕੱਠੇ ਉਤਰੇ, ਉਦੋਂ ਵੀ ਸ਼ੰਕਰ ਦੇ ਲਾਅਨ ਵਿਚ ਸਾਰੇ ਬੈਠੇ ਸਨ, ਅਕਸ਼ੈ ਵੀ।

ਸੋਨਾਮ ਦੇ ਭੋਜਣ ਲਿਆਉਣ ਤੇ ਅਕਸ਼ੈ ਨੇ ਭੋਜਨ ਕਰ ਲਿਆ। ਪਰ ਉਹ ਸ਼ਾਂਤ ਸੀ। ਘੜੀ-ਮੁੜੀ ਧਿਆਨ ਮਨੀਸ਼ ਤੇ ਰਾਧਿਕਾ ਵੱਲ ਚਲਿਆ ਜਾਂਦਾ। ਇਸ ਵੇਲੇ ਜੋ ਅਸਮਰਥ ਕ੍ਰੋਧ ਉਸ ਦੇ ਹਿਰਦੇ ਵਿਚ ਘੁੱਟ ਰਿਹਾ ਸੀ, ਉਸ ਤੋਂ ਉਹ ਬਿੱਲਕੁਲ ਅਣਜਾਣ ਸੀ। ਬਹੁਤ ਸਾਲ ਪਹਿਲਾਂ, ਰਮਾ ਉਸਨੂੰ ਚੰਗੀ ਲੱਗੀ ਸੀ, ਪਰ ਰਮਾ ਨੂੰ ਪਤਨੀ ਦੇ ਰੂਪ ਵਿਚ ਸਵੀਕਾਰ ਕਰਨ ਤੋਂ ਉਹ ਝਿਜਕ ਗਿਆ ਸੀ। ਰਮਾ ਹੁਣ ਸੁੱਖੀ ਸੰਪੂਰਨ ਗ੍ਰਹਿਣੀ ਹੈ ਅਤੇ ਅਕਸ਼ੈ ਦੇ ਜੀਵਨ ਤੋਂ ਪੂਰੀ ਤਰ੍ਹਾਂ ਵੱਖ ਹੋ ਗਈ ਹੈ।

ਇੱਧਰ ਅਕਸ਼ੈ ਮਹਿਸੂਸ ਕਰਦਾ ਹੈ ਕਿ ਉਸ ਵਿਚ ਪਤਾ ਨਹੀਂ ਕੀ ਤਬਦੀਲੀ ਆਉਂਦੀ ਜਾ ਰਹੀ ਹੈ। ਜਿਨ੍ਹਾਂ ਮੁਟਿਆਰਾਂ ਨੂੰ ਅਰਸੇ ਤੋਂ ਜਾਣਦਾ ਸੀ, ਉਹ ਵੀ ਇਕ ਦਮ ਸੋਹਣੀਆਂ ਲੱਗਣ ਲੱਗੀਆਂ ਹਨ। ਦੇਕੀ ਦੀ ਸੁੰਦਰ ਚਮੜੀ, ਅਨਿਲਾ ਦੀਆਂ ਅੱਖਾਂ, ਇੱਥੋਂ ਤੱਕ ਕਿ ਚੰਚਲ ਨੀਨਾ ਵੀ ਵਾਰ-ਵਾਰ ਖਿੱਚ ਪਾਉਂਦੀ ਹੈ। ਪਰ ਉਸ ਤੋਂ ਵਧੇਰੇ ਚੰਗੀ ਤਾਂ ਰਾਧਿਕਾ ਲੱਗਦੀ ਹੈ।

ਰਾਧਿਕਾ ਉਸਨੂੰ ਪਿਆਰੀ ਵੀ ਹੈ, ਉਸਦੇ ਨਾਲ ਜੀਵਨ ਗੁਜ਼ਾਰਿਆ ਵੀ ਜਾ ਸਕਦਾ ਹੈ। ਕਈ ਵਾਰ ਉਸਦੇ ਨੇੜੇ ਹੋਣ ਤੇ ਉਸਨੂੰ ਬਾਹਵਾਂ ਵਿਚ ਘੇਰ ਲੈਣ ਦੀ ਪਾਗਲ, ਪ੍ਰਬਲ ਇੱਛਾ ਹੋਈ ਹੈ। ਪਰ ਹਰ ਵਾਰ ਕਿਸੇ ਅਨਾਮ, ਨਾ ਮਾਲੂਮ ਝਿਜਕ ਨੇ ਉਸ ਨੂੰ ਰੋਕ ਲਿਆ। ਕਦੀ-ਕਦੀ ਜਦੋਂ ਰਾਧਿਕਾ ਹੱਸਦੀ ਹੈ, ਜਾਂ ਉਸਦੀ ਦ੍ਰਿਸ਼ਟੀ ਇਹ ਦਰਸਾਉਂਦੀ ਹੈ ਕਿ ਅਕਸ਼ੈ ਦਾ ਨਾਲ ਹੋਣਾ ਉਸਨੂੰ ਭਾ ਰਿਹਾ ਹੈ, ਵਿਦਿਆ ਦੀਆਂ ਸਾਰੀਆਂ ਗੱਲਾਂ ਬੇਅਰਥ ਲੱਗਦੀਆਂ ਹਨ।

ਸੱਚੀ ਗੱਲ ਤਾਂ ਇਹ ਹੈ ਕਿ ਉਹ ਭੁੱਲ ਨਹੀਂ ਸਕਦਾ ਕਿ ਇਕ ਸਾਲ ਤੱਕ ਰਾਧਿਕਾ ਉਸ ਪੱਤਰਕਾਰ ਦੀ ਪਤਨੀ ਬਣ ਕੇ ਰਹਿ ਚੁੱਕੀ ਹੈ। ਸ਼ਰੇਆਮ ਅਤੇ ਉਸ ਤੋਂ ਬਾਅਦ ਦੋ ਸਾਲਾਂ ਦੌਰਾਨ ਪਤਾ ਨਹੀਂ ਕਿੰਨੇ—ਉਹ ਖੁੱਲ੍ਹ ਕੇ ਰਾਧਿਕਾ ਨੂੰ ਨਹੀਂ ਪੁੱਛ ਸਕਦਾ। ਪਰ ਬਾਦ ਵਿਚ

ਜਦੋਂ ਵੀ ਰਾਧਿਕਾ ਦਾ ਕੋਈ ਪਹਿਲਾਂ ਤੋਂ ਵਾਕਫ਼ਕਾਰ ਮਿਲਦਾ ਹੈ, ਤਾਂ ਅਕਸ਼ੈ ਨੂੰ ਸ਼ੱਕ ਦੇ ਡੰਗ ਪ੍ਰੇਸ਼ਾਨ ਕਰ ਦਿੰਦੇ ਹਨ। ਉਵੇਂ ਹੀ ਜਿਵੇਂ ਮਨੀਸ਼ ਤੇ ਰਾਧਿਕਾ ਦਾ ਸਹਿਜ, ਖੁੱਲ੍ਹਾ ਮਿੱਤਰਤਾ ਪੂਰਨ ਵਰਤਾਉ ਵੇਖਕੇ ਅਕਸਰ ਅਕਸ਼ੈ ਦੇ ਮਨ ਵਿਚ ਇਹ ਵਿਚਾਰ ਆ ਹੀ ਜਾਂਦਾ ਹੈ ਕਿ ਕੀ ਮਨੀਸ਼ ਵੀ ਰਾਧਿਕਾ ਦਾ ਪ੍ਰੇਮੀ ਰਹਿ ਚੁੱਕਿਆ ਹੈ।

ਇਹ ਨਹੀਂ ਕਿ ਅਕਸ਼ੈ ਨੂੰ ਆਪਣੀ ਇਸ ਹੀਣਤਾ ਤੇ ਸੰਗ ਨਾ ਆਉਂਦੀ ਹੋਵੇ। ਕਦੀ-ਕਦੀ ਰਾਧਿਕਾ ਬਹੁਤ ਸੁੱਚੀ, ਅਣਛੂਹੀ ਜਿਹੀ, ਸਤ-ਸੰਜਮ ਦੀ ਸੰਗ ਨਾਲ ਭਰਪੂਰ ਜਾਪਦੀ ਹੈ। ਅਕਸ਼ੈ ਉਸ ਦੇ ਮੂੰਹ ਦੀ ਸਰਲਤਾ ਨੂੰ ਦੇਖਕੇ ਕਦੀ-ਕਦੀ ਭੁਲੇਖੇ ਵਿਚ ਪੈ ਜਾਂਦਾ ਹੈ। ਉਸ ਨੂੰ ਲੱਗਦਾ ਕਿ ਜੋ ਕੁੱਝ ਰਾਧਿਕਾ ਦੇ ਬਾਰੇ ਵਿਚ ਸੁਣਿਆ, ਉਹ ਝੂਠ ਹੈ। ਸੱਚ ਹੈ ਰਾਧਿਕਾ ਦਾ ਗੰਭੀਰ, ਨਿਸਚਲ ਹਾਵ-ਭਾਵ ਮੱਥੇ ਦੇ ਪਿੱਛੇ ਸਵਾਰੇ ਹੋਏ ਵਾਲ, ਚਿਕਨਾ ਚੌੜਾ ਮੱਥਾ, ਧਨੁਸ਼ ਦੇ ਅਕਾਰ ਦੇ ਛੋਟੇ, ਛੋਟੇ ਭਰਵੱਟੇ ਅਤੇ ਅੱਖਾਂ ਜੋ ਬਹੁਤ ਵੱਡੀਆਂ ਨਾ ਹੁੰਦਿਆ ਹੋਇਆਂ ਵੀ ਅਸਧਾਰਣ ਰੂਪ ਵਿਚ ਚਮਕੀਲੀਆਂ ਲੱਗਦੀਆਂ ਹਨ, ਛੋਟੀ ਜਿਹੀ ਉੱਚੀ ਨੱਕ ਅਤੇ ਮੁਕਾਬਲਤਨ ਲੰਮਾ ਮੂੰਹ।

ਤਾਂ ਵੀ ਰਾਧਿਕਾ ਨੂੰ ਪੂਰਨ ਤੌਰ ਤੇ, ਉਸਦੇ ਬੀਤੇ ਸਹਿਤ ਗ੍ਰਹਿਣ ਕਰਨ ਦਾ ਹੌਸਲਾ ਅਕਸ਼ੈ ਆਪਣੇ ਆਪ ਵਿਚ ਨਹੀਂ ਦੇਖਦਾ। ਉਸ ਨੂੰ ਆਪਣੀ ਇਸ ਭਾਵਨਾ ਉੱਤੇ ਅਕਸਰ ਗਿਲਾਨੀ ਵੀ ਹੁੰਦੀ ਹੈ, ਪਰ ਹੁਣ ਉਮਰ ਵੱਧਣ ਤੇ ਉਸ ਨੂੰ ਅਜਿਹੀ ਹੀ ਪਤਨੀ ਦੀ ਕਾਮਨਾ ਹੁੰਦੀ ਹੈ, ਜੋ ਕਿ ਪੂਰਨ ਤੌਰ ਤੇ ਅਕਸ਼ੈ ਦੀ ਹੋਵੇ। ਕੋਈ ਛੋਟੀ ਉਮਰ ਦੀ ਥੋੜ੍ਹੀ ਪੜ੍ਹੀ ਲਿਖੀ। ਜਿਵੇਂ ਨੀਨਾ ਜਾਂ ਦੇਕੀ।

ਅਕਸ਼ੈ ਖੁਦ ਹੀ ਮੁਸਕਰਾ ਪਿਆ। ਉਹ ਪਾਗਲ ਜਿਹੀ ਅਲਹੜ ਨੀਨਾ, ਜਿਸਦਾ ਦੁਪੱਟਾ ਸਦਾ ਬਾਹਵਾਂ ਉੱਤੇ ਹੀ ਡਿਗਿਆ ਰਹਿੰਦਾ ਹੈ—ਉਹ ਨੀਨਾ ? ਅਕਸ਼ੈ ਦੀਆਂ ਖਿੜਕੀਆਂ ਦੇ ਸੀਸ ਉੱਤੇ ਕਿਸੇ ਗਰਦੀ ਰੋਸ਼ਨੀ ਦਾ ਪ੍ਰਕਾਸ਼ ਪਿਆ। ਉਹ ਹਨ੍ਹੇਰੇ ਵਿਚ ਹੀ ਉੱਠ ਕੇ ਖਿੜਕੀ ਦੇ ਕੋਲ ਆ ਗਿਆ।

ਰਾਧਿਕਾ ਹੁਣ ਪਰਤੀ ਸੀ।

ਉਦੋਂ ਗਹਿਰੀ ਬੈਂਗਨੀ ਪਿਟੂਨੀਆਂ ਕਿਆਰੀਆਂ ਵਿਚ ਮੁਰਝਾਉਣ ਲੱਗੀਆਂ ਸਨ, ਅਤੇ ਭੀੜ ਭਰੀ ਸੜਕ ਦੇ ਪਾਰ ਜੈਕਰੈਂਡਾ ਦਾ ਦਰੱਖਤ ਫੁੱਲ ਉੱਠਿਆ। ਰਾਧਿਕਾ ਨੂੰ ਇਹ ਗਿਣਨ ਦੀ ਲੋੜ ਨਹੀਂ ਸੀ ਕਿ ਉਸਨੂੰ ਆਏ ਕਿੰਨੇ ਮਹੀਨੇ ਬੀਤ ਗਏ ਹਨ। ਇਕ-ਇਕ ਦਿਨ ਜੋ ਬੀਤਦਾ ਹੈ, ਯਾਦ ਉੱਤੇ ਗਹਿਰੀ ਲ਼ਕੀਰ ਵਾਂਗ ਖਿੱਚਿਆ ਹੈ। ਆਈ ਸੀ ਤਾਂ ਧੁੱਪ ਵਿਚ ਬਹਿਕੇ ਥੋੜ੍ਹੀ-ਥੋੜ੍ਹੀ ਧੁੱਪ ਸੇਕਣੀ ਚੰਗੀ ਲੱਗਦੀ ਸੀ, ਹੁਣ ਧੁੱਪ ਸਹੀ ਨਹੀਂ ਜਾਂਦੀ। ਕੁੱਝ ਹੀ ਸਮੇਂ ਵਿਚ, ਉੱਪਰ ਦੀ ਮੰਜ਼ਿਲ ਦੇ ਇਹ ਕਮਰੇ ਬੇਹੱਦ ਤਪਣ ਲਗਣਗੇ। ਪਰ ਜਦੋਂ ਬਰਸਾਤ ਦੀ ਪਹਿਲੀ ਫੁਹਾਰ ਪਵੇਗੀ, ਤਾਂ ਕਿਹੋ ਜਿਹਾ ਲੱਗੇਗਾ ? ਇਨ੍ਹਾਂ ਨੀਵੀਆਂ ਛੱਤਾਂ ਤੇ ਕਣੀਆਂ ਦੀ ਆਵਾਜ਼ ਸੁਣਾਈ ਦੇਵੇਗੀ, ਰਾਧਿਕਾ ਨੂੰ ਬਰਸਾਤ ਚੰਗੀ ਲੱਗਦੀ ਹੈ, ਪਰ ਅਜੇ ਬਰਸਾਤ ਆਉਣ ਵਿਚ ਬਹੁਤ ਦਿਨ ਹਨ, ਪਹਿਲਾਂ ਇਹ ਧੂੜ ਭਰੇ, ਤਪਦੇ ਦਿਨ ਤਾਂ ਗੁਜ਼ਰਨ।

ਮਨੀਸ਼ ਫਿਰ ਕਿਤੇ ਬਾਹਰ ਚਲਿਆ ਗਿਆ। ਸ਼ਾਇਦ ਬੰਬਈ। ਰਾਧਿਕਾ ਉਸਦੀ ਗੈਰ-ਹਾਜ਼ਰੀ ਕਦੀ-ਕਦੀ ਮਹਿਸੂਸ ਕਰਦੀ ਹੈ। ਖਾਸ ਕਰਕੇ ਸਾਰਾ ਦਿਨ ਇੱਕਲਿਆਂ ਗੁਜ਼ਾਰਨ ਤੋਂ ਬਾਅਦ, ਸ਼ਾਮ ਨੂੰ, ਖੁੱਲ੍ਹੀ ਛੱਤ ਤੇ ਬੈਠ ਕੇ ਮਨਭਾਉਂਦੀਆਂ ਗੱਲਾਂ ਕਰਨ ਦੀ ਇੱਛਾ ਹੁੰਦੀ ਹੈ। ਅਨਿਲਾ, ਨੀਨਾ ਕਦੇ ਹੀ ਉੱਪਰ ਆਉਂਦੀਆਂ ਹਨ, ਪ੍ਰੇਮਾ ਤਾਂ ਕਦੇ ਵੀ ਨਹੀਂ। ਸ਼ਾਮ ਨੂੰ ਛੱਤ ਉੱਤੇ ਟਹਿਲਣ ਨਾਲ ਆਸ-ਪਾਸ ਲੋਕਾਂ ਦੀ ਸਰਗਰਮੀ ਵਿਖਾਈ ਦਿੰਦੀ ਹੈ। ਹੇਠਾਂ, ਖੇਡਦੇ ਹੋਏ ਬੱਚੇ, ਨਵੇਂ ਘੜੇ ਹੱਥ ਫੜੀ ਜਾਂਦੇ ਗੁਆਂਢੀ, ਪਿੱਛੇ, ਓਧਰ ਝੋਪੜੀਆਂ ਵਿਚ ਵੀ ਰੌਣਕ ਵੱਧ ਜਾਂਦੀ ਹੈ।

ਰਾਧਿਕਾ ਉਸ ਦਿਨ ਪੁਸਤਕਾਂ ਦੀ ਦੁਕਾਨ ਤੋਂ ਪਰਤ ਰਹੀ ਸੀ। ਮਨ ਤੇ ਜਦੋਂ ਬੋਝ ਵੱਧ ਜਾਂਦਾ ਹੈ, ਤਾਂ ਉਹ ਹਲਕਾ ਜਿਹਾ ਨਾਵਲ ਪੜ੍ਹਦੀ ਹੈ, ਕਤਲ ਅਤੇ ਸਨਸਨੀ ਭਰਪੂਰ। ਹੱਥ ਵਿਚ ਹਰਾ ਪੈਕਟ ਸੀ, ਉਸ ਵਿਚ ਜਾੱਨ ਡਿਕਸ਼ਨ ਦੀਆਂ ਦੋ ਪੁਸਤਕਾਂ, ਜੋ ਕਿ ਉਸਨੇ ਪੇਵਮੈਂਟ ਉੱਤੇ ਵਿਕ ਰਹੀਆਂ ਪੁਰਾਣੀਆਂ ਕਿਤਾਬਾਂ ਦੇ ਢੇਰ ਵਿਚੋਂ ਚੁਣੀਆਂ ਸਨ। ਪੌੜੀਆਂ ਚੜ੍ਹਦਿਆਂ ਉਸਨੇ ਸ਼ੰਕਰ ਦੇ ਕਮਰੇ ਵਿਚ ਅਕਸ਼ੈ ਦੀ ਆਵਾਜ਼ ਸੁਣੀ। ਉਹ ਰੁਕੀ ਨਹੀਂ, ਉੱਤੇ ਜਾ ਕੇ ਸਟੋਵ ਤੇ ਕੋਫੀ ਰੱਖ ਦਿੱਤੀ ਅਤੇ ਕਮਰਾ ਥੋੜ੍ਹਾ ਜਿਹਾ ਠੀਕ-ਠਾਕ ਕਰ ਲਿਆ। ਤਾਰ ਉੱਤੋਂ ਸਾੜ੍ਹੀ
ਲਾਹ ਕੇ ਤਹਿ ਲਾ ਦਿੱਤੀ, ਵਾਲ ਸਵਾਰੇ ਅਤੇ ਇਕ ਨੀਵੀਂ ਕੁਰਸੀ ਉੱਤੇ ਬਹਿ ਗਈ।

ਕੁੱਝ ਦੇਰ ਵਿਚ ਕੋਫੀ ਦੀ ਤੁਰਸ਼ ਸੁਗੰਧ ਕਮਰੇ ਵਿਚ ਫੈਲ ਗਈ ਅਤੇ ਖੁੱਲ੍ਹੇ ਦਰਵਾਜ਼ੇ ਦੇ ਬਾਹਰ ਵੇਖਣ ਤੇ ਪਤਾ ਲੱਗਾ ਕਿ ਜ਼ਰਾ ਜਿਹਾ ਹਨ੍ਹੇਰਾ ਹੋ ਗਿਆ ਹੈ। ਜਦੋਂ ਰਾਧਿਕਾ ਹੇਠਾਂ ਉਤਰੀ, ਸਵੇਰ ਦੀ ਬੈਠਕ ਖਾਲੀ ਪਈ ਸੀ। ਪਹਾੜੀ ਨੇ ਦੱਸਿਆ ਉਹ ਸਾਰੇ ਟਹਿਲਦੇ ਹੋਏ ਅਕਸ਼ੈ ਦੇ ਘਰ ਤੱਕ ਚਲੇ ਗਏ ਹਨ। ਰਾਧਿਕਾ ਨੇ ਕੁੱਝ ਸੋਚਿਆ, ਫਿਰ ਉਹ ਵੀ ਉਸ ਪਾਸੇ ਚਲ ਪਈ। ਗੇਟ ਤੇ ਹੀ ਸਾਰੇ ਸਨ, ਰਾਧਿਕਾ ਨੂੰ ਵੇਖਕੇ ਚੁੱਪ ਹੋ ਗਏ। ਕੀ ਉਹ ਉਸਦੀ ਹੀ ਚਰਚਾ ਕਰ ਰਹੇ ਸਨ ?

ਰਾਧਿਕਾ ਨੂੰ ਉਸ ਵਕਤ ਮਹਿਸੂਸ ਹੋਇਆ ਕਿ ਉਸਦਾ ਆਉਣਾ ਠੀਕ ਨਹੀਂ ਰਿਹਾ।

ਭਾਵੇਂ ਅਕਸ਼ੈ ਰਾਧਿਕਾ ਨੂੰ ਵੇਖਕੇ ਹੈਰਾਨ ਹੋਇਆ, ਫਿਰ ਵੀ ਉਸਨੇ ਪ੍ਰਗਟ ਨਾ ਕਰਦਿਆਂ ਕਿਹਾ, "ਰਾਧਿਕਾ ਬਹੁਤ ਦਿਨਾਂ ਪਿੱਛੋਂ ਵਿਖਾਈ ਪਈ। ਆ, ਉੱਪਰ ਚਲ।"

"ਚੰਗਾ। ਹੁਣ ਸਾਨੂੰ ਤਾਂ ਆਗਿਆ ਦਿਓ।" ਸ਼ੰਕਰ ਪਰਿਵਾਰ ਨੇ ਕਿਹਾ ' ਮੈਂ ਸੈਰ ਕਰਨ ਨਿਕਲੀ ਹਾਂ," ਰਾਧਿਕਾ ਨੇ ਕਿਹਾ "ਫਿਰ ਆਵਾਂਗੀ।"

ਅਕਸ਼ੈ ਦੇ ਜਾਣ ਦੀ ਖ਼ਬਰ ਸਭ ਤੋਂ ਪਹਿਲਾਂ ਰਾਧਿਕਾ ਨੂੰ ਸੋਨਾਮ ਤੋਂ ਮਿਲੀ। ਸੋਨਾਮ ਨੇ ਜਦੋਂ ਉਸ ਨੂੰ ਦੱਸਿਆ ਕਿ ਉਹ ਡਲਹੋਜ਼ੀ ਜਾ ਰਿਹਾ ਹੈ, ਕਿਉਂਕਿ ਅਕਸ਼ੈ ਦੀ ਬਦਲੀ ਕੱਲਕਤੇ ਦੀ ਹੋ ਗਈ ਹੈ, ਤਾਂ ਰਾਧਿਕਾ ਤ੍ਰਭਕ ਪਈ। ਇਹ ਸੱਚ ਸੀ ਕਿ ਪਿਛਲੇ ਕਈ ਹਫ਼ਤਿਆਂ ਤੋਂ ਅਕਸ਼ੈ ਦੀ ਸੂਰਤ ਵੀ ਉਸਨੂੰ ਨਹੀਂ ਦਿੱਸੀ ਸੀ, ਪਰ ਕੰਮ-ਕਾਰ ਦੇ ਰੁਝੇਵੇਂ ਦੀ ਗੱਲ ਉਸਨੇ ਬੜੀ ਸਫਲਤਾ ਨਾਲ ਸਵੀਕਾਰ ਕਰ ਲਈ ਸੀ।

"ਕਦੋਂ ਜਾ ਰਹੇ ਹਨ ?" ਉਸਨੇ ਪੁੱਛਿਆ।

"ਇਸੇ ਸ਼ਨੀਵਾਰ ਨੂੰ।" ਸੋਨਾਮ ਨੇ ਗਿੱਲੇ ਹੱਥ ਪੂੰਝਦਿਆਂ ਕਿਹਾ।

"ਯਾਨੀ ਪਰਸੋਂ" ਦਿਨ ਚੇਤੇ ਕਰਕੇ ਰਾਧਿਕਾ ਨੇ ਸੋਚਿਆ। "ਏਨੀ ਜਲਦੀ।"

"ਸਾਹਿਬ ਘਰ ਹੀ ਹਨ ?" ਉਸਨੇ ਪੁੱਛਿਆ।

"ਥੱਲੇ ਆਏ ਹਨ।" ਸੋਨਾਮ ਨੇ ਕਿਹਾ। ਰਾਧਿਕਾ ਥੱਲੇ ਜਾਣ ਲਈ ਸਾੜ੍ਹੀ ਬਦਲਣ ਚੱਲੀ, ਪਰ ਰੁਕ ਗਈ। ਜੇ ਅਕਸ਼ੈ ਚਾਹੇਗਾ ਤਾਂ ਉੱਪਰ ਆ ਜਾਵੇਗਾ। ਉਸ ਨੂੰ ਧਿਆਨ ਆਇਆ ਕਿ ਅੱਜ-ਕੱਲ ਅਕਸ਼ੈ ਹੇਠਾਂ ਬਹੁਤ ਆਉਣ ਲੱਗਾ ਹੈ, ਪਰ ਉੱਤੇ ਆਉਣ ਲਈ ਉਸ ਕੋਲ ਸਮਾਂ ਨਹੀਂ ਹੈ। ਰਾਧਿਕਾ ਨੇ ਚਾਹਿਆ ਕਿ ਬੁਰਾ ਨਾ ਮੰਨੇ, ਉਸ ਨੇ ਪੁਸਤਕ ਚੁੱਕੀ ਅਤੇ ਬਿਸਤਰੇ ਉੱਤੇ ਉਲਟੀ ਲੇਟ ਕੇ ਪੜ੍ਹਨ ਲੱਗੀ। ਭਾਵੇਂ ਕੁਝ ਪੰਨੇ ਪਹਿਲਾਂ ਹੀ ਚੀਨੀ ਦੇ ਭਾਂਡੇ ਬਣਾਉਣ ਵਾਲੇ ਕਾਰਖ਼ਾਨੇ ਦੇ ਅੰਦਰੂਨੀ ਭਾਗ ਵਿਚ, ਇਕ ਲਾਸ਼ ਬਰਾਮਦ ਹੋ ਚੁੱਕੀ ਸੀ। ਫਿਰ ਵੀ ਰਾਧਿਕਾ ਦਾ ਮਨ ਉਸ ਨੂੰ ਅੱਗੇ ਪੜ੍ਹਨ ਵਿਚ ਨਾ ਲੱਗਿਆ, ਤਾਂ ਅਕਸ਼ੈ ਵੀ ਜਾ ਰਿਹਾ ਹੈ।

ਅਕਸ਼ੈ ਉਸ ਦਿਨ ਵੀ ਉੱਪਰ ਨਹੀਂ ਆਇਆ ਤਾਂ ਰਾਧਿਕਾ ਨੂੰ ਲੱਗਿਆ ਕਿ ਮੇਰੇ ਬਾਰੇ ਅਕਸ਼ੈ ਦੇ ਮਨ ਵਿਚ ਕਿਤੇ ਨਾ ਕਿਤੇ ਰੋਸ ਜ਼ਰੂਰ ਹੈ।

ਪਰ ਰਾਧਿਕਾ ਉਸ ਰੋਸ ਦਾ ਕਾਰਨ ਨਾ ਲਭ ਸਕੀ। ਵਾਰ-ਵਾਰ ਆਪਣੇ ਅਤੇ ਅਕਸ਼ੈ ਦੇ ਸੰਬੰਧਾਂ ਬਾਰੇ ਉਹ ਸੋਚਦੀ ਰਹੀ; ਕਦੀ ਵੀ ਤਾਂ ਅਜਿਹਾ ਅਵਸਰ ਨਹੀਂ ਆਇਆ ਕਿ ਅਕਸ਼ੈ ਦੇ ਬੁਰਾ ਮੰਨਾਉਣ ਵਾਲੀ ਕੋਈ ਗੱਲ ਹੋਈ ਹੋਵੇ। ਜੇ ਕਿਸੇ ਨੂੰ ਰੋਸ ਹੋਵੇ, ਤਾਂ ਉਹ ਰਾਧਿਕਾ ਹੈ, ਕਿਉਂ ਜੋ ਅਕਸ਼ੈ ਪਤਾ ਨਹੀਂ ਕਦੋਂ ਤੋਂ ਉਸਨੂੰ ਨਜ਼ਰ ਅੰਦਾਜ਼ ਕਰ ਰਿਹਾ ਹੈ। ਥੱਲੇ ਆ ਕੇ ਟੁਰ ਜਾਂਦਾ ਹੈ। ਰਾਧਿਕਾ ਨੇ 'ਹੂੰ' ਕਹਿ ਕੇ ਟਾਲਨਾ ਚਾਹਿਆ, ਪਰ ਟਾਲ ਨਾ ਸਕੀ। ਇਕ ਕੰਡੇ ਵਾਂਗ ਅਣਜਾਣਿਆ ਸਵਾਲ ਮਨ ਵਿਚ ਚੁਭਦਾ ਰਿਹਾ। ਅਤੇ ਵਿਚਾਲੇ ਦਾ ਦਿਨ ਸ਼ੁਕਰ ਵੀ ਬੀਤ ਗਿਆ। ਰਾਧਿਕਾ ਉਸ ਦਿਨ ਬਜ਼ਾਰ ਚਲੀ ਗਈ ਸੀ, ਐਵੇ ਹੀ, ਥੋੜ੍ਹਾ ਜਿਹਾ ਮਨ ਬਹਿਲਾਉਣ ਲਈ। ਪਰ ਉੱਥੇ ਵੀ ਪਰੇਸ਼ਾਨ ਜਿਹੀ ਹੀ ਘੁੰਮਦੀ ਰਹੀ, ਅਤੇ ਫਿਰ ਸ਼ਨੀਵਾਰ ਆ ਗਿਆ।

ਕੀ ਮੈਂ ਅਕਸ਼ੈ ਨੂੰ ਮਿਲਣ ਜਾਵਾਂ ? ਰਾਧਿਕਾ ਇਸੇ ਦੁਚਿੱਤੀ ਵਿਚ ਡੁੱਬੀ ਰਹੀ, ਉਸਨੂੰ ਘੜੀ ਮੁੜੀ ਅਕਸ਼ੈ ਉੱਤੇ ਹੈਰਾਨੀ ਹੁੰਦੀ, ਨੀਨਾ ਦਿਨੇ ਉੱਪਰ ਆਈ, ਤਾਂ ਦਸ ਗਈ ਕਿ ਅਕਸ਼ੈ ਐਤਵਾਰ ਨੂੰ ਸਵੇਰੇ ਹਵਾਈ ਜਹਾਜ਼ ਰਾਹੀਂ ਜਾ ਰਿਹਾ ਹੈ। ਥੋੜ੍ਹੀ ਦੇਰ ਨੀਨਾ ਕੋਲ ਬੈਠੀ ਰਹੀ ਅਤੇ ਰਾਧਿਕਾ ਮਨ ਹੀ ਮਨ ਚਾਹੁੰਦੀ ਰਹੀ ਕਿ ਕਿਸੇ ਤਰ੍ਹਾਂ ਨੀਨਾ ਚਲੀ ਜਾਵੇ।

ਨੀਨਾ ਬੈਠੀ ਹੀ ਸੀ ਕਿ ਰਾਧਿਕਾ ਨੇ ਇਕਦਮ ਫੈਸਲਾ ਕਰ ਲਿਆ ਕਿ ਅਕਸ਼ੈ ਜਾਂਦਾ ਹੈ, ਤਾਂ ਜਾਏ, ਉਹ ਖੁਦ ਵਿਦਾ ਕਰਨ ਲਈ ਨਹੀਂ ਜਾਵੇਗੀ। ਮੰਨਿਆਂ ਕਿ ਅਰੰਭ ਵਿਚ ਅਕਸ਼ੈ ਦੇ ਅਹਿਸਾਨ ਉਸ ਉੱਤੇ ਸਨ, ਪਰ ਹੁਣ ਉਹ ਸਪੱਸ਼ਟ ਹੀ ਰੁੱਸੇ ਬੱਚੇ ਵਾਂਗ ਵਰਤਾਉ ਕਰ ਰਿਹਾ ਹੈ।

ਨੀਨਾ ਸ਼ਾਮ ਦੇ ਭੋਜਨ ਦਾ ਸੱਦਾ ਦੇਣ ਆਈ ਸੀ। ਰਾਧਿਕਾ ਦਿਲੋਂ ਤਿਆਰ ਨਹੀਂ ਸੀ ਹੋਈ। ਉਸਨੂੰ ਪਤਾ ਸੀ ਕਿ ਅਕਸ਼ੈ ਵੀ ਉੱਥੇ ਹੋਵੇਗਾ।

ਜਦੋਂ ਉਹ ਥੱਲੇ ਪਹੁੰਚੀ, ਅਕਸ਼ੈ ਆ ਚੁੱਕਾ ਸੀ ਅਤੇ ਉਸ ਦੇ ਹੱਥਾਂ ਵਿਚ ਟਮਾਟਰ ਦੇ ਜੂਸ ਦਾ ਗਿਲਾਸ ਸੀ। ਚਿਹਰਾ ਉਸਦਾ ਜ਼ਰਾ ਉਦਾਸ ਸੀ। ਰਾਧਿਕਾ ਫੈਸਲਾ ਕਰਕੇ ਗਈ ਸੀ ਕਿ ਅਕਸ਼ੈ ਜੇਕਰ ਦੂਰ-ਦੂਰ ਰਹਿਕੇ ਲਾਪਰਵਾਹ ਜਿਹਾ ਵਾਰਤਾ ਕਰੇਗਾ, ਤਾਂ ਉਹ ਉਵੇਂ ਹੀ ਜਵਾਬ ਦੇਵੇਗੀ, ਪਰ ਰਾਧਿਕਾ ਨੂੰ ਵੇਖਕੇ ਅਕਸ਼ੈ ਜਿਸ ਪ੍ਰਕਾਰ ਮੁਸਕਰਾਇਆ ਉਸ ਨਾਲ ਉਹ ਇਕ ਦਮ ਹੈਰਾਨ ਰਹਿ ਗਈ। ਉਸਨੇ ਅਕਸ਼ੈ ਦੀਆਂ ਅੱਖਾਂ ਵਿਚ ਸਿੱਧਾ ਵੇਖਿਆ ਅਤੇ ਫਿਰ ਉਸ ਨੂੰ ਛੱਲ ਨਾ ਸਕਣ ਕਾਰਨ ਨਜ਼ਰ ਹਟਾ ਲਈ।

ਕੀ ਅਕਸ਼ੈ ......? ਕੀ ਅਕਸ਼ੈ ਮੈਨੂੰ ........? ਰਾਧਿਕਾ ਨੇ ਸੋਚਿਆ। ਉਹ ਨਜ਼ਰ ਤਾਂ ਇਕ ਰੁੱਸੇ ਵਿਅਕਤੀ ਦੀ ਨਹੀਂ ਸੀ, ਇਕ ਜ਼ਖਮੀ ਬੱਚੇ ਦੀ ਸੀ। ਕੀ ਮੈਂ ਅਕਸ਼ੈ ਨੂੰ ਕਿਸੇ ਪ੍ਰਕਾਰ ਦਾ ਦੁੱਖ ਦਿੱਤਾ ਹੈ.... ਅਤੇ ਫਿਰ ਉੱਤਰ ਆਪਣੇ ਆਪ ਉਸਦੇ ਮਨ ਵਿਚ ਚਮਕ ਪਿਆ।

ਮਨੀਸ਼।

ਰਾਧਿਕਾ ਨੇ ਆਪਣੇ ਆਪ ਵਿਚ ਐਨਾ ਰਿਲੀਫ਼ ਮਹਿਸੂਸ ਕੀਤਾ ਕਿ ਉਸਨੇ ਜ਼ੋਰ ਨਾਲ ਹੱਸਣਾ ਚਾਹਿਆ। ਅਨਿਲਾ ਦੇ ਦੇਣ ਤੇ ਉਸਨੇ ਇਕ ਗਿਲਾਸ ਅਨਾਨਾਸ ਦੇ ਰਸ ਦਾ ਚੁੱਕ ਲਿਆ ਅਤੇ ਅਕਸ਼ੈ ਦੇ ਕੋਲ ਜਾਕੇ ਖਲੋ ਗਈ।

'ਜਵੇਂ ਦੋਵੇਂ ਸਾਲਾਂ ਬਾਦ ਮਿਲੇ ਹੋਣ।

"ਤਾਂ ਕੱਲ੍ਹ ਨੂੰ ਜਾ ਰਹੇ ਹੋ ?" ਗੱਲ ਦਾ ਮੁੱਢ ਬੰਨਦਿਆਂ ਰਾਧਿਕਾ ਨੇ ਪੁੱਛਿਆ। ਅਤੇ ਰਸ ਦਾ ਇਕ ਘੁਟ ਪੀਤਾ। ਤੁਰਸ਼ ਰਿਹਾ ਮਿੱਠਾ-ਪਣ ਉਸਨੂੰ ਚੰਗਾ ਲੱਗਾ।

"ਹੂੰ": ਅਕਸ਼ੈ ਨੇ ਕਿਹਾ। ਵੇਖਦਾ ਰਿਹਾ।

"ਇਕ ਦਮ ਹੀ ਹੋ ਗਈ ਟ੍ਰਾਂਸਫਰ ?'

"ਹਾਂ : ਉੱਥੇ ਹੈੱਡ ਆਫ਼ਿਸ ਵਿਚ ਥਾਂ ਮਿਲ ਗਈ।

ਨੀਨਾ ਆ ਕੇ ਅਕਸ਼ੈ ਦੀ ਕੁਰਸੀ ਦੇ ਹੱਥੇ ਤੇ ਬੈਠ ਗਈ ਅਤੇ ਬੋਲੀ,"

"ਜਾ ਕੇ ਸਾਨੂੰ ਕਲੱਕਤੇ ਜ਼ਰੂਰ ਸਦਣਾ।"

"ਜ਼ਰੂਰ: " ਅਕਸ਼ੈ ਨੇ ਉੱਤਰ ਦਿੱਤਾ। ਇਕ ਵਾਰ ਫਿਰ ਰਾਧਿਕਾ ਵੱਲ ਨਜ਼ਰ ਚਲੀ ਗਈ। ਨੀਨਾ ਦੇ ਆਉਣ ਤੇ ਅਕਸ਼ੈ ਤੋਂ ਥੋੜ੍ਹਾ ਹਟ ਕੇ ਖਲ੍ਹੋ ਗਈ ਸੀ ਅਤੇ ਮੈਂਟਲਪੀਸ ਵੱਲ ਅੱਖਾਂ ਗੱਡ ਦਿੱਤੀਆਂ। ਚਿਹਰਾ ਗੰਭੀਰ, ਬੁੱਲ੍ਹ ਸਥਿਰ ਅਤੇ ਅਕਸ਼ੈ ਨੂੰ ਫਿਰ ਇਕ ਵਾਰ ਮਹਿਸੂਸ ਹੋਇਆ ਕਿ ਪਾਸਿਓਂ ਵੇਖਣ ਤੇ ਰਾਧਿਕਾ ਦਾ ਚਿਹਰਾ ਬਿੱਲਕੁਲ ਨਿਰਦੋਸ਼ ਹੈ।

ਕੀ ਉਸਨੇ ਰਾਧਿਕਾ ਨਾਲ ਅਨਿਆਂ ਕੀਤਾ ਹੈ ? ਕੀ ਉਸਨੂੰ ਸਾਫ਼-ਸਾਫ਼ ਰਾਧਿਕਾ ਨੂੰ ਕਹਿ ਦੇਣਾ ਚਾਹੀਦਾ ਹੈ। ਅਕਸ਼ੈ ਨੇ ਮਨ ਕਲਪਨਾ ਕੀਤੀ ਕਿ ਉਹ ਰਾਧਿਕਾ ਨੂੰ ਕਹਿ ਰਿਹਾ ਹੈ, "ਵੇਖ ਰਾਧਿਕਾ ਮੈਨੂੰ ਤੇਰੇ ਨਾਲ ਬਹੁਤ ਲਗਾਓ ਹੈ। ਪਤਨੀ ਰੂਪ ਵਿਚ ਤੇਰੀ ਕਾਮਨਾ ਵੀ ਪਹਿਲਾਂ ਮੇਰੇ ਮਨ ਵਿਚ ਦਬੀ ਰਹੀ। ਪਰ ਤੈਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕਰ ਸਕਿਆ। ਤੇਰੇ ਬੀਤੇ ਬਾਰੇ ਮੇਰੇ ਮਨ ਨੂੰ ਕੁੱਝ ਹਮੇਸ਼ਾ ਚੁਭਦਾ ਰਿਹਾ ਹੈ। ਸੱਚ ਦੱਸ ਰਾਧਿਕਾ, ਕੀ ਮਨੀਸ਼ ਵੀ ਤੇਰਾ ਪ੍ਰੇਮੀ..... ??"

ਰਾਧਿਕਾ ਉੱਤੇ ਇਸ ਦਾ ਕੀ ਅਸਰ ਹੋਵੇਗਾ, ਅਕਸ਼ੈ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ।

ਨਹੀਂ ਉਹ ਚੁੱਪ ਹੀ ਰਹੇਗਾ। ਇਹ ਸਭ ਕੁੱਝ ਕਹਿ ਕੇ ਉਹ ਰਾਧਿਕਾ ਨੂੰ ਦੁੱਖੀ ਅਤੇ ਨਾਰਾਜ਼ ਨਹੀਂ ਹੋਣ ਦੇਵੇਗਾ। ਇਹ ਉਸ ਦਾ ਆਪਣਾ ਪਾਗਲਪਣ ਹੈ, ਅਤੇ ਇਸਨੂੰ ਉਹ ਖੁਦ ਝੱਲੇਗਾ।

ਫਿਰ ਵੀ ਉਹ ਖਿੰਡਣ ਕਿਉਂ ਲੱਗਦਾ ਹੈ ? ਇੱਧਰ ਜਦੋਂ ਦਾ ਰਾਧਿਕਾ ਤੋਂ ਦੂਰ ਰਹਿਣ ਲੱਗਿਆ ਹੈ, ਉਦੋਂ ਦਾ ਇਹ ਹੋਰ ਵੀ ਮਹਿਸੂਸ ਹੁੰਦਾ ਹੈ ਕਿ ਰਾਧਿਕਾ ਕਿਸ ਪ੍ਰਕਾਰ ਜੀਵਨ ਤੇ ਛਾ ਗਈ ਹੈ। ਦੂਰ ਜਾ ਕੇ ਉਸ ਨੂੰ ਕੱਢ ਸੁੱਟਣ ਵਿਚ ਉਹ ਸਫ਼ਲ ਹੋਵੇਗਾ। ਇਸ ਬਾਰੇ ਉਸ ਨੂੰ ਸ਼ੱਕ ਹੈ।

ਇਕੱਠੇ ਬਹਿ ਕੇ ਭੋਜਨ ਕਰਨ ਦੇ ਕੰਮ ਨੂੰ ਅਲੀ ਨੇ ਮਸ਼ੀਨ ਵਾਂਗ ਖਤਮ ਕੀਤਾ। ਪ੍ਰੇਮਾ ਵਾਰ-ਵਾਰ ਉਸਦੇ ਜਾਣ ਤੇ ਦੁੱਖ ਪ੍ਰਗਟ ਕਰ ਰਹੀ ਸੀ। ਅਨਿਲਾ ਦਾ ਚਿਹਰਾ ਸਦਾ

ਵਾਂਗ ਲਿਪਿਆ-ਪੋਚਿਆ ਅਤੇ ਭਾਵਨਾ-ਹੀਣ ,ਨੀਨਾ ਨਾਲ ਬੇਮਤਲਬ ਗੱਲਾਂ ਦੀ ਝੜੀ ਅਤੇ ਰਾਧਿਕਾ ਬਿੱਲਕੁਲ ਚੁੱਪ।

ਕਦੇ-ਕਦੇ ਅਕਸ਼ੈ ਦਾ ਮਨ ਕਾਹਲਾ ਪੈਣ ਲੱਗਦਾ ਕਿ ਰਾਧਿਕਾ ਕੁੱਝ ਬੋਲ ਕਿਉਂ ਨਹੀਂ ਰਹੀ ? ਫਿਰ ਇਕ ਵਿਚਾਰ ਨੇ ਉਸਨੂੰ ਮਸ਼ੀਨ ਵਾਂਗ ਕਰ ਦਿੱਤਾ, ਸ਼ਾਇਦ ਰਾਧਿਕਾ ਲਈ ਉਸਦਾ ਜਾਣਾ ਕੋਈ ਅਹਿਮੀਅਤ ਨਹੀਂ ਰੱਖਦਾ।

ਉਦੋਂ ਉਹ ਕੁੱਝ ਪਲ ਰਾਧਿਕਾ ਨੂੰ ਇੱਕਲਿਆਂ ਮਿਲਣ ਲਈ ਤੜਪਣ ਲੱਗਾ।

ਭੋਜਨ ਉਪਰੰਤ, ਸਾਰੇ ਕੁੱਝ ਦੇਰ ਬਾਹਰ ਬੈਠੇ, ਵਾਤਾਵਰਣ ਵਿਚ ਤਣਾਉ ਜਿਹਾ ਆ ਗਿਆ ਸੀ ਅਤੇ ਅਕਸ਼ੈ ਨੂੰ ਘੜੀ-ਮੁੜੀ ਲੱਗਦਾ ਸੀ ਕਿ ਉਸਨੇ ਜ਼ਰੂਰ ਰਾਧਿਕਾ ਨੂੰ ਨਾਰਾਜ਼ ਕਰ ਦਿੱਤਾ ਹੈ, ਅਤੇ ਇਹ ਗੱਲ ਕੇਵਲ ਰਾਧਿਕਾ ਹੀ ਨਹੀਂ, ਬਲਕਿ ਸਾਰੇ ਮਹਿਸੂਸ ਕਰ ਰਹੇ ਹਨ।

ਰਾਧਿਕਾ ਨੇ ਹੀ ਪਹਿਲਾਂ ਵਿਦਾ ਮੰਗੀ।

"ਅਰੇ, ਹੁਣੇ ਹੀ ਉੱਪਰ ਜਾਕੇ ਕੀ ਕਰੋਗੇ ? ਥੋੜ੍ਹੀ ਦੇਰ ਬੈਠੋ ਨਾ।" ਪ੍ਰੇਮਾ ਨੇ ਬੇਨਤੀ ਕੀਤੀ।

ਕੁਰਸੀ ਦੀ ਪਿੱਠ ਦੇ ਲੰਮੇ ਸਰਕੰਡਿਆਂ ਤੇ ਉਂਗਲੀਆਂ ਫੇਰਦਿਆਂ ਰਾਧਿਕਾ ਨੇ ਕਿਹਾ," ਨਹੀਂ, ਮੇਰਾ ਸਿਰ ਦਰਦ ਕਰਨ ਲੱਗਾ ਹੈ। ਮੈਂ ਹੁਣ ਜਾਵਾਂਗੀ ਹੀ।"

ਫਿਰ ਉਸ ਨੇ ਅਕਸ਼ੈ ਨੂੰ ਨਮਸਤੇ ਕੀਤੀ। ਪ੍ਰੇਮਾ ਦਾ ਬਹੁਤ ਸੁਆਦੀ ਭੋਜਨ ਲਈ ਧੰਨਵਾਦ ਕਰਕੇ ਉਹ ਉੱਪਰ ਚਲੀ ਗਈ।

ਦੋ ਤਿੰਨ ਚੱਕਰ ਉਸਨੇ ਦੁੱਖੀ ਹੋਕੇ ਛੱਤ ਦੇ ਲਾਏ। ਹਵਾ ਬੰਦ ਸੀ। ਅਤੇ ਇਸੇ ਕਰਕੇ ਬੇਹੱਦ ਹੁੰਮ। ਤਾਰਿਆ ਦੀ ਫਿੱਕੀ ਫਿੱਕੀ ਰੋਸ਼ਨੀ ਸੀ। ਉਸਨੂੰ ਵੀ ਧੂੜ ਦਾ ਬੱਦਲ ਕੱਜਣ ਦੀ ਕੋਸ਼ਿਸ਼ ਕਰ ਰਿਹਾ ਸੀ।

ਇਸ ਤਰ੍ਹਾਂ ਮੁੰਡੇਰ ਉੱਤੇ ਕੂਹਣੀ ਟਿਕਾਕੇ ਖੜ੍ਹੇ ਹੋਣ ਤੇ ਰਾਧਿਕਾ ਨੇ ਥੱਲੇ ਵੇਖਿਆ। ਕਿਸੇ ਖਾਸ ਉਦੇਸ਼ ਨਾਲ ਨਹੀਂ, ਨਾ ਕਿਸੇ ਜਗਿਆਸਾ ਨਾਲ। ਅਕਸ਼ੈ ਜਿਸ ਕੁਰਸੀ ਤੇ ਬੈਠਾ ਸੀ ਉਹ ਖਾਲੀ ਸੀ, ਤਾਂ ਉਸਦੇ ਆਉਣ ਤੋਂ ਬਾਦ ਉਹ ਵੀ ਨਾ ਠਹਿਰਿਆ। ਅਕਸ਼ੈ ਇਸ ਤਰ੍ਹਾਂ ਦਾ ਕਿਉਂ ਹੋ ਗਿਆ ? ਰਾਧਿਕਾ ਦੇ ਮਨ ਵਿਚ ਫਿਰ ਉਹ ਹੀ ਪ੍ਰਸ਼ਨ ਘੁੰਮਣ ਲੱਗਾ। ਕੁੱਝ ਦੇਰ ਬਾਹਰ ਘੁੰਮਣ ਤੋਂ ਬਾਦ ਉਸਨੇ ਕਮਰੇ ਦੀ ਬੱਤੀ ਜਗਾਈ ਅਤੇ ਪਲੰਘ ਤੇ ਪਈ ਪੁਸਤਕ ਚੁੱਕ

ਲਈ। ਪੁਸਤਕ ਉਸ ਨੂੰ ਚੰਗੀ ਨਹੀਂ ਲੱਗ ਰਹੀ ਸੀ, ਪਰ ਅੱਧੀ ਦੇ ਕਰੀਬ ਪੜ੍ਹਨ ਤੋਂ ਬਾਦ ਛੱਡਿਆ ਵੀ ਨਹੀਂ ਜਾ ਸਕਦਾ ਸੀ।

ਥੱਲੇ ਦੀਆਂ ਪੌੜੀਆਂ ਦਾ ਦਰਵਾਜ਼ਾ ਸੌਣ ਲੱਗਿਆ ਹੀ ਰਾਧਿਕਾ ਬੰਦ ਕਰਦੀ ਸੀ। ਉਸ ਉੱਤੇ ਹਲਕੀ ਜਹੀ ਦਸਤਕ ਸੁਣ ਰਾਧਿਕਾ ਜਦੋਂ ਉੱਠੀ ਤਾਂ ਉਸਨੂੰ ਪਤਾ ਲੱਗਾ ਕਿ ਉਸਨੂੰ ਪੜ੍ਹਦਿਆਂ ਇਕ ਘੰਟੇ ਤੋਂ ਉੱਤੇ ਹੋ ਗਿਆ ਹੈ। ਬੂਹੇ ਐਵੇਂ ਹੀ ਭੀੜੇ ਹੁੰਦੇ ਸਨ। ਉਨ੍ਹਾਂ ਨੂੰ ਖੋਲ੍ਹਣ ਤੇ ਰਾਧਿਕਾ ਨੇ ਵੇਖਿਆ ਕਿ ਅਕਸ਼ੈ ਖਲੋਤਾ ਹੈ।

"ਆਓ," ਰਾਧਿਕਾ ਨੇ ਹੈਰਾਨੀ ਜਾਹਰ ਨਾ ਕੀਤੀ।

ਅਕਸ਼ੈ ਆ ਕੇ ਕੁੱਝ ਪਲ ਖਲੌਤਾ ਰਿਹਾ। ਰਾਧਿਕਾ ਦੇ ਕਮਰੇ ਵਿਚ ਬੇਤਰਤੀਬੀ ਪਹਿਲੀ ਵਾਰ ਵੇਖ ਰਿਹਾ ਸੀ। ਪਲੰਘ ਪੋਸ਼ ਚੁੱਕ ਕੇ ਕੁਰਸੀ ਉੱਤੇ ਪਾ ਦਿੱਤਾ ਗਿਆ ਸੀ। ਦੂਜੀ ਕੁਰਸੀ ਤੇ ਰਾਧਿਕਾ ਦਾ ਪਰਸ, ਰੁਮਾਲ ਕੁਝ ਰਸਾਲੇ।

"ਬਾਹਰ ਬੈਠੀ ਏ ?"

ਅਕਸ਼ੈ ਖਲੋਤਾ ਹੀ ਰਿਹਾ। "ਨਹੀਂ, ਮੈਂ ਤਾਂ ਦੋ ਸੈਕੰਡ ਲਈ ਗੁਡ ਬਾਈ ਕਹਿਣ ਲਈ ਆਇਆ ਹਾਂ।"

ਅਕਸ਼ੈ ਜਦੋਂ ਕਮਰੇ ਵਿਚ ਵੜਿਆ ਸੀ, ਤਾਂ ਰਾਧਿਕਾ ਨੂੰ ਲੱਗਾ ਕਿ ਉਹ ਬਹੁਤ ਕੁੱਝ ਕਹੇਗਾ। ਅਕਸ਼ੈ ਦੀ ਇਸ ਗੱਲ ਤੇ ਉਹ ਥੋੜ੍ਹੀ ਜਹੀ ਨਿਰਾਸ਼ ਵੀ ਹੋਈ ਅਤੇ ਝੁੰਝਲਾਈ ਵੀ। ਉਹ ਜਾਣਦੀ ਸੀ ਕਿ ਅਕਸ਼ੈ ਨੇ ਆਪਣਾ ਫੈਸਲਾ ਬਦਲ ਦਿੱਤਾ ਹੈ। ਤਖਤ ਉੱਤੇ ਬਹਿਕੇ, ਸਿਰਹਾਣੇ ਨੂੰ ਸੱਜੀ ਬਾਂਹ ਵਿਚ ਭਰਕੇ ਰਾਧਿਕਾ ਨੇ ਕਿਹਾ, "ਅਕਸ਼ੈ ਜੀ, ਕੁੱਝ ਦੇਰ ਤਾਂ ਬੈਠੋ। ਜਾਣ ਦੀ ਅਜਿਹੀ ਕੀ ਜਲਦੀ ਏ ?"

ਅਕਸ਼ੈ ਤਖਤ ਦੀ ਪੁਆਂਦੀ ਬੈਠ ਗਿਆ।

"ਕੀ ਤੁਸੀਂ ਨਾਰਾਜ਼ ਹੋਕੇ ਜਾ ਰਹੇ ਓ ?"

ਅਕਸ਼ੈ ਦੇ ਬੁਲ੍ਹਾਂ ਦੀਆਂ ਨੁਕਰਾ ਜ਼ਰਾ ਹਿਲੀਆਂ, "ਨਹੀਂ, ਨਰਾਜ਼ ਕਿਉਂ ?"

"ਮੈਨੂੰ ਲੱਗਿਆ।"

ਫਿਰ ਚੁੱਪ। ਹੁਣ ਹਵਾ ਚਲਣ ਲੱਗੀ ਸੀ। ਇਸ ਲਈ ਛੱਤ ਉੱਤੇ ਪਿਆ ਕੋਈ ਕਾਗਜ਼ ਫ਼ਰ ਫਰਾ ਰਿਹਾ ਸੀ। ਰਾਧਿਕਾ ਨੇ ਇਕ ਲੰਮੇ ਸਾਹ ਨੂੰ ਦਬਾਉਂਦੇ ਹੋਏ ਕਿਹਾ, "ਇਹ ਅਚਾਨਕ ਹੀ ਟ੍ਰਾਂਸਫਰ ਕਿਵੇਂ ਹੋ ਗਈ ?"

"ਗੱਲ ਕਾਫ਼ੀ ਦਿਨਾਂ ਤੋਂ ਚੱਲ ਰਹੀ ਸੀ।"

"ਮੈਨੂੰ ਤੁਹਾਡਾ ਖਿਆਲ ਆਉਂਦਾ ਰਹੇਗਾ।"

ਰਾਧਿਕਾ ਨੇ ਕਿਤਾਬ ਖੋਲ੍ਹੀ ਅਤੇ ਬੰਦ ਕਰ ਦਿੱਤੀ।

"ਕੀ ਸਚਮੁੱਚ ?"

ਅਕਸ਼ੈ ਦੀ ਆਵਾਜ਼ ਵਿਚ ਜੋ ਵਿਅੰਗ ਸੀ, ਉਸਤੋਂ ਕੁੱਝ ਖਿੱਝ ਕੇ ਰਾਧਿਕਾ ਨੇ ਕਿਹਾ,"ਆਪਨੂੰ ਪਤਾ ਹੈ ਕਿ ਮੈਂ ਰਸਮੀ ਗੱਲਾਂ ਨਹੀਂ ਕਰਦੀ। ਵੈਸੇ ਹੀ ਮੇਰੇ ਜਾਣਕਾਰਾਂ ਦਾ ਦਾਇਰਾ ਐਨਾ ਸੀਮਤ ਹੈ ਅਤੇ ਹੁਣ ਤਾਂ....... " ਗੱਲ ਉਸਨੇ ਅੱਧੀ ਹੀ ਛੱਡ ਦਿਤੀ। ਉਸ ਨੇ ਵੇਖਿਆ ਕਿ ਅਕਸ਼ੈ ਨੇ ਅਚਾਨਕ ਹੀ ਸਜੀ ਕਨੱਪਟੀ ਦੇ ਨੇੜੇ ਇਕ ਥਾਂ ਨੂੰ ਉਂਗਲੀਆ ਨਾਲ ਦਬ ਲਿਆ। "ਕੀ ਸਿਰ ਵਿਚ ਦਰਦ ਹੋ ਰਿਹਾ ਹੈ ?" ਉਸਨੇ ਕੋਮਲ ਆਵਾਜ਼ ਵਿਚ ਪੁੱਛਿਆ।

"ਹਾਂ ਕਦੀ-ਕਦੀ ਬਹੁਤ ਥੱਕ ਜਾਣ ਤੇ.........।"

ਰਾਧਿਕਾ ਉੱਠਕੇ ਪਾਣੀ ਲੈ ਆਈ। ਪਰਸ ਖੋਲ ਕੇ ਬਫਰਿਨ ਦੀਆਂ ਦੋ ਗੋਲੀਆਂ ਕੱਢਕੇ ਉਸਨੇ ਅਕਸ਼ੈ ਦੀ ਤਲੀ ਉੱਤੇ ਰੱਖ ਦਿਤੀਆਂ। ਗੋਲੀਆਂ ਲੰਘਾ ਕੇ ਅਕਸ਼ੈ ਨੇ ਗਿਲਾਸ ਉਸਨੂੰ ਫੜਾ ਦਿੱਤਾ। ਰਾਧਿਕਾ ਰੱਖਣ ਲਈ ਮੁੜੀ, ਤਾਂ ਉਸਦੀ ਸਾੜ੍ਹੀ ਦਾ ਨਰਮ, ਕੋਮਲ ਰੇਸ਼ਮ ਅਕਸ਼ੈ ਨੂੰ ਛੂਹ ਗਿਆ। ਅਕਸ਼ੈ ਨੇ ਬਿਨਾਂ ਸੋਚਿਆਂ ਉਸਨੂੰ ਮੁੱਠੀ ਵਿਚ ਦਬਾ ਲਿਆ। ਉਠ ਕੇ ਗਿਲਾਸ ਰੱਖਣ ਵਿਚ ਵਿਘਨ ਪਾ ਕੇ ਰਾਧਿਕਾ ਮੁੜੀ, ਅਤੇ ਇਕ ਪਲ ਚੁੱਪ ਰਹੀ ਫਿਰ ਹੱਥ ਵਧਾਕੇ ਉਸਨੂੰ ਹੌਲੀ ਜਿਹੀ ਅਕਸ਼ੈ ਦੀ ਮੁੱਠੀ ਢਿਲੀ ਕਰਕੇ ਆਪਣੀ ਸਾੜ੍ਹੀ ਛੁਡਾ ਲਈ। ਗਿਲਾਸ ਥੱਲੇ ਰੱਖਿਆ ਅਤੇ ਵਾਪਸ ਆ ਕੇ ਤਖਤ ਪੋਸ਼ ਉੱਤੇ ਬੈਠ ਗਈ ਅਕਸ਼ੈ ਦੇ ਨੇੜੇ।

ਤਾਂ, ਅਕਸ਼ੈ ਉਸਦੀ ਕਾਮਨਾ ਕਰਦਾ ਰਿਹਾ, ਅਤੇ ਇਸੇ ਲਈ ਉਸਨੇ ਆਪਣੇ ਆਪ ਨੂੰ ਦੂਰ-ਦੂਰ ਰਖਿਆ ਹੈ। ਬਸ ਏਨੀ ਹੀ ਗੱਲ। ਖਾਮੋਸ਼ੀ ਦਾ ਇਕ ਲੰਮਾ ਵਕਫ਼ਾ। ਫਿਰ ਰਾਧਿਕਾ ਦੀ ਮਧੱਮ ਆਵਾਜ਼, "ਦਰਦ ਕਿਵੇਂ ਹੈ ?"

"ਪਹਿਲਾਂ ਨਾਲੋਂ ਬਹੁਤ ਘੱਟ" ਅਕਸ਼ੈ ਦੀ ਅਵਾਜ਼ ਦਬੀ-ਦਬੀ ਜਿਹੀ ਹੈ।

ਬਾਹਰ ਹਵਾ ਆਪਣੇ ਖੰਭ ਫੜ ਫੜਾਉਂਦੀ ਹੈ, ਕਮਰੇ ਵਿਚ ਹਨ੍ਹੇਰਾ ਹੈ, ਪਰ ਘਣਾ ਜੰਮਿਆ ਹੋਇਆ ਹਨ੍ਹੇਰਾ ਨਹੀਂ, ਕਿਉਂਕਿ ਕਮਰੇ ਦੀ ਨਕਲੀ ਛੱਤ ਤੋਂ ਬਹੁਤ ਹੀ ਫਿੱਕੀ, ਬਹੁਤ ਫਿੱਕੀ ਰੋਸ਼ਨੀ ਕਮਰੇ ਵਿਚ ਆ ਰਹੀ ਹੈ। ਜਿਸ ਵਿਚ ਚਿਹਰੇ ਦੇ ਭਾਵ ਨਹੀਂ ਪੜ੍ਹੇ ਜਾਂਦੇ, ਪਰ ਆਕਾਰ ਦਿੱਸਦੇ ਹਨ।

ਅਕਸ਼ੈ ਦੀ ਇਕ ਜੁੱਤੀ ਧੱਪ ਕਰਕੇ ਫਰਸ਼ ਤੇ ਡਿਗੀ। ਫਿਰ ਰਾਧਿਕਾ ਦੀ ਪੁਸਤਕ। ਦੂਜੀ ਜੁੱਤੀ ਪੈਰ ਤੋਂ ਲਾਹ ਕੇ ਅਕਸ਼ੈ ਨੇ ਥੱਲੇ ਰੱਖ ਦਿੱਤੀ।

ਰਾਧਿਕਾ ਨੇ ਪਾਸਾ ਬਦਲਿਆ।

ਹਨ੍ਹੇਰੇ ਵਿਚ ਕੁਝ ਆਵਾਜ਼ਾਂ ਉਭਰਦੀਆਂ ਹਨ। ਰਾਧਿਕਾ ਨਿੰਦਰਾਈ ਹੋ ਗਈ ਹੈ, ਪਰ ਅਕਸ਼ੈ ਦੇ ਮਨ ਵਿਚ ਅਨੇਕ ਪ੍ਰਸ਼ਨ ਚੱਕਰ ਕੱਟ ਰਹੇ ਹਨ। ਉਹ ਪਹਿਲਾਂ ਤੋਂ ਵਧੇਰੇ ਉਦਾਸ ਹੋ ਗਿਆ ਹੈ।

"ਤੈਨੂੰ ਅੱਜ ਵੀ ਨੀਂਦ ਆ ਰਹੀ ਹੈ ?"

ਅਕਸ਼ੈ ਦਾ ਉਲਾਂਭੇ ਭਰਿਆ ਸੁਰ ਸੁਣਕੇ ਰਾਧਿਕਾ ਹੱਸ ਪਈ।

"ਤੂੰ ਜਾਗ, ਸਵੇਰੇ-ਸਵੇਰੇ ਤੂੰ ਜਾਣਾ ਹੈ ਨਾ।"

'ਰਾਧਿਕਾ,ਤੂੰ ਸੱਚ,ਏਨੀ..........।"

"ਹੂੰ ?" ਰਾਧਿਕਾ ਨੇ ਹੁੰਗਾਰਾ ਭਰਿਆ।

"ਮਿੱਠੀਆਂ-ਮਿੱਠੀਆਂ ਗੱਲਾਂ ਕਰਨੀਆਂ ਮੈਨੂੰ ਨਹੀਂ ਆਉਂਦੀਆਂ।"

"ਬਿਨਾਂ ਉਨ੍ਹਾਂ ਦੇ ਵੀ....." ਰਾਧਿਕਾ ਹੱਸ ਪਈ।

"ਹੱਸਦੀ ਹੀ ਜਾਵੇਗੀ।"

"ਲੈ ਬੁਰਾ ਮੰਨ ਗਏ। ਅੱਛਾ, ਸੁਣ ਰਹੀ ਹਾਂ, ਦਸ ਕੀ ਕਹਿਣਾ ਹੈ ?"

ਅਕਸ਼ੈ ਪ੍ਰਸ਼ਨ ਨੂੰ ਠੀਕ ਤਰ੍ਹਾਂ ਪੜ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ, 'ਤੂੰ ਹੁਣ ਵੀ ਕਦੀ ਬੀਤੇ ਬਾਰੇ ਸੋਚਦੀ ਹੈ ?"

ਰਾਧਿਕਾ ਨੇ ਸਾੜ੍ਹੀ ਦੇ ਪੱਲੇ ਨਾਲ ਬਾਹਵਾਂ ਕਸ ਲਈਆਂ। ਹਨ੍ਹੇਰੇ ਵਿਚ ਉਸਦੀ ਆਵਾਜ਼ ਉਦਾਸ ਹੋ ਗਈ ਸੀ, ਪਰ ਅਡੋਲ ਸ਼ਬਦਾਂ ਵਿਚ ਉਸਨੇ ਕਿਹਾ, "ਬੀਤੇ ਬਾਰੇ ਸੋਚਣ....... ਨਾਲ ਕੀ ? ਉਦੋਂ ਜੋ ਮੈਂ ਸੀ, ਹੁਣ ਉਹ ਨਹੀਂ ਹਾਂ। ਹਰ ਸਮੇਂ ਜੋ ਵੀ ਗੁਜ਼ਰਦਾ

ਹੈ, ਜੀਉਂਦੀ ਹਾਂ, ਉਸ ਤੋਂ ਬਾਦ ਪਹਿਲਾਂ ਵਾਂਗ ਕਿੱਥੇ ਰਹਿੰਦੀ ਹਾਂ। ਕੱਲ੍ਹ  ਵੀ ਤੇਰੇ ਜਾਣ ਤੋਂ ਬਾਦ ਮੈਂ............ ਉਹ ਰੁਕ ਗਈ।

"ਰਾਧਿਕਾ।" ਅਕਸ਼ੈ ਨੇ ਬੜੇ ਤਰਲੇ ਭਰੀ ਆਵਾਜ਼ ਵਿਚ ਕਿਹਾ, "ਤੂੰ ਮੇਰੇ ਨਾਲ ਚਲੇਂਗੀ ? ਮੇਰੇ ਨਾਲ ਰਵੇਂਗੀ ? ਮੈਂ ਤੈਨੂੰ...... ਅਕਸ਼ੈ ਦੇ ਬੁਲ੍ਹਾ ਤੇ ਰਾਧਿਕਾ ਦਾ ਹੱਥ ਆ ਗਿਆ।

"ਮੈਂ ਨਹੀਂ ਚਾਹੁੰਦੀ ਕਿ ਜਲਦ-ਬਾਜ਼ੀ ਵਿਚ ਤੂੰ ਆਪਣੇ ਆਪ ਨੂੰ ਕਮਿਟ ਕਰੇਂ, ਅਕਸ਼ੈ : "ਰਾਧਿਕਾ ਨੇ ਕਿਹਾ।

ਪੂਰਬ ਵਿਚ ਹਲਕਾ ਜਿਹਾ ਪ੍ਰਕਾਸ਼ ਹੈ। ਰਾਧਿਕਾ ਨੇ ਅੱਖਾਂ ਖੋਲ੍ਹੀਆਂ, ਵੇਖਿਆ ਅਕਸ਼ੈ ਚਲਿਆ ਗਿਆ ਹੈ।

ਰਾਧਿਕਾ ਨੂੰ ਇਸ ਵਾਰ ਖ਼ਾਸ ਮਹਿਮਾਨਾਂ ਵਾਲੇ ਕਮਰੇ ਵਿਚ ਠਹਿਰਾਇਆ ਗਿਆ, ਉੱਥੇ ਹੀ ਜਿੱਥੇ ਪਾਪਾ ਹਮੇਸ਼ਾਂ ਵਿਦਿਆ ਦੇ ਨਾਲ ਆ ਕੇ ਰਿਹਾ ਕਰਦੇ ਸਨ। ਵੱਡੇ ਭਾਈ ਜਦੋਂ ਅਗਲੀ ਵਾਰ ਦਿੱਲੀ ਆਏ, ਤਾਂ ਰਾਧਿਕਾ ਨੂੰ ਜ਼ੋਰ ਪਾ ਕੇ ਨਾਲ ਲੈ ਆਏ। ਦਿਨ ਬੇਹੱਦ ਤਪਣ ਲੱਗੇ ਸਨ ਅਤੇ ਉਪਰਲੇ ਕਮਰੇ ਵਿਚ ਪਈ-ਪਈ ਰਾਧਿਕਾ ਕਮਜ਼ੋਰ ਹੋ ਗਈ। ਮੂੰਹ ਵੀ ਸੁੱਕ ਗਿਆ ਸੀ। ਵੱਡੇ ਭਾਈ ਕਦੀ ਜ਼ਿਆਦਾ ਨਹੀਂ ਬੋਲਦੇ, ਪਰ ਰਾਧਿਕਾ ਨੂੰ ਵੇਖ ਉਨ੍ਹਾਂ ਨੂੰ ਬੜਾ ਸੰਤੋਖ ਹੋਇਆ। ਰਾਧਿਕਾ ਦੇ ਵਾਰ-ਵਾਰ ਇਨਕਾਰ ਕਰਨ ਤੇ ਵੀ ਉਹ ਨਹੀਂ ਮੰਨੇ। ਉਨ੍ਹਾਂ ਦੀ ਇੱਛਾ ਸੀ ਕਿ ਰਾਧਿਕਾ ਘਰ ਛੱਡ ਹੀ ਦੇਵੇ, ਸਮਾਨ ਬੰਨ੍ਹ ਕੇ ਲੈ ਜਾਵੇ ਅਤੇ ਸਮਾਨ ਸੀ ਵੀ ਕਿੰਨਾ ਲੰਮਾ ਚੌੜਾ,  ਦੋ ਬਕਸੇ ਵੀ ਪੂਰੇ ਨਾ ਭਰੇ। ਪਰ ਰਾਧਿਕਾ ਨਹੀਂ ਮੰਨੀ, ਜਦੋਂ ਨਾਲ ਚੱਲਣ ਨੂੰ ਰਾਜ਼ੀ ਵੀ ਹੋਈ ਤਾਂ ਇਸ ਸ਼ਰਤ ਤੇ ਕਿ ਜਦੋਂ ਉਹ ਵਾਪਸ ਆਉਣਾ ਚਾਹੇਗੀ ਤਾਂ ਉਸਨੂੰ ਰੋਕਣਗੇ ਨਹੀਂ ?

"ਇੱਥੇ ਦਿਲ ਕਿਵੇਂ ਲੱਗਦਾ ਹੈ ?" ਵੱਡੇ ਭਾਈ ਨੇ ਕਮਰੇ ਦੇ ਵਿਚਕਾਰ ਖੜੇ ਹੋਕੇ ਪੁੱਛਿਆ। ਉਨ੍ਹਾਂ ਦਾ ਨੌਕਰ ਬਹਾਦਰ ਸਮਾਨ ਚੁੱਕ ਰਿਹਾ ਸੀ, ਅਤੇ ਰਾਧਿਕਾ ਮੁਆਇਨਾ ਕਰ ਰਹੀ ਸੀ ਉਸਨੇ ਉੱਤਰ ਨਹੀਂ ਦਿਤਾ। ਸੱਭ ਤੋਂ ਪਹਿਲਾਂ ਸੂਰਜਮੁਖੀ ਦੇ ਫੁੱਲ ਵਾਲੀ ਤਸਵੀਰ

ਲੱਬੀ, ਅਤੇ ਬਨ੍ਹ ਬਨ੍ਹਾ ਕੇ ਇਕ ਪਾਸੇ ਰੱਖ ਦਿਤੀ ਗਈ।। ਫਿਰ ਰਾਧਿਕਾ ਨੇ ਛੋਟੀਆਂ ਚੀਜ਼ਾਂ ਇੱਕਠੀਆਂ ਕੀਤੀਆਂ। ਹੁਗਾਚੀਆਂ, ਤਾਮਰ ਪਾਤਰ, ਕਿਆਂਤੀ ਦੀ ਮਿਨਿਐਚਰ ਬੋਤਲ। ਕੁੱਝ ਹੀ ਦੇਰ ਵਿਚ ਕਮਰਾ ਖਾਲੀ-ਖਾਲੀ ਦਿਸਣ ਲੱਗਾ।

ਪੱਲਾ ਕਮਰ ਵਿਚ ਟੰਗ ਕੇ ਉਹ ਰੁੱਝੀ ਹੋਈ ਇੱਧਰ ਤੋਂ ਉੱਧਰ ਜਾ ਰਹੀ ਸੀ। ਅਜਿਹਾ ਲੱਗ ਰਿਹਾ ਸੀ ਅਤੇ ਉਸੇ ਦਿਨ ਤਾਂ ਸੋਨਾਮ ਦੀ ਸਹਾਇਤਾ ਨਾਲ ਘਰ ਸਜਾਇਆ ਸੀ, ਅਤੇ ਉਸੇ ਸ਼ਾਮ ਅਕਸ਼ੈ ਦਫ਼ਤਰ ਤੋਂ ਸਿੱਧਾ ਆਇਆ ਸੀ।

ਅਕਸ਼ੈ...... ਰਾਧਿਕਾ ਦੇ ਮਨ ਵਿਚ ਕੁਝ ਅੜਦਾ ਜਿਹਾ ਹੈ, ਬਾਹਰ ਛੱਤ ਉੱਤੇ ਤੇਜ਼ ਚੁੰਧਿਆਉਣ ਵਾਲੀ ਧੁੱਪ ਬਿਖਰੀ ਹੈ, ਦਰੱਖਤਾਂ ਦੀਆਂ ਸ਼ਾਖਾਵਾਂ ਚੁੱਪ, ਸਥਿਰ ਹਨ, ਅਤੇ ਉਜਲਾ ਅਕਾਸ਼ ਇੱਥੋਂ ਤੋਂ ਉੱਥੇ ਤੱਕ ਫੈਲਿਆ ਹੈ, ਇਨ੍ਹਾਂ ਚਮਕਦੇ ਦਿਨਾਂ ਵਿਚ ਉਨ੍ਹਾਂ ਪਿਆਰੇ ਪਲਾਂ ਦੀ ਯਾਦ ਇਕ ਝੁਠਲਾਵਾ ਜਹੀ ਲੱਗਦੀ ਹੈ। ਅਕਸ਼ੈ ਨੂੰ ਗਏ ਹੋਏ ਕਿੰਨੇ ਦਿਨ ਗੁਜ਼ਰ ਚੁੱਕੇ ਹਨ, ਰਾਧਿਕਾ ਨੇ ਸ਼ੁਰੂ ਵਿਚ ਉਸ ਦੀਆਂ ਚਿੱਠੀਆਂ ਦੀ, ਉਸਦੇ ਫੋਨ ਦੀ ਤੀਬਰ ਉਡੀਕ ਕੀਤੀ ਸੀ, ਇਕ ਅਜਿਹੀ ਬੇਚੈਨੀ ਨਾਲ, ਜਿਸ ਤੇ ਉਸਨੂੰ ਖੁਦ ਵੀ ਹੈਰਾਨੀ ਹੁੰਦੀ ਹੈ। ਅਕਸ਼ੈ ਦੇ ਜਾਣ ਮਗਰੋਂ ਪਹਿਲੇ ਕੁੱਝ ਹਫ਼ਤਿਆਂ ਵਿਚ ਉਹ ਇਕ ਬੜੇ ਮਧੁਰ ਜਿਹੇ ਅਨੁਭਵ ਵਿਚ ਡੁੱਬੀ ਰਹੀ। ਕਾਮਨਾ ਤਾਂ ਉਸਦੀ ਮਨੀਸ਼ ਨੇ ਵੀ ਕੀਤੀ ਸੀ, ਪਰ ਉਸਨੂੰ ਰਾਧਿਕਾ ਨੇ ਦੂਰ ਰੱਖਿਆ ਸੀ। ਉਸ ਵੱਲ ਤੀਬਰ ਸਰੀਰਕ ਖਿੱਚ ਹੁੰਦਿਆ ਹੋਇਆ ਵੀ ਉਹ ਸੰਜਮ ਵਿਚ ਰਹੀ ਸੀ, ਉਸਨੇ ਆਪਣੇ ਆਪ ਨੂੰ ਵਾਰ-ਵਾਰ ਯਾਦ ਦਵਾਇਆ ਸੀ ਕਿ ਮਨੀਸ਼ ਜਲਦੀ ਹੀ ਔਰਤਾਂ ਤੋਂ ਅੱਕ ਜਾਂਦਾ ਹੈ, ਅਤੇ ਡੈਨ ਤੋਂ ਬਾਦ, ਰਾਧਿਕਾ ਕਿਸੇ ਆਦਮੀ ਲਈ ਲੜੀ ਵਿਚ ਇਕ ਕੜੀ ਨਹੀਂ ਰਹਿ ਜਾਣਾ ਚਾਹੁੰਦੀ ਸੀ। ਉਹ ਤਾਂ ਇਕ ਛੱਤਰ ਰਾਣੀ ਬਣਨਾ ਚਾਹੁੰਦੀ ਸੀ, ਜੋ ਕਿ ਕੇਵਲ ਅਕਸ਼ੈ ਨਾਲ ਹੀ ਸੰਭਵ ਸੀ। ਅਕਸ਼ੈ ਲਈ ਮਨ ਵਿਚ ਆਦਰ ਸੀ, ਅਤੇ ਨਾਲ ਹੀ ਥੋੜ੍ਹਾ ਜਿਹਾ ਮਧੁਰ ਭਾਵ, ਅਕਸ਼ੈ ਦੀ ਭੱਦਰਤਾ ਤੋਂ ਉਹ ਪ੍ਰਭਾਵਿਤ ਸੀ, ਅਤੇ ਇਸ ਲਈ ਅਕਸ਼ੈ ਨੂੰ ਵੀ ਇਕ ਪਲ ਲਈ ਕਮਜ਼ੋਰ ਵੇਖਕੇ ....ਨਹੀਂ, ਮੈਂ ਉਸ ਲਈ ਸ਼ਰਮਸਾਰ ਨਹੀਂ ਹਾਂ, ਬਲਕਿ ਹੋਰ ਉਤਸ਼ਾਹਿਤ-ਅਕਸ਼ੈ ਦੇ ਪਥ ਦੀ ਉਡੀਕ ਕਰਦਿਆਂ ਵਾਰ-ਵਾਰ ਰਾਧਿਕਾ ਨੇ ਆਪਣੀਆਂ ਭਾਵਨਾਵਾਂ ਨੂੰ ਫਰੋਲਿਆ। ਉਹ ਸ਼ਰਮਿੰਦੀ ਨਹੀਂ ਸੀ, ਇਕ ਪਲ ਲਈ ਵੀ ਨਹੀਂ। ਪਰ ਜਿਉਂ-ਜਿਉਂ ਅਕਸ਼ੈ ਅਤੇ ਉਸਦੇ ਦਰਮਿਅਨ ਚੁੱਪ ਦਾ ਸਮਾਂ ਵਧਦਾ ਗਿਆ, ਰਾਧਿਕਾ ਨੂੰ

ਅਕਸਰ ਇਹ ਵਿਚਾਰ ਸਤਾਣ ਲੱਗਾ ਕਿ ਪਤਾ ਨਹੀਂ ਕਿ ਅਕਸ਼ੈ ਦੇ ਮਨ ਵਿਚ ਉਸ ਬਾਰੇ ਕੀ ਹੈ ? ਅਤੇ ਉਸਦੇ ਨਾਲ ਥੋੜ੍ਹੀ ਜਹੀ ਬੇਚੈਨੀ ਵੀ, ਕਿ ਉਹ ਅਕਸ਼ੈ ਨੂੰ ਕਿੰਨਾ ਘੱਟ ਜਾਣ ਸਕੀ ਹੈ। ਜਿਹੜਾ ਸਮਾਂ ਵੀ ਨਾਲ ਗੁਜ਼ਾਰਿਆ ਉਸ ਵਿਚ ਉਸਨੇ ਕਦੀ ਅਕਸ਼ੈ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਲੋੜ ਤਾਂ ਹੁਣ ਵੀ ਨਹੀਂ ਹੈ, ਪਰ ਉਹ ਹਨ੍ਹੇਰੇ ਅਤੇ ਨਿਰਾਸ਼ਾ ਦੇ ਟੋਏ ਵਿਚ ਕਿਉਂ ਡਿਗਦੀ ਜਾ ਰਹੀ ਹੈ ?

ਰਾਧਿਕਾ ਠੀਕ ਤਰ੍ਹਾਂ ਰਵੇ, ਇਸਦਾ ਪ੍ਰਬੰਧ ਵੱਡੇ ਭਾਈ ਨੇ ਖ਼ੁਦ ਕੀਤਾ। ਸ਼ਾਨ ਸ਼ੌਕਤ ਵੱਧਣ ਨਾਲ ਭਰਜਾਈ ਦੇ ਤੇਵਰ ਕੁੱਝ ਹੋਰ ਉੱਚੇ ਹੋ ਗਏ ਸਨ। ਪਰ ਰਾਧਿਕਾ ਦਾ ਉਨ੍ਹਾਂ ਨੇ ਸੁਆਗਤ ਕੀਤਾ। ਰਾਧਿਕਾ ਨੂੰ ਇਸ ਉੱਤੇ ਅਸਚਰਜ ਜ਼ਰੂਰ ਹੋਇਆ, ਪਰ ਭਰਜਾਈ ਦੇ ਮਨ ਦੀ ਚੰਚਲਤਾ ਉਹ ਚੰਗੀ ਤਰ੍ਹਾਂ ਸਮਝਦੀ ਸੀ। ਇਕ ਦੋ ਵਾਰ ਜਦੋਂ ਭਰਜਾਈ ਉਸਨੂੰ ਨਾਲ ਕਲਬ ਲੈ ਗਈ ਅਤੇ ਅਮਰੀਕਾ ਤੋਂ ਪਰਤੀ ਹੋਈ ਨਨਾਣ ਨੂੰ ਫ਼ਖਰ ਨਾਲ ਮਿੱਤਰਾਂ ਨਾਲ ਮਿਲਾਇਆ ਤਾਂ ਰਾਧਿਕਾ ਸਮਝ ਗਈ ਕਿ ਭਰਜਾਈ ਲਈ ਉਹ ਉਸੇ ਧਨਾਢ ਸਥਿਤੀ ਦੀ ਲਖਾਇਕ ਹੈ ਜਿਵੇਂ ਵੱਡੇ ਭਾਈ ਲਈ, ਪੋਰਚ ਵਿਚ ਖਲੌਤੀ ਪੌਂਟਿਆਲ ਗੱਡੀ।

ਵੱਡੇ ਭਾਈ ਦੇ ਘਰ ਰਹਿਣਾ ਹੁਣ ਰਾਧਿਕਾ ਨੂੰ ਹੋਰ ਤਰ੍ਹਾਂ ਦਾ ਅਨੁਭਵ ਲੱਗਦਾ। ਵੱਡੇ ਸਾਰੇ ਕਮਰੇ ਵਿਚ ਏਅਰ-ਕੰਡੀਸ਼ਨ ਹਰ ਵਕਤ ਚਲਦਾ ਰਹਿੰਦਾ, ਨਾਲ ਹੀ ਲੱਗਦੀ ਸਟੱਡੀ ਸੀ, ਜਿਸ ਵਿਚ ਕਿਤਾਬਾਂ ਦੀਆਂ ਖਾਲੀ ਅਲਮਾਰੀਆ, ਪੜ੍ਹਨ ਦੀ ਮੇਜ਼ ਅਤੇ ਘੁੰਮਣ ਵਾਲੀ ਕੁਰਸੀ ਸੀ। ਅੱਗੇ, ਲੰਮਾ ਜਿਹਾ ਜਾਲੀਦਾਰ ਬਰਾਂਡਾ, ਜਿੱਥੇ ਨੁੱਕਰ ਤੇ ਪੀਲੀ ਚਮੇਲੀ ਦੀ ਇਕ ਵੇਲ ਚੜ੍ਹੀ ਹੋਈ ਸੀ ਅਤੇ ਜਿਸ ਵਿਚ ਹੁਣ ਫੁੱਲ ਆਉਣ ਲੱਗੇ ਸਨ। ਅਕਸਰ ਮਾਲਣ ਰਾਧਿਕਾ ਲਈ ਬੇਣੀ ਗੁੰਦ ਕੇ ਦੇ ਜਾਂਦੀ ਅਤੇ ਬਹਾਦਰ ਚਾਂਦੀ ਦੀ ਥਾਲੀ ਵਿਚ ਉਸ ਨੂੰ ਸਜਾ ਕੇ ਰਾਧਿਕਾ ਦੇ ਸ਼ਿੰਗਾਰ ਟੇਬਲ ਤੇ ਰੱਖ ਜਾਂਦਾ। ਸ਼ਾਮ ਨੂੰ ਬਰਾਂਡੇ ਵਿਚ ਹਲਕੀ-ਹਲਕੀ ਹਵਾ ਆਉਂਦੀ ਅਤੇ ਕੁਰਸੀ ਕੱਢ ਕੇ ਬੈਠਣ ਨਾਲ ਅੰਬੀਆਂ ਨਾਲ ਲੱਦੇ ਹੋਏ ਰੁੱਖ ਦਿੱਸਦੇ ਸਨ, ਅਤੇ ਉਨ੍ਹਾਂ ਦੀ ਥਾਂ ਵਿਚ ਯਤਨ ਨਾਲ ਰੱਖੀਆਂ ਗਈਆਂ ਆਰਕਿਡ ਦੀਆਂ ਸ਼ਾਖਾਵਾਂ। ਵੱਡੇ ਭਾਈ ਨੂੰ ਫੁੱਲਾਂ ਦਾ ਸ਼ੋਕ ਹਮੇਸ਼ਾਂ ਸੀ, ਅਤੇ ਹੁਣ ਵੀ ਕੋਈ ਆਰਕਿਡ ਫੁਲਦਾ, ਤਾਂ ਉਹ ਰਾਧਿਕਾ ਦੇ ਜਾਲੀਦਾਰ ਬਰਾਂਡੇ ਵਿਚ ਟੰਗ ਦਿੱਤਾ ਜਾਂਦਾ।

ਵੱਡੇ ਭਾਈ ਦਾ ਵਪਾਰ ਖ਼ੂਬ ਚੱਲ ਰਿਹਾ ਸੀ। ਕਾਨਪੁਰ ਦੀਆਂ ਮਿਲਾਂ, ਪੂਰਬੀ ਉੱਤਰ ਪ੍ਰਦੇਸ਼ ਵਿਚ ਖੰਡ ਦੀਆਂ ਫ਼ੈਕਟਰੀਆਂ, ਸ਼ਹਿਰ ਵਿਚ ਦੋ ਸਿਨੇਮਾ ਘਰ, ਅਤੇ ਹੋਰ ਵੀ

ਪਤਾ ਨਹੀਂ ਕੀ-ਕੀ ? ਭਰਜਾਈ ਦੇ ਕੰਨ ਦੇ ਅਠਾਰਾਂ ਹੀ ਹੀਰੇ ਹਰ ਸਮੇਂ ਡਲ੍ਹਕਾ ਮਾਰਦੇ, ਅਤੇ ਰਾਧਿਕਾ ਨੂੰ ਉਸ ਸ਼ਾਨ ਸ਼ੋਕਤ ਦੇ ਵਿਚ ਵੀ ਜਦੋਂ-ਤਦੋਂ ਅਸਪੱਸ਼ਟ ਵਿਚਾਰ ਦੁੱਖੀ ਕਰਦੇ ਅਤੇ ਇਕ ਅਜੀਬ ਜਿਹੀ ਬੇਚੈਨੀ ਘੇਰੀ ਰੱਖਦੀ।

ਘਰ ਵਿਚ ਵੀ ਨਾ ਕੋਈ ਗੱਲ ਕਰਨ ਨੂੰ ਸੀ, ਨਾ ਕੋਈ ਸੰਗੀ ਸੀ। ਭਰਜਾਈ ਸਵੇਰੇ ਹੀ ਬਿਜਲੀ ਨਾਲ ਸਰੀਰ ਮਾਲਸ਼ ਕਰਵਾਉਣ 'ਬਿਊਟੀ ਸਲੋਨ' ਚਲੀ ਜਾਂਦੀ, ਵੀਣਾ ਤੇ ਵਿਵੇਕ ਸਕੂਲ। ਨਾਸ਼ਤੇ ਦੀ ਮੇਜ਼ ਉੱਤੇ ਖਾਣ ਦੀਆਂ ਵਸਤਾਂ ਅਤੇ ਫਲਾਂ ਦਾ ਢੇਰ ਲੱਗਿਆ ਰਹਿੰਦਾ। ਵੱਡੇ ਭਾਈ ਸਾਰਾ ਕੁੱਝ ਉਸ ਵੱਲ ਸਰਕਾਂਦੇ ਜਾਂਦੇ।

"ਤੂੰ ਤਾਂ ਦਿਨ ਪ੍ਰਤਿਦਿਨ ਕਮਜ਼ੋਰ ਹੁੰਦੀ ਜਾ ਰਹੀ ਹੈ," ਇਕ ਦਿਨ ਵੱਡੇ ਭਾਈ ਨੇ ਕਿਹਾ। ਅਖਬਾਰ ਮੋੜ ਕੇ ਅਲੱਗ ਰੱਖ ਦਿੱਤਾ ਅਤੇ ਗੌਰ ਨਾਲ ਉਸ ਵੱਲ ਵੇਖਣ ਲੱਗੇ।

"ਨਹੀਂ ਤਾਂ ! "

"ਰਸ ਵਗੈਰਾ ਲੈਂਦੀ ਹੈ ਜਾ ਨਹੀਂ ?"

"ਲੈਂਦੀ ਹਾਂ." ਰਾਧਿਕਾ ਹੌਲੀ ਜਿਹੇ ਹੱਸੀ।

ਐਤਵਾਰ ਹੋਣ ਕਰਕੇ ਨਾਸ਼ਤੇ ਦੇ ਮੇਜ਼ ਤੇ ਬੱਚੇ ਵੀ ਸਨ। ਭਰਜਾਈ ਵੀ। "ਆਂਟੀ ਸਾਰਾ ਦਿਨ ਤਾਂ ਲੇਟੀ- ਲੇਟੀ ਛੱਤ ਵੱਲ ਵੇਖਿਆ ਕਰਦੀ ਹੈ," ਵੀਣਾ ਨੇ ਕਿਹਾ।

"ਹੋਰ ਸਾਰਾ ਦਿਨ ਕਰਾਂ ਵੀ ਤਾਂ ਕੀ ?" ਰਾਧਿਕਾ ਨੂੰ ਗੱਲਬਾਤ ਆਪਣੇ ਉੱਪਰ ਕੇਂਦਰਤ ਹੋ ਜਾਣੀ ਚੰਗੀ ਨਹੀਂ ਲੱਗੀ।

"ਭਾਈ ਇਨ੍ਹਾਂ ਨੂੰ ਸਾਡਾ ਘਰ ਰਾਸ ਨਹੀਂ ਆਉਂਦਾ। ਅਜੇ ਦੋ ਦਿਨ ਰੱਜੂ ਦੇ ਘਰ ਰਹਿ ਆਉਣ, ਤਾਂ ਵੇਖ ਚਿਹਰਾ ਚਮਕ ਜਾਵੇ, "ਭਰਜਾਈ ਨੇ ਕਹਿ ਦਿੱਤਾ।

ਵੱਡੇ ਭਾਈ ਅਤੇ ਰਾਧਿਕਾ ਦੋਨਾਂ ਨੇ ਇੱਕਠਿਆ ਭਰਜਾਈ ਵੱਲ ਵੇਖਿਆ। ਫਿਰ ਇਕ ਦਮ ਆਏ ਕ੍ਰੋਧ ਨੂੰ ਪੀ ਕੇ ਰਾਧਿਕਾ ਨੇ ਕਿਹਾ, "ਇਹ ਠੀਕ ਕਿਹਾ ਭਰਜਾਈ, ਮੈਂ ਅੱਜ ਹੀ ਰੱਜੂ ਮਾਮੇ ਦੇ ਘਰ ਜਾ ਰਹੀ ਹਾਂ। ਜਦੋਂ ਚਿਹਰੇ ਤੇ ਚਮਕ ਆ ਜਾਵੇਗੀ ਤਾਂ ਪਰਤ ਆਵਾਂਗੀ।"

ਵੱਡੇ ਭਾਈ ਨੇ ਸੇਬ ਦੇ ਟੁਕੜੇ ਉਸਦੀ ਪਲੇਟ ਵਿਚ ਰੱਖ ਦਿੱਤੇ ਅਤੇ ਕਿਹਾ, "ਚੰਗੀ ਤਰ੍ਹਾਂ ਖਾਇਆ ਪੀਆ ਕਰ।”

ਨਾਸ਼ਤੇ ਦੀ ਮੇਜ਼ ਤੋਂ ਉੱਠ ਕੇ ਰਾਧਿਕਾ ਕਮਰੇ ਵਿਚ ਆਈ। ਬਸ, ਉਤਰ ਆਈ ਨਾ ਭਰਜਾਈ ਆਪਣੇ ਸੁਭਾਅ ਤੇ ਉਸ ਅੰਗ੍ਰੇਜ਼ੀ ਕਹਾਵਤ ਅਨੁਸਾਰ ਕਿਤੇ ਤੰਦੂਏ ਵੀ ਆਪਣੇ ਧੱਬੇ ਬਦਲ ਸਕਦੇ ਹਨ ? ਅਤੇ ਫਿਰ ਰੋਸ ਭਰੇ ਹੰਝੂ ਉਹ ਇੱਥੇ ਆਈ ਹੀ ਕਿਉਂ ? ਵੱਡੇ ਭਾਈ ਤਾਂ ਬਸ ਸਮਝਦੇ ਹਨ ਕਿ ਫਲ ਖਾ ਲਓ, ਜੂਸ ਪੀ ਲਓ, ਕਦੇ ਕਦਾਈਂ ਕਾਰ ਉੱਤੇ ਬੈਠਕੇ ਘੁੰਮ ਆਓ, ਬਸ ਜੀਵਨ ਦੀਆਂ ਇਹੋ ਪ੍ਰਾਪਤੀਆਂ ਹਨ।

ਅੱਜ ਕੱਲ ਰਾਧਿਕਾ ਅਕਸਰ ਆਪਣੇ ਜੀਵਨ ਨੂੰ ਉਲਟ-ਪੁਲਟ ਵੇਖਦੀ ਹੈ। ਆਪਣੀਆਂ ਭਾਵਨਾਵਾਂ ਦੀ ਸਮੀਖਿਆ ਬਹੁਤ ਧੀਰਜ ਨਾਲ ਕਰਦੀ ਹੈ। ਇਸ ਗੁਦਗੁਦੇ ਗੱਦੇ ਵਾਲੇ ਪਲੰਘ ਅਤੇ ਸੁੱਖ-ਸਮੱਗਰੀ ਨਾਲ ਤੁੰਨੇ ਹੋਏ ਘਰ ਵਿਚ ਇਹ ਵਾਰ-ਵਾਰ ਯਾਦ ਆਉਂਦਾ ਹੈ ਕਿ ਮਨੁੱਖੀ ਸੰਬੰਧ ਕਿੰਨੇ ਸਥਾਈ ਹੁੰਦੇ ਹਨ। ਪਰ ਲੋਕ ਇਹ ਭੁਲ ਵੀ ਕਿੰਨੀ ਛੇਤੀ ਜਾਂਦੇ ਹਨ। ਇਹ ਭਰਜਾਈ, ਜਿਨ੍ਹਾਂ ਨੇ ਕਈ ਮਿਲਾਂ ਦੀ ਮਾਲਕਣ ਹੋਣ ਦੀ ਹਓਮੈ ਵਿਚ ਸਭ ਕੁੱਝ ਭੁਲਾ ਛੱਡਿਆ ਹੈ, ਕੀ ਅੰਤਰਤਮ ਵਿਚ ਇੱਕਲੀ ਨਹੀਂ ਹੋਵੇਗੀ ? ਜਾਂ ਚਾਪਲੂਸਾਂ ਦਾ ਜੋ ਝੁੰਡ ਉਨ੍ਹਾਂ ਦੇ ਆਲੇ- ਦੁਆਲੇ ਝੁਰਮੁਟ ਪਾਈ ਰੱਖਦਾ ਹੈ, ਉਨ੍ਹਾਂ ਦੀਆਂ ਸ਼ੁਭ-ਕਾਮਨਾਵਾਂ ਨੂੰ ਹੀ ਉਹ ਸੱਚ ਸਮਝ ਲੈਂਦੀ ਹੈ ? ਇਹ ਵੀਣਾ, ਜਿਸਨੇ ਜਨਮ ਤੋਂ ਹੁਣ ਤੱਕ ਕਦੀ ਭੁੱਖ, ਗਰੀਬੀ, ਦਵਾਈਆਂ ਦੀ ਅਣਹੋਂਦ ਹਸਪਤਾਲਾਂ ਦੀਆਂ ਭੀੜਾਂ ਨਹੀਂ ਵੇਖੀਆਂ, ਕੀ ਇਹ ਵੀ ਦੂਜਿਆਂ ਦੀਆਂ, ਆਪਣੇ ਨਾਲੋਂ ਘਟ ਖੁਸ਼ ਕਿਸਮਤਾਂ ਦੀਆਂ ਭਾਵਨਾਵਾਂ ਪੂਰੀ ਤਰ੍ਹਾਂ ਸਮਝ ਸਕੇਗੀ ? ਅਤੇ ਖੁਦ ਉਸਨੇ ਕੀ ਜ਼ਿੰਦਗੀ ਦਾ ਕਦੀ ਸਾਹਮਣਾ ਕੀਤਾ ਸੀ ? ਜੇ ਕੀਤਾ ਹੁੰਦਾ ਤਾਂ ਪਾਪਾ ਦੇ ਵਿਆਹ ਉੱਤੇ ਉਸ ਦੀਆਂ ਅਜਿਹੀਆਂ ਬੱਚਿਆਂ ਵਾਲੀਆਂ ਹਰਕਤਾਂ ਨਾ ਹੁੰਦੀਆਂ।

ਹਾਂ, ਉਨ੍ਹਾਂ ਕੁੱਝ ਸਾਲ ਪਹਿਲਾਂ ਦਾ ਰਾਧਿਕਾ ਵਿਚ ਬਚਪਨ ਸੀ, ਭਾਵਨਾਵਾਂ ਦੀ ਛਲ ਅਤੇ ਤੇਜ਼ੀ। ਤਾਂ ਹੀ ਤਾਂ ਉਸ ਨੇ ਕਦੀ ਵੀ ਇਕ ਪਲ ਵੀ ਪਾਪਾ ਦੇ ਇਕੱਲੇ ਜੀਵਨ ਬਾਰੇ ਕਦੀ ਵੀ ਨਹੀਂ ਸੋਚਿਆ। ਪਾਪਾ ਨੂੰ ਛੱਡ ਕੇ, ਡੈਨ ਦੇ ਨਾਲ ਰਹਿੰਦੇ ਹੋਏ ਉਸ ਇਕ ਸਾਲ ਵਿਚ ਰਾਧਿਕਾ ਵਿਚ ਜਿਵੇਂ ਕਈ ਸਾਲਾਂ ਦਾ ਅਨੁਭਵ, ਪਰਪੱਕਤਾ ਇਕ ਦਮ ਆ ਗਿਆ ਸੀ, ਅਤੇ ਉਦੋਂ ਵੀ ਡੈਨ ਤੋਂ ਅੱਡ ਹੋਣ ਦਾ ਹੌਸਲਾ ਉਸ ਵਿਚ ਸੀ। ਹੁਣ ਮੈਂ ਆਜ਼ਾਦ ਹਾਂ, ਪਰਪੱਕ ਵੀ, ਅਤੇ ਆਪਣਾ ਜੀਵਨ, ਆਪਣਾ ਭੱਵਿਖ ਘੜ ਸਕਦੀ ਹਾਂ।

ਇਕ ਪਲ ਲਈ ਉਹ ਫਿਰ ਅਕਸ਼ੈ ਬਾਰੇ ਸੋਚਣ ਲੱਗੀ। ਉਸ ਨੂੰ ਅਚਾਨਕ, ਜਿਵੇਂ ਭਵਿੱਖ ਦਰਸ਼ਨ ਵਾਂਗ ਲੱਗਿਆ ਕਿ ਅਕਸ਼ੈ ਹੁਣ ਜੀਵਨ 'ਚੋਂ ਚਲਿਆ ਗਿਆ ਹੈ। ਕਾਲ ਦੀ ਇਕ ਲਹਿਰ ਨੇ ਆ ਕੇ ਉਸ ਦਾ ਨਾਂ ਤੱਕ ਧੋ ਦਿੱਤਾ ਹੈ। ਅਤੇ ਉਹੀ ਸਮਾਂ ਇਕ ਦਿਨ ਉਸਦੇ ਗਰਮ ਸਾਹਾਂ ਅਤੇ ਘੁਟਵੀ ਗਲਵਕੜੀ ਦੀ ਯਾਦ ਨੂੰ ਵੀ ਧੋ ਦੇਵੇਗਾ। ਅਤੇ ਉਦੋਂ ਤਕ ਰਾਧਿਕਾ ਕੁੱਝ ਵੀ ਕਰੇਗੀ। ਤਿੱਬਤੀ ਸ਼ਰਣਾਰਥੀਆਂ ਲਈ ਜੋ ਸਕੂਲ ਖੁੱਲ੍ਹੇ ਹਨ, ਜਿਨ੍ਹਾਂ ਵਿਚ ਦੂਰੋਂ-ਦੂਰੋਂ ਲੋਕ ਕੇਵਲ ਸੇਵਾ ਭਾਵ ਨਾਲ ਪੜ੍ਹਾਉਣ ਜਾਂਦੇ ਹਨ, ਉਨ੍ਹਾਂ ਵਿਚੋਂ ਇਕ ਵਿਚ ਉਹ ਵੀ ਚਲੀ ਜਾਵੇਗੀ ਅਤੇ ਬਿੱਲਕੁਲ ਸਾਦਾ ਜੀਵਨ ਗੁਜ਼ਾਰੇਗੀ। ਭਾਂਜ ਮਨ ਵਿਚ ਸਵਾਲ ਉੱਠਿਆ, ਨਹੀਂ ਭਾਂਜ ਨਹੀਂ, ਜੂਝਣਾ ਹੈ। ਇਸ ਘੁਟਣ ਅਤੇ ਅਕੇਵੇਂ ਭਰੇ ਕੈਦਖਾਨੇ ਤੋਂ ਤਾਂ ਖਲਾਸੀ ਹੋਵੇਗੀ।

ਉਸੇ ਦਿਨ ਉਹ ਰਿਕਸ਼ਾ ਲੈ ਕੇ ਰੱਜੂ ਮਾਮੇ ਦੇ ਘਰ ਚਲੀ ਗਈ। ਜਾ ਕੇ ਵੇਖਿਆ ਕਿ ਰੱਜੂ ਮਾਮਾ ਨਾਨਕਿਆਂ ਵਿਚ ਕਿਸੇ ਵਿਆਹ ਵਿਚ ਸ਼ਾਮਲ ਹੋਣ ਲਈ ਗਏ ਹੋਏ ਹਨ, ਘਰ ਵਿਚ ਕੇਵਲ ਨਾਨੀ ਸੀ। ਪਿਛਲੀ ਵਾਰ ਜਦੋਂ ਉਹ ਆਈ ਸੀ, ਤਾਂ ਨਾਨੀ ਵੱਡੇ ਮਾਮੇ ਕੋਲ ਗਈ ਹੋਈ ਸੀ। ਹੁਣ ਮਾਸੀ ਉੱਥੇ ਹੈ, ਨਾਨੀ ਇੱਥੇ।

ਹੁਣ ਰਾਧਿਕਾ ਨੂੰ ਲੱਗਦਾ ਹੈ ਕਿ ਇਨ੍ਹਾਂ ਤਿੰਨ ਚਾਰ ਸਾਲਾਂ ਵਿਚ ਨਾਨੀ ਦੇ ਸਾਰੇ ਦੰਦ ਝੜ ਗਏ ਹਨ, ਅਤੇ ਉਹ ਬਹੁਤ ਬਿਰਧ ਅਤੇ ਥੱਕੀ ਹੋਈ ਦਿਸਣ ਲੱਗੀ ਹੈ। ਅੰਗੀਠੀ ਕੋਲ ਬੈਠੀ ਕੜਛੀ ਫੇਰਦੇ ਹੋਏ ਉਹ ਕਦੇ-ਕਦੇ ਰੁਕ ਕੇ ਰਾਧਿਕਾ ਨੂੰ ਵੇਖ ਲੈਂਦੀ ਹੈ।

ਰਾਧਿਕਾ ਕੋਲ ਬੈਠੀ ਹੈ, ਚੁੱਪ, ਆਪਣੇ ਆਪ ਵਿਚ ਡੁੱਬੀ ਹੋਈ, ਪਰ ਉਸ ਦੀਆਂ ਅੱਖਾਂ ਆਸ-ਪਾਸ ਦੇ ਵਾਤਾਵਰਣ ਤੋਂ ਬੇਖ਼ਬਰ ਨਹੀਂ ਹਨ। ਨਾਨੀ ਦੀ ਸਾੜ੍ਹੀ ਜਿੱਥੋਂ ਸਿਰ ਤੇ ਪੱਲਾ ਲਿਆ ਗਿਆ ਹੈ, ਕਈ ਥਾਵਾਂ ਤੋਂ ਸੀਤੀ ਹੋਈ ਹੈ, ਰਸੋਈ ਵਿਚ ਕਾਫ਼ੀ ਦਿਨਾਂ ਤੋਂ ਪੋਚਾ ਨਹੀਂ-ਲਗਾਇਆ ਲੱਗਦਾ ਹੈ। ਇਕ ਕਿਨਾਰੇ ਛੋਟੀ ਜਹੀ ਸਿਲ, ਥੋੜ੍ਹੇ ਜਿਹੇ ਭਾਂਡੇ, ਬੇਮੇਲ ਥਾਲੀਆਂ ਕੌਲੀਆਂ। ਨਾਨੀ ਘਰ ਵਿਚ ਹੁਣ ਇਕੱਲੀ ਹੈ, ਰੱਜੂ ਮਾਮਾ ਕੱਲ ਵਾਪਸ ਆਉਣਗੇ।

ਨਾਨੀ ਰਾਧਿਕਾ ਦੇ ਨਾਸ਼ਤੇ ਲਈ ਹਲਵਾ ਬਣਾ ਰਹੀ ਹੈ। ਘੀ ਵਿਚ ਸੂਜੀ ਭੁੰਨਣ ਦੀ ਵਾਸਨਾ ਨਾਲ ਸਾਰੀ ਰਸੋਈ ਭਰੀ ਹੋਈ ਹੈ। ਰਾਧਿਕਾ ਦੀਵਾਰ ਦਾ ਸਹਾਰਾ ਲਈ ਪੀੜ੍ਹੇ ਉੱਤੇ ਬੈਠੀ ਹੈ। ਬਹੁਤ ਮਨ੍ਹਾ ਕੀਤਾ, ਪਰ ਨਾਨੀ ਨੇ ਨਹੀਂ ਸੁਣਿਆ। ਬਾਹਰ ਵਿਹੜੇ ਵਿਚ ਨਾਨੀ ਦੀ ਬਾਂਸ ਵਾਲੀ ਮੰਜੀ ਪਈ ਹੋਈ ਹੈ, ਉਸ ਉੱਤੇ ਰਾਧਿਕਾ ਦੁਆਰਾ ਲਿਆਂਦੇ ਫੱਲ ਤੇ ਮਠਿਆਈ ਦੇ ਦੋ ਡੱਬੇ ਕੋਕਾ ਕੋਲਾ ਦੀਆਂ ਦੋ ਦਰਜ਼ਨ ਬੋਤਲਾਂ ਪਈਆਂ ਹਨ। ਵੱਡਾ ਤੇ ਨਿੱਕਾ ਦੋਵੇਂ ਕੋਕਾ ਕੋਲਾ ਉੱਤੇ ਜਾਨ ਦਿੰਦੇ ਹਨ।

"ਇਹ ਸਾਰਾ ਸਮਾਨ ਵਿਨੈ ਦੇ ਘਰੋਂ ਲਿਆਈ ਹੋਵੇਗੀ ?" ਨਾਨੀ ਨੇ ਹੌਲੀ ਜਹੇ ਪੁੱਛਿਆ।

"ਨਹੀਂ ਨਾਨੀ, ਸਾਰਾ ਬਜ਼ਾਰੋਂ ਲਿਆਈ ਹਾਂ।"

"ਤਾਂ ਫਿਰ -,"ਨਾਨੀ ਨੇ ਹੱਥ ਰੋਕ ਦਿੱਤਾ, "ਏਨਾ ਸਾਰਾ ਖਰਚ ਕਰਦੀ ਹੈ ? ਕੌਣ ਦਿੰਦਾ ਹੈ ? ਵਿਨੈ ਦੇ ਪਾਪਾ ?"

"ਕੋਈ ਨਹੀਂ। ਆਪਣੇ ਆਪ ਹੀ ਕਰਦੀ ਹਾਂ।"

"ਏਨਾ ਪੈਸਾ ਤੂੰ ਜਮ੍ਹਾ ਕਰਕੇ ਲੈ ਆਈ ਸੀ?" ਨਾਨੀ ਦੀ ਆਵਾਜ਼ ਵਿਚ ਹੈਰਾਨੀ ਸੀ। ਰਾਧਿਕਾ ਜ਼ਰਾ ਜਿੰਨਾ ਮੁਸਕਰਾਈ "ਇਕ ਸਾਲ ਦੇ ਖ਼ਰਚੇ ਜੋਗਾ ਬਚਾ ਲਿਆ ਸੀ"।

'ਤੇ ਉਹ ਵੀ ਸਾਰਾ ਖ਼ਰਚ ਕਰ ਦਿੱਤਾ।" ਨਾਨੀ ਨੇ ਸੜ ਗਈ ਥੋੜ੍ਹੀ ਜਹੀ ਸੂਜੀ ਨੂੰ ਅੱਲਗ ਛਿੜਕਾ ਦਿੱਤਾ, “ਵਿਨੈ ਤੋਂ ਏਨਾ ਵੀ ਨਹੀਂ ਹੁੰਦਾ ਕਿ ਭੈਣ ਦਾ ਖ਼ਰਚਾ ਵੀ ਚੁੱਕ ਲਵੇ। ਭਾਵੇਂ ਲਾਕਰਾਂ ਵਿਚ ਬਲੈਕ ਦਾ ਰੁਪਇਆ ਸੜਦਾ ਰਹੇ।

"ਕੀ ਕਹਿੰਦੇ ਓ ਨੰਨਾ?" ਰਾਧਿਕਾ ਨੇ ਵਿਰੋਧ ਕੀਤਾ, "ਵੱਡੇ ਭਾਈ........"

"ਮੈਂ ਸਭ ਜਾਣਦੀ ਹਾਂ। ਸਾਰਾ ਸ਼ਹਿਰ ਜਾਣਦਾ ਹੈ। ਅੱਜ ਕੱਲ੍ਹ ਬਲੈਕ ਕਿੱਥੇ ਨਹੀ ਚੱਲ ਰਹੀ ?"

ਨਾਨੀ ਨੇ ਕਮਰ ਉੱਤੇ ਹੱਥ ਰਖਿਆ ਅਤੇ ਮਾੜੀ ਜਿਹੀ ਦਰਦੀਲੀ ਆਵਾਜ਼ ਨਾਲ ਉੱਠ ਖਲੋਤੀ।

"ਮੇਰੀ ਤਾਂ ਕਮਰ ਝੁਕ ਗਈ ਹੈ, ਵੇਖਿਆ ਤੂੰ। ਹੋ ਵੀ ਅਠਾਹਠ ਸਾਲ ਦੀ ਗਈ ਹਾਂ। ਨਾਨੀ ਪੈਰ ਘੜੀਸਦੀ ਅਲਮਾਰੀ ਤੱਕ ਗਈ ਅਤੇ ਪਿਆਲੇ ਕੱਢਣ ਲੱਗੀ।

"ਚਾਹ ਮੈਂ ਨਹੀਂ ਪੀਵਾਂਗੀ। ਗਰਮੀ ਹੈ।" ਰਾਧਿਕਾ ਨੇ ਕਿਹਾ, "ਤੂੰ ਬੈਠ ਮੈਂ ਸਭ ਕਰ ਲਵਾਂਗੀ।" ਫਿਰ ਉਸਨੇ ਨਾਨੀ ਨੂੰ ਬੇਨਤੀ ਕਰਕੇ ਚਾਰਪਾਈ ਤੇ ਬਿਠਾ ਦਿੱਤਾ ਅਤੇ ਉੱਥੇ ਵਿਹੜੇ ਵਿਚ ਇਕ ਤਿਪਾਈ ਲੈ ਆਈ। ਹਲਵਾ ਨਾਨੀ ਨੇ ਬਹੁਤ ਮਿੱਠਾ ਕਰ ਦਿੱਤਾ ਸੀ, ਦੋ ਚਮਚ ਖਾ ਕੇ ਰਾਧਿਕਾ ਨੇ ਪਲੇਟ ਤਿਪਾਈ ਥੱਲੇ ਸਰਕਾ ਦਿੱਤੀ ਅਤੇ ਫਲ ਛਿਲਣ ਲੱਗੀ। ਨਾਨੀ ਨੇ ਇਕ-ਦੋ ਫਾੜੀਆਂ ਅੰਬ ਦੀਆਂ ਚੱਖੀਆਂ, "ਅਜੇ ਸਵਾਦ ਨਹੀਂ ਆਇਆ ਹੈ।"

ਫਿਰ ਉਨ੍ਹਾਂ ਨੇ ਕਿਹਾ, "ਖਖੜੀਆਂ ਮਿੱਠੀਆਂ ਹਨ, ਤੂੰ ਵੀ ਖਾ "

ਤੇ ਫਿਰ,"ਫਲਾਂ ਉੱਤੇ ਬਰਫੀ ਕੀ ਲਵਾਂ ?"

"ਨਹੀਂ, ਲੈ ਲੈ ਨੰਨਾ। ਮਿਲਕ ਪੁਡਿੰਗ ਹੈ।"

ਰਸ ਲੈਂਦਿਆਂ ਨਾਨੀ ਨੇ ਕਿਹਾ, "ਪਹਿਲੀ ਵਾਰ ਖਾ ਰਹੀ ਹਾਂ। ਮੂੰਗੀ ਦੀ ਦਾਲ ਵਰਗੀ ਬਰਫੀ ਲੱਗ ਰਹੀ ਹੈ ..."

ਵਿਹੜੇ ਵਿਚ ਸ਼ਾਮ ਝੁਕ ਆਈ ਹੈ, ਬੇਰੀ ਦੀ ਸੁੱਕੀ ਝਾੜੀ ਵਿਚ ਹਵਾ ਸਰਸਰਾ ਰਹੀ ਹੈ। ਗੁਆਂਢ ਵਿਚ ਰੇਡਿਓ ਵੱਜ ਰਿਹਾ। ਖਿੰਡੇ ਹੋਏ ਵਾਲਾਂ ਦੀ ਇਕ ਸਫੈਦ ਲਟ ਨਾਨੀ ਦੇ ਮੱਥੇ ਉੱਤੇ ਆ ਗਈ ਹੈ। ਰਾਧਿਕਾ ਅਤੇ ਨਾਨੀ, ਦੋਨੋ ਹੀ ਕੋਕਾ ਕੋਲਾ ਪੀ ਰਹੀਆਂ ਹਨ-ਰਾਧਿਕਾ ਬੋਤਲ ਨਾਲ, ਨਾਨੀ ਕਲਈ ਦੇ ਗਿਲਾਸ ਵਿਚ।

"ਅੱਛਾ ਬਿੱਟੋ, ਉੱਥੇ ਤਾਂ ਕੋਕਾ ਕੋਲਾ ਬਹੁਤ ਮਿਲਦਾ ਹੋਵੇਗਾ ?"

"ਹਾਂ ਜੀ।"

"ਘਰ ਵਿਚ ਬੱਚੇ ਕਦੀ-ਕਦਾਈਂ ਲੈ ਆਉਂਦੇ ਹਨ। ਪਿਛਲੇ ਸਾਲ ਛੋਟੇ ਨੇ ਜ਼ਿੱਦ ਕਰਕੇ ਪਿਆ ਦਿੱਤਾ ਸੀ।'

"ਬੱਸ, ਇਹ ਸਾਰੀਆ ਬੋਤਲਾਂ ਤੂੰ ਹੀ ਪੀਵੀ।"

"ਬਈ, ਬੁਢੇਪੇ ਵਿਚ ਇਹ ਸਭ ਕਿੱਤੇ ਚੰਗਾ ਲੱਗਦਾ ਹੈ।'" ਬਸ ਇਹੋ ਕਿ ਪਰਹੇਜ਼ੀ ਖਾਣਾ ਖਾਂਦਿਆਂ-ਖਾਂਦਿਆਂ ਕਦੀ ਦਿਲ ਕਿਸੇ ਹੋਰ ਚੀਜ਼ ਨੂੰ ਕਰਨ ਲੱਗ ਪੈਂਦਾ ਹੈ," ਨਾਨੀ ਸਹਿਜ ਭਾਵ ਨਾਲ ਕਹਿ ਦਿੰਦੇ ਹਨ " ਫਿਰ ਉਹ ਵੀ ਚੁੱਪ ਹੋ ਗਏ ਹਨ।

ਬਾਹਰ ਦਰਵਾਜ਼ੇ ਤੇ ਦਸਤਕ। ਰਾਧਿਕਾ ਨੂੰ ਗੱਡੀ ਲੈਣ ਆ ਗਈ ਹੈ। ਰਾਧਿਕਾ ਵਾਪਿਸ ਆਈ ਤੇ ਬੋਲੀ, "ਰਾਤ ਰਹਿਣਾ ਚਾਹੁੰਦੀ ਸੀ।"

"ਰਾਤ ਨੂੰ ਕਿੱਥੇ ਰਵੇਂਗੀ ? ਵਹੁਟੀ ਆਪਣਾ ਕਮਰਾ ਤਾਂ ਬੰਦ ਕਰ ਗਈ ਹੈ। ਮੇਰੀ ਕੋਠੜੀ ਵਿਚ ਤਕਲੀਫ਼ ਹੋਵੇਗੀ। ਗਰਮੀ ਵੀ ਹੈ, ਮੱਛਰ ਵੀ।

ਰਾਧਿਕਾ ਵਾਪਸ ਆ ਕੇ ਬੈਠ ਗਈ। ਵਾਪਸ ਨਹੀਂ ਜਾਣਾ ਚਾਹੁੰਦੀ, ਪਰ ਜਾਣਦੀ ਹੈ ਕਿ ਜੇ ਜ਼ੋਰ ਪਾ ਕੇ ਰਹਿ ਵੀ ਗਈ ਤਾਂ ਉਸ ਕਾਰਣ ਨਾਨੀ ਪਰੇਸ਼ਾਨ ਹੁੰਦੀ ਰਹੇਗੀ।

"ਚੰਗਾ ਚਲੀ ਜਾਵਾਂਗੀ," ਰਾਧਿਕਾ ਨੇ ਕਿਹਾ।

ਫਿਰ ਦੋਵੇ ਚੁੱਪ ਬੈਠੀਆਂ ਰਹੀਆਂ।

"ਵਿਨੈ ਤੇਰੇ ਵਾਸਤੇ ਲੜਕਾ ਵੇਖ ਰਿਹਾ ਹੈ ?"

ਹਨ੍ਹੇਰੇ ਵਿਚ ਇਸ ਪ੍ਰਸ਼ਨ ਨੂੰ ਸੁਣਕੇ ਰਾਧਿਕਾ ਤ੍ਰਭਕੀ, ਫਿਰ ਹੱਸੀ, "ਪਤਾ ਨਹੀਂ।"

"ਜਾਂ ਤੂੰ ਆਪ ਹੀ ਦੇਖੇਂਗੀ। ?"

"ਮੇਰੇ ਨਾਲ ਕੌਣ ਕਰੇਗਾ ਵਿਆਹ ?" ਰਾਧਿਕਾ ਨੇ ਕਿਹਾ। ਫਿਰ ਨਾਨੀ ਨੇ ਲੰਮਾ ਸਾਹ ਲਿਆ ਅਤੇ ਗਿਲਾਸ ਹੇਠਾਂ ਰਖਾ ਦਿੱਤਾ, "ਵੇਖੋ, ਜੋ ਤਕਦੀਰ ਵਿਚ ਹੈ। ਮੈਨੂੰ ਤਾਂ ਚਿੰਤਾ ਲੱਗੀ ਰਹਿੰਦੀ ਹੈ। ਚਾਹੁੰਦੀ ਹਾਂ, ਮੇਰੇ ਸਾਹਮਣੇ ਹੀ ਕਾਜ ਹੋ ਜਾਵੇ, ਤਾਂ ਚੈਨ ਆਵੇ। ਤੇਰੀ ਮਾਂ ਮੇਰੀ ਉਮਰ ਵਿਚ ਹੀ ਚਲੀ ਗਈ, ਵਿਨੈ ਦੀ ਸ਼ਾਦੀ ਵਿਚ ਸਾਨੂੰ ਪੁੱਛਦਾ ਹੀ ਕੋਣ ? ਬਸ ਤੂੰ ਹੈ, ਤੇਰੇ ਲਈ ਦੋ ਇਕ ਚੀਜ਼ਾਂ ਛੁਪਾ ਕੇ ਰਖੀਆਂ ਹੋਈਆਂ ਨੇ।

ਨਾਨੀ ਭਾਵੁਕ ਤੇ ਉਦਾਸ ਹੋ ਚਲੀ ਹੈ, ਇਹ ਜਾਣ ਕੇ ਰਾਧਿਕਾ ਨੇ ਕਿਹਾ, "ਚੰਗਾ ? ਕੀ ਰਖਿਆ ਹੈ ?"

"ਅਰੇ, ਅਜਿਹੀ ਕਿਹੜੀ ਵੱਡੀ ਚੀਜ਼ ਏ। ਮਗਰ ਵਹੁਟੀਆਂ ਨੂੰ ਪਤਾ ਨਹੀਂ ਹੈ। ਤੇਰੇ ਨਾਨਾ ਜੀ ਦੇ ਕੁੜਤੇ ਦੇ ਬਟਨ ਹਨ, ਤੇਰੇ ਲਈ ਇਕ ਬਾਜੂਬੰਦ ਹੈ।"

ਨਾਨੀ ਨੂੰ ਹਿਚਕੀ ਆਈ ਅਤੇ ਰਾਧਿਕਾ ਨੇ ਕਿਹਾ, "ਇਕ ਕੋਕਾ ਕੋਲਾ ਹੋਰ ਲਉ। ਗਰਮ ਹੁੰਦੇ ਜਾ ਰਹੇ ਹਨ।"

"ਚੰਗਾ, ਲਿਆ ਦੇ ਦੇਹ," ਨਾਨੀ ਨੇ ਕਿਹਾ।

ਨਾਨੀ ਨੇ ਫਿਰ ਕਿਹਾ, "ਪਿੰਡ ਦੀ ਉਸ ਹਵੇਲੀ ਦੀ ਤਾਂ ਯਾਦ ਹੋਵੇਗੀ ਰਾਧਿਕਾ—ਹੁਣ ਤਾਂ ਕੁਝ ਵੀ ਨਹੀਂ ਰਿਹਾ। ਸੁਣਿਆਂ ਹੈ ਕਿ ਸਰਕਾਰੀ ਸਕੂਲ ਖੁੱਲ ਗਿਆ ਹੈ। ਕਿੰਨੀ ਸ਼ਾਨ ਨਾਲ ਤੇਰੇ ਪਾਪਾ ਦੀ ਬਰਾਤ ਚੜ੍ਹੀ ਸੀ, ਕਾਨਪੁਰ ਤੋਂ ਤਿੰਨ ਨੱਚਣ ਵਾਲੀਆਂ ਆਈਆਂ ਸਨ, ਅਤੇ ਆਸ-ਪਾਸ ਦੇ ਪਿੰਡਾਂ ਤੋਂ ਲੋਕ ਹੁਮ-ਹੁਮਾ ਕੇ ਪੁੱਜ ਗਏ ਸਨ। ਤੇਰੇ ਬਾਬਾ ਜੀ ਵੀ ਸ਼ਾਹ ਦਿਲ ਸਨ, ਸ਼ਾਹ ਦਿਲ। ਤੇਰੀ ਮਾਂ ਉੱਤੇ ਵੀ ਉਸ ਦਿਨ ਜਿਵੇਂ ਰੂਪ ਵਰ੍ਹ ਰਿਹਾ ਸੀ। ਪਰ ਤਕਦੀਰ ਨੂੰ ਕੀ ਕੀਤਾ ਜਾਵੇ। ਚਾਰ ਪੰਜ ਸਾਲ ਹੀ ਜੀ ਸਕੀ ਉਸ ਤੋਂ ਬਾਦ ਅਤੇ ਹੁਣ ਤਾਂ ਦੁਨੀਆਂ ਹੀ ਬਦਲ ਗਈ। ਜ਼ਮੀਨ ਗਈ, ਜਾਇਦਾਦ ਗਈ, ਵੱਡ-ਵਡੇਰਿਆਂ ਦੀ ਉਹ ਹਵੇਲੀ ਵੀ ਵੇਚਣੀ ਪਈ। ਸਤਵੰਜਾ ਦੇ ਗ਼ਦਰ ਵਿਚ ਉਸ ਦੇ ਬਾਹਰ ਜਮ ਕੇ ਮੁਕਾਬਲਾ ਹੋਇਆ ਸੀ ਇਕ ਦੋ ਬੰਦੂਕਾਂ ਸ਼ਾਇਦ ਹੁਣ ਵੀ ਪਈਆਂ ਹੋਣ।”

ਰੇਡਿਓ ਹੌਲੀ ਹੋ ਗਿਆ, ਆਕਾਸ਼ ਤੇ ਕਿਤੇ-ਕਿਤੇ ਦੋ ਇਕ ਤਾਰੇ, ਬੇਰੀ ਦੀ ਝਾੜੀ ਹੁਣ ਸ਼ਾਂਤ, ਸਥਿਰ, ਕਿਤੇ ਨੇੜੇ ਖਿੜੇ ਇਕ ਬੇਲੇ ਦੀ ਸੁਗੰਧ। ਕਿਤੇ ਨੌਂ ਦੇ ਘੰਟੇ ਵਜੇ।

"ਅਰੇ, ਇੰਨੀ ਦੇਰ ਹੋ ਗਈ ? ਹੁਣ ਮੈਨੂੰ ਜਾਣਾ ਚਾਹੀਦਾ ਹੈ। ਬੀਨੂੰ ਦੇ ਘਰ ਉਡੀਕ ਹੋ ਰਹੀ ਹੋਵੇਗੀ, "ਨਾਨੀ ਘਬਰਾ ਕੇ ਉੱਠ ਖਲੋਤੀ। ਫਿਰ ਨਾਲ ਆਉਣ ਦਾ ਇਸ਼ਾਰਾ ਕਰਕੇ ਕੋਠੜੀ ਵਿਚ ਚਲੀ ਗਈ।

ਅਲਮਾਰੀ ਦਾ ਜੰਦਰਾ ਖੋਲ੍ਹ ਕੇ ਉਨ੍ਹਾਂ ਨੇ ਇਕ ਪੁਰਾਣਾ ਜਿਹਾ ਰੁਮਾਲ ਕੱਢਿਆ। ਉਸ ਵਿਚ ਦੋ ਅਠਿਆਨੀਆਂ ਸਨ। ਰਾਧਿਕਾ ਨੂੰ ਦਿੰਦੀ ਹੋਈ ਬੋਲੀ, "ਇਹ ਲੈ, ਸਮਾਨ ਲਿਆਈ ਏ ਨਾ ?"

"ਨੰਨਾ, ਉਸ ਸਭ ਦੇ ਪੈਸੇ ਲਵਾਂਗੀ ?" ਰਾਧਿਕਾ ਨੇ ਨਰਾਜ਼ ਹੋ ਕੇ ਕਿਹਾ। ਚਹੁੰ ਪਾਸੀ ਕਿੰਨੀ ਖਾਮੋਸ਼ੀ ਸੀ।

"ਚੱਲ, ਫਿਰ ਕੀ ਹੋਇਆ ? ਬੇਟੀ ਦਾ ਪੈਸਾ ਖਾਂਦਿਆਂ ਚੰਗਾ ਨਹੀਂ ਲੱਗਦਾ। ਬੁਢੇਪੇ ਵਿਚ ਇਹੋ ਬਚਿਆ ਹੈ।”

ਰਾਧਿਕਾ ਨੇ ਇਕ ਅਠਿਆਨੀ ਚੁੱਕ ਲਈ, ਮੁੱਠੀ ਘੁਟਦੀ ਹੋਈ ਬੋਲੀ, "ਬੱਸ ਇਹ ਕਾਫ਼ੀ ਹੈ।"

ਨਾਨੀ ਨੇ ਵਧੇਰੇ ਜ਼ੋਰ ਨਹੀਂ ਦਿੱਤਾ। ਰੁਮਾਲ ਬੰਨ ਕੇ ਨੁੱਕਰ ਵਿਚ ਘੁਸੇੜ ਦਿੱਤਾ, ਜੰਦਰਾ ਮਾਰਿਆ ਅਤੇ ਉਸਨੂੰ ਬਾਹਰ ਛੱਡਣ ਆਈ।

"ਰਾਤ ਨੂੰ ਝੀਰੀ ਸੌਣ ਆਵੇਗੀ। ਤੂੰ ਫ਼ਿਕਰ ਨਾ ਕਰੀਂ, ਨਾਨੀ ਨੇ ਕਿਹਾ।

ਅਠਿਆਨੀ ਨੂੰ ਕਸ ਕੇ ਮੁੱਠੀ ਵਿਚ, ਕਵਚ ਵਾਂਗ ਘੁੱਟੀ ਰਾਧਿਕਾ ਗੱਡੀ ਵਿਚ ਬਹਿ ਗਈ।

"ਕਦੀ ਓਧਰ ਆਓ ਨਾ ?"

"ਗੱਡੀ ਭੇਜੇਂਗੀ ਤਾਂ ਆਵਾਂਗੀ," ਪੋਪਲੇ ਹਾਸੇ ਵਿਚ ਨਾਨੀ ਨੇ ਕਿਹਾ। ਗੱਡੀ ਚੱਲ ਪਈ।

ਹਨੇਰੇ ਕਮਰੇ ਵਿਚ, ਗੁਦਗੁਦੇ, ਪਲੰਘ ਤੇ ਪਈ ਰਾਧਿਕਾ ਨੇ ਕਿੰਨੇ ਹੀ ਦਿਨ ਗੁਜ਼ਾਰ ਦਿੱਤੇ। ਹੌਲੀ-ਹੌਲੀ ਉਸਨੂੰ ਇਸ ਪ੍ਰਕਾਰ ਦੀ ਘਟਨਾਹੀਨ ਅਕੇਵੇਂ ਭਰੀ ਰੁਟੀਨ ਦੀ ਆਦਤ ਪੈ ਗਈ।ਉਸੇ ਪ੍ਰਕਾਰ ਜਿਵੇਂ ਇਕੱਲੇ ਫਲੈਟ ਵਿਚ ਤਖ਼ਤਪੋਸ਼ ਉੱਤੇ ਲੇਟਿਆਂ ਰਹਿਣ ਦੀ ਪੈ ਗਈ ਸੀ। ਹਰ ਸਮੇਂ ਕਮਰੇ ਵਿਚ ਏਅਰ-ਕੰਡੀਸ਼ਨਰ ਚਲਦਾ, ਵੱਡੇ ਭਾਈ ਕਦੇ-ਕਦੇ ਆਕੇ ਹਾਲ ਚਾਲ ਪੁੱਛ ਜਾਂਦੇ। ਵੀਣਾ ਆਪਣੀ ਮਾਂ ਨਾਲ ਪਹਾੜ ਜਾਣ ਦੀ ਤਿਆਰੀ ਵਿਚ ਰੁਝੀ ਹੋਈ ਸੀ, ਅਤੇ ਹੁਣ 'ਵੀਣਾ' ਵਿਚ ਇਕ ਫਿਲਮ ਦੀ ਪ੍ਰੀਮਿਅਰ ਹੋਣ ਵਾਲਾ ਸੀ, ਜਿਸ ਵਿਚ ਕਾਫ਼ੀ ਪ੍ਰਸਿੱਧ ਫਿਲਮੀ ਸਿਤਾਰੇ ਆਉਣ ਵਾਲੇ ਸਨ। ਇਕ ਹਫ਼ਤੇ ਤੋਂ ਵੀਣਾ ਉਸ ਅਵਸਰ ਤੇ ਪਹਿਨਣ ਦੇ ਕੱਪੜੇ ਬਨਵਾਉਣ ਵਿਚ ਲੱਗੀ ਹੋਈ ਸੀ। ਵੱਡੇ ਭਾਈ ਚਾਹੁੰਦੇ ਸਨ ਕਿ ਉਸ ਸ਼ਾਮ ਰਾਧਿਕਾ ਵੀ ਨਾਲ ਚਲੇ।

ਉਸੇ ਸਵੇਰੇ ਰਾਧਿਕਾ ਦੇ ਨਾਂ ਮਨੀਸ਼ ਦਾ ਫੋਨ ਆ ਗਿਆ, ਉਹ ਮਿਲਣਾ ਚਾਹੁੰਦਾ ਸੀ। "ਚੰਗਾ, ਆਵੀਂ," ਰਾਧਿਕਾ ਨੇ ਕਿਹਾ। ਫੋਨ ਬੰਦ ਹੋ ਜਾਣ ਮਗਰੋਂ ਵੀ ਉਹ ਕਾਫ਼ੀ ਦੇਰ ਬਰਾਂਡੇ ਵਿਚ ਖੜੀ ਰਹੀ। ਪੁਰਖਹੀਣ ਜੀਵਨ ਵਿਚ ਅਕੇਵਾਂ ਤਾਂ ਜ਼ਰੂਰ ਹੁੰਦਾ ਹੈ, ਪਰ ਨਾਲ ਹੀ ਇਕਨਿਸਚਿੰਤਤਾ ਵੀ, ਜੋ ਕਿ ਰਾਧਿਕਾ ਨੂੰ ਕਾਫ਼ੀ ਸੁਖਦਾਇਕ ਲੱਗਦੀ ਸੀ। ਹੁਣ ਮਨੀਸ਼ ਉਸ ਸੰਤੁਲਨ ਵਿਚ ਫਿਰ ਗੜਬੜ ਕਰ ਦੇਵੇਗਾ। ਉਹ ਚਾਹੁੰਦਾ ਕੀ ਹੈ ? ਉਸਨੇ ਨਾ ਮਿੱਤਰਾਂ ਦੀ ਕਮੀ ਹੈ ਨਾ ਲੜਕੀਆਂ ਦੀ। ਫਿਰ ਵਾਰ-ਵਾਰ ਰਾਧਿਕਾ ਨੂੰ ਝੰਜੋੜਦਾ ਹੈ ? ਕੀ ਇਸ ਲਈ

ਕਿਉਂਕਿ ਉਸ ਨੇ ਕਹਿ ਦਿੱਤਾ ਕਿ ਉਸ ਦੇ ਜੀਵਨ ਵਿਚ ਮਨੀਸ਼ ਵਰਗੇ ਵਿਅਕਤੀ ਦੀ ਥਾਂ ਨਹੀਂ ਹੈ ?

ਸ਼ਾਮ ਤੱਕ ਰਾਧਿਕਾ ਕੁਝ ਉਲਾਸ ਵਿਚ ਆ ਗਈ ਸੀ, ਸ਼ਾਇਦ ਉਸ ਨੂੰ ਲੱਗਣ ਲੱਗਾ ਸੀ ਕਿ ਘਟਨਾਹੀਣ ਜੀਵਨ ਤੋਂ ਉਹ ਕਾਫ਼ੀ ਅੱਕ ਗਈ ਹੈ, ਅਤੇ ਮਨੀਸ਼ ਨਾਲ ਇਕ ਸ਼ਾਮ ਤਾਂ ਚੰਗੀ ਤਰ੍ਹਾਂ ਗੁਜ਼ਾਰੇਗੀ।

ਰਾਧਿਕਾ ਜਦੋਂ ਬਾਹਰ ਆਈ, ਮਨੀਸ਼ ਆ ਚੁਕਿਆ ਸੀ ਅਤੇ ਵੱਡੇ ਭਾਈ ਦੇ ਵੱਡੇ ਜਹੇ, ਫਾਰਮਲ ਡਰਾਇੰਗ ਰੂਮ ਵਿਚ ਬੈਠਾ ਸੀ। ਉਸ ਨੂੰ ਵੇਖ ਕੇ ਉਹ ਉੱਠ ਖਲੋਤਾ। ਰਾਧਿਕਾ ਮੁਸਕਰਾਂਦੀ ਹੋਈ ਆਈ ਅਤੇ ਕੋਲ ਖੜੀ ਹੋ ਗਈ।

"ਕਿਵੇਂ ਆਉਣਾ ਹੋਇਆ ?"

"ਕੁਝ ਕੰਮ ਸੀ," ਮਨੀਸ਼ ਨੇ ਸੰਖੇਪ ਵਿਚ ਕਿਹਾ ਅਤੇ ਥੋੜ੍ਹੀ ਦੇਰ ਰਾਧਿਕਾ ਨੂੰ ਵੇਖਦਾ ਰਿਹਾ। ਰਾਧਿਕਾ ਨੇ ਬੇਹੱਦ ਫਿੱਕੇ ਪੀਲੇ ਰੰਗ ਦੀ ਅਰਕੰਡੀ ਦੀ ਸਾੜੀ ਪਾਈ ਹੋਈ ਸੀ। ਵਾਲਾਂ ਵਿਚ ਇਕ ਪੀਲਾ ਫੁੱਲ। ਮਨੀਸ਼ ਦੀ ਨਜ਼ਰ ਤੋਂ ਥੋੜ੍ਹਾ ਜਿਹਾ ਸੰਕੋਚ ਕਰ ਉਸ ਨੇ ਕਿਹਾ "ਆ ਚੱਲ, ਬਾਹਰ ਬੈਠੀਏ।"

ਲਾਅਨ ਵਿਚ ਭਿੰਨੀ ਮਿੱਟੀ ਅਤੇ ਤੁਰੰਤ ਕੱਟੇ ਗਏ ਘਾਹ ਦੀ ਸੁੰਗਧ ਆਈ। ਮਨੀਸ਼ ਦਾ ਕਣਕਵੰਨਾ ਰੰਗ ਤਪ ਕੇ ਕੁਝ ਕਾਲਾ ਹੋ ਗਿਆ ਸੀ। ਸ਼ਾਇਦ ਧੁੱਪ ਵਿਚ ਕਈ ਹਫ਼ਤੇ ਕੰਮ ਕੀਤਾ ਹੋਵੇ। ਇਸ ਵੇਲੇ ਉਹ ਬਹੁਤ ਤਰੀਕੇ ਨਾਲ, ਸੂਟ, ਟਾਈ ਸਹਿਤ ਤਿਆਰ ਹੋ ਕੇ ਆਇਆ ਸੀ।

"ਤੈਨੂੰ ਮੇਰਾ ਪਤਾ ਕਿਵੇਂ ਲੱਗਿਆ ?" ਰਾਧਿਕਾ ਨੇ ਕੁਰਸੀ ਦੇ ਸਰਕੰਡੇ ਤੇ ਹੌਲੀ-ਹੌਲੀ ਨਹੁੰ ਮਾਰਦਿਆਂ ਪੁੱਛਿਆ।

"ਮੈਂ ਤੇਰੇ ਫਲੈਂਟ ਵਿਚ ਗਿਆ ਸੀ, ਪਤਾ ਲੱਗਾ ਕਿ ਤੂੰ ਨਹੀਂ ਹੈ। ਹੇਠਲੇ ਵੀ ਕਲਕੱਤੇ ਗਏ ਹੋਏ ਸਨ।"

"ਕਲਕੱਤੇ ?" ਰਾਧਿਕਾ ਦੇ ਮੂੰਹੋਂ ਨਿਕਲਿਆ।

"ਹਾਂ, ਅਕਸ਼ੈ ਕੋਲ। ਦੇਕੀ ਵੀ ਗਈ ਹੈ। ਪਹਾੜੀ ਸੀ, ਉਸਤੋਂ ਪਤਾ ਲੱਗਾ। ਇਸ ਤਰ੍ਹਾਂ, ਬਿਨਾ ਦੱਸੇ, ਚੁੱਪ- ਚਾਪ ਖਿਸਕ ਆਈ...।"

"ਵੱਡੇ ਭਾਈ ਮੰਨੇ ਹੀ ਨਹੀਂ," ਰਾਧਿਕਾ ਨੇ ਹੌਲੀ ਆਵਾਜ਼ ਵਿਚ ਕਿਹਾ, ਫਿਰ ਪੁੱਛਿਆ, "ਤੇ ਤੂੰ ਕੀ ਕਰਦਾ ਰਿਹਾ ?"

"ਕੁਝ ਲੋਕ ਰਾਜਸਥਾਨ, ਗੁਜਰਾਤ ਵਿਚ ਇਕ ਪੁਰਾਣੀ ਟ੍ਰੇਡ-ਰੂਟ ਦੀ ਖੁਦਾਈ ਕਰ ਰਹੇ ਹਨ। ਉੱਥੇ ਸੀ।"

ਇੰਨੇ ਵਿਚ ਵੱਡੇ ਭਾਈ ਵੀ ਬਾਹਰ ਆ ਗਏ। ਜਾਣ-ਪਛਾਣ ਹੋਈ। ਵੱਡੇ ਭਾਈ ਨੇ ਮਨੀਸ਼ ਨੂੰ ਗੌਰ ਨਾਲ ਵੇਖਿਆ, ਫਿਰ ਕੋਲ ਬੈਠ ਗਏ। ਫਿਰ ਭਰਜਾਈ ਆਈ, ਅਤੇ ਫਿਰ ਵੀਣਾ।

"ਤੁਸੀਂ ਵੀ ਚਲੋ," ਵੀਣਾ ਨੇ ਮਚਲ ਕੇ ਕਿਹਾ, 'ਚਲੋ ਨਾ ?"

ਰਾਧਿਕਾ ਨੇ ਮਨੀਸ਼ ਨੂੰ ਵੇਖਿਆ, ਅਤੇ ਮਨੀਸ਼ ਨੇ ਥੋੜ੍ਹਾ ਜਿਹਾ ਹੱਸ ਕੇ ਕਿਹਾ, "ਜੇ ਤੁਹਾਡੇ ਆਂਟੀ ਜੀ ਚੱਲ ਰਹੇ ਹਨ ਤਾਂ ਮੈਂ ਵੀ ਚਲਾਂਗਾ। ਬਹੁਤ ਦਿਨਾਂ ਤੋਂ ਕੋਈ ਫਿਲਮ ਵੀ ਨਹੀਂ ਵੇਖੀ।"

ਆਪਣੇ ਨਿਰਾਸ਼ ਭਾਵ ਨੂੰ ਲੁਕੋ ਕੇ ਰਾਧਿਕਾ ਨੇ ਹਾਮੀ ਭਰ ਦਿੱਤੀ। ਤਾਂ ਵੱਡੇ ਭਾਈ ਨਿਸਚਿੰਤ ਹੋ ਕੇ ਕੁਰਸੀ ਤੇ ਢੋਹ ਲਾ ਕੇ ਬਹਿ ਗਏ ਅਤੇ ਨੌਕਰ ਨੂੰ ਬੁਲਾ ਕੇ ਕੁਝ ਪੀਣ ਨੂੰ ਲਿਆਉਣ ਲਈ ਕਿਹਾ, ਆਪਣੇ ਤੇ ਮਨੀਸ਼ ਲਈ ਬੀਅਰ, ਰਾਧਿਕਾ ਲਈ, ਅਨਾਨਾਸ ਦਾ ਰਸ, ਭਰਜਾਈ ਲਈ ਤੇ ਵੀਣਾ ਲਈ ਕੋਕਾ-ਕੋਲਾ।

"ਕਾਰਿਨ ਕਿੱਥੇ ਹੈ ?" ਸੰਬੰਧੀਆਂ ਨੂੰ ਕੋਈ ਗ਼ਲਤ ਫ਼ਹਿਮੀ ਨਾ ਹੋ ਜਾਵੇ ਇਸ ਲਈ ਉਸ ਨੇ ਪੁੱਛਿਆ।

"ਅੱਜ ਕੱਲ ਪਾਕਿਸਤਾਨ ਗਈ ਹੋਈ ਹੈ। ਆਉਣ ਵਾਲੀ ਹੋਵੇਗੀ," ਮਨੀਸ਼ ਨੇ ਕਿਹਾ।

"ਜਦੋਂ ਤੱਕ ਸ਼ੋ ਦਾ ਸਮਾਂ ਨਾ ਹੋ ਗਿਆ, ਉਹ ਉੱਥੇ ਹੀ ਬੈਠੇ। ਭਰਜਾਈ ਮਨੀਸ਼ ਤੋਂ ਕਾਫ਼ੀ ਪ੍ਰਭਾਵਿਤ ਲੱਗ ਰਹੀ ਸੀ। ਰਾਧਿਕਾ ਤੇ ਵੀਣਾ ਨੂੰ ਮਨੀਸ਼ ਆਪਣੇ ਨਾਲ ਲੈ ਗਿਆ। ਵੀਣਾ ਅਗਲੀ ਸੀਟ ਤੇ ਰਾਧਿਕਾ ਤੇ ਮਨੀਸ਼ ਦੇ ਦਰਮਿਆਨ ਬੈਠੀ ਅਤੇ ਉਸ ਦਾ ਖਿੜਿਆਂ ਚਿਹਰਾ ਵੇਖ ਕੇ ਰਾਧਿਕਾ ਨੂੰ ਮਨ ਵਿਚ ਟੀਸ ਜਿਹੀ ਮਹਿਸੂਸ ਹੋਈ। ਉਹ ਆਪਣੇ ਆਪ ਨੂੰ ਬੇਹੱਦ ਥੱਕੀ ਹੋਈ ਪਾ ਰਹੀ ਸੀ।

ਦੂਜੇ ਦਿਨ ਵੀ ਮਨੀਸ਼ ਆਇਆ ਅਤੇ ਸ਼ਾਮ ਨੂੰ ਭਰਜਾਈ ਦੇ ਬਹੁਤਾ ਕਹਿਣ ਤੇ ਖਾਣੇ ਲਈ ਵੀ ਰੁਕ ਗਿਆ।

ਫਿਰ ਤੀਜੇ ਦਿਨ ਰਾਧਿਕਾ ਉਸ ਦੇ ਨਾਲ ਇਕੱਲੀ ਜਾ ਸਕੀ। ਵੀਣਾ ਨਾਲ ਜਾਣ ਨੂੰ ਮਚਲ ਰਹੀ ਸੀ, ਪਰ ਵੱਡੇ ਭਾਈ ਨੇ ਰੋਕ ਦਿੱਤਾ। ਫਿਰ ਵੀ ਮਨੀਸ਼ ਭੋਜਨ ਘਰ ਹੀ ਕਰੇ ਇਹ ਤਹਿ ਹੋ ਗਿਆ। ਪਹਿਲਾਂ ਉਨ੍ਹਾਂ ਨੇ ਹਜ਼ਰਤ ਗੰਜ ਵਿਚ ਕੋਫੀ ਪੀਤੀ, ਫਿਰ ਕੁਝ ਦੇਰ ਟਹਿਲਦੇ ਰਹੇ। ਮਨੀਸ਼ ਨੇ ਕਿਹਾ, "ਮੈਂ ਬਹੁਤ ਸਾਲਾਂ ਬਾਦ ਲਖਨਊ ਆਇਆ ਹਾਂ।"

"ਫਿਰ ਕਿਹੋ ਜਿਹਾ ਲੱਗ ਰਿਹਾ ਹੈ, ?"

"ਜਿਵੇਂ ਤੈਨੂੰ ਦਿੱਲੀ ਲੱਗੀ ਸੀ।"

"ਫਿੱਕੀ ਤੇ ਹਨ੍ਹੇਰੀ," ਰਾਧਿਕਾ ਨੇ ਕਿਹਾ ਅਤੇ ਕਿਨਾਰੇ ਰੁਕ ਗਈ।

"ਬਚਪਨ ਵਿਚ ਇਮਾਮਬਾੜੇ ਤੇ ਪੁਰਾਣੀਆਂ ਇਮਾਰਤਾਂ, ਬਹੁਤ ਵੱਡੀਆਂ, ਦੰਤ ਦੇ ਆਕਾਰ ਦੀਆਂ ਲੱਗਦੀਆਂ ਸਨ। ਪਰ ਹੁਣ ਤਾਂ ਪਿਰਾਮਿਡ ਤੱਕ ਵੀ ਮੈਨੂੰ ਨਿਰਾਸ਼ਾ ਜਨਕ ਲੱਗੇ ਹਨ। ਰਾਧਿਕਾ ਨੇ ਕੁਝ ਦੇਰ ਬਾਦ ਕਿਹਾ।

ਪੂਰੀ ਸੜਕ ਪਾਰ ਕਰਕੇ ਉਹ ਦੋਵੇ ਉੱਥੇ ਆ ਗਏ ਜਿੱਥੇ ਮਨੀਸ਼ ਦੀ ਕਾਰ ਖੜੀ ਸੀ। ਮਨੀਸ਼ ਕਾਫ਼ੀ ਦੇਰ ਕਾਰ ਲੈ ਕੇ ਸੜਕਾਂ ਤੇ ਭਟਕਦਾ ਰਿਹਾ, ਫਿਰ ਇਕ ਸੁਨਸਾਨ ਜਗ੍ਹਾ ਤੇ ਉਸਨੇ ਕਾਰ ਰੋਕ ਦਿੱਤੀ। ਕਿਸੇ ਨਾਮਾਲੂਮ ਫੁੱਲ ਦੀ ਸੁੰਗਧ ਨਾਲ ਭਰਿਆ ਇਕ ਹਵਾ ਦਾ ਝੋਲਾ ਆਇਆ। ਦੂਰ ਸ਼ਹੀਦਾਂ ਦੀ ਯਾਦਗਾਰ ਦੀ ਰੋਸ਼ਨੀ ਦਿਸ ਰਹੀ ਸੀ।

ਰਾਧਿਕਾ ਆਪਣੀ ਥਾਂ ਚੁੱਪ-ਚਾਪ ਬੈਠੀ ਰਹੀ।

"ਮੈਂ ਤਿੰਨ ਦਿਨਾਂ ਤੋਂ ਤੇਰੇ ਨਾਲ ਗੱਲਾਂ ਕਰਨ ਲਈ ਇਕਾਂਤ ਲੱਭ ਰਿਹਾ ਹਾਂ।"

"ਗੱਲਾਂ ! ਕਿਹੋ ਜਿਹੀਆਂ ?" ਰਾਧਿਕਾ ਨੇ ਪੁੱਛਿਆ।

ਕੋਲੋਂ ਦੋ ਸਾਈਕਲ ਸਵਾਰ ਨਿਕਲ ਗਏ, ਖੜੀ ਹੋਈ ਕਾਰ ਮੁੜ-ਮੁੜ ਵੇਖਦੇ ਹੋਏ।

"ਤੂੰ ਏਨੀ ਦੂਰ ਕਿਉਂ ਬੈਠੀ ਏ ?"

ਉਹ ਕੁਝ ਮਨੀਸ਼ ਦੀ ਸੀਟ ਲਾਗੇ ਸਰਕ ਆਈ। ਉਹ ਜਾਣਦੀ ਸੀ ਕਿ ਉਹ ਚਾਹੁੰਦੀ ਹੈ ਕਿ ਮਨੀਸ਼ ਉਸਨੂੰ ਆਪਣੀਆਂ ਬਾਹਵਾਂ ਵਿਚ ਲੈ ਲਵੇ, ਪਰ ਉਹ ਇਹ ਵੀ ਜਾਣਦੀ ਸੀ ਕਿ ਉਹ ਇਤਰਾਜ਼ ਜ਼ਰੂਰ ਕਰੇਗੀ, ਕਾਰ ਦਾ ਦਰਵਾਜ਼ਾ ਖੋਲ੍ਹ ਕੇ ਉਤਰ ਜਾਵੇਗੀ

ਜੋ ਉਹ ਨਹੀਂ ਮੰਨੇਗਾ ਤਾਂ...। ਪਤਾ ਨਹੀਂ ਰਿਕਸ਼ਾ ਕਿੰਨੀ ਦੂਰ ਮਿਲੇਗਾ। ਉਸ ਦੇ ਮਨ ਵਿਚ ਵਿਚਾਰ ਆਇਆ।

"ਰਾਧਿਕਾ, ਮੈਂ ਫ਼ੈਸਲਾ ਕਰ ਲਿਆ ਹੈ ਕਿ ਮੈਂ ਹੁਣ ਵਾਪਸ ਨਹੀਂ ਜਾਵਾਗਾ।"

ਹਨ੍ਹੇਰੇ ਵਿਚ ਮਨੀਸ਼ ਦੀ ਗੰਭੀਰ ਆਵਾਜ਼ ਸੁਣ ਕੇ ਰਾਧਿਕਾ ਤ੍ਰਭਕੀ, ਫਿਰ ਨਿਸਚਲ ਹੋ ਗਈ।

"ਤੂੰ ਅਚਾਨਕ ਇਹ ਫੈਸਲਾ ਕਿਵੇਂ ਕਰ ਲਿਆ ?" ਉਸ ਨੇ ਵਾਤਾਵਰਣ ਨੂੰ ਹੌਲਾ ਕਰਨ ਦੇ ਯਤਨ ਵਿਚ ਕੁਝ ਹੱਸ ਕੇ ਪੁੱਛਿਆ।

"ਅਚਾਨਕ ਨਹੀਂ", ਮੈਂ ਇਸ ਬਾਰੇ ਕਾਫ਼ੀ ਸੋਚਿਆ ਹੈ। ਜੇ ਮੈਂ ਕੁਝ ਹੋਰ ਸਾਲ ਵਿਦੇਸ਼ ਵਿਚ ਰਹਿ ਗਿਆ, ਤਾਂ ਫਿਰ ਮੇਰੇ ਲਈ ਭਾਰਤ ਮੁੜਨਾ ਅਸੰਭਵ ਹੋ ਜਾਵੇਗਾ। ਅਤੇ ਮੈਂ ਭਾਰਤ ਤੋਂ ਬਾਹਰ ਕਿਤੇ ਸਥਾਈ ਰੂਪ ਵਿਚ ਨਹੀਂ ਰਹਿਣਾ ਚਾਹੁੰਦਾ।"

ਉਸ ਦੀ ਆਵਾਜ਼ ਸੁਣ ਕੇ ਰਾਧਿਕਾ ਨੇ ਹੌਲੀ ਜਿਹੇ ਪੁੱਛਿਆ, "ਕੀ ਤੂੰ ਭਾਰਤ ਵਿਚ ਰਹਿ ਕੇ ਸੰਤੁਸ਼ਟ ਹੋ ਸਕੇਗਾ ?"

"ਸ਼ਾਇਦ ਆਰੰਭ ਵਿਚ ਨਹੀਂ, ਮਗਰ ਕੋਸ਼ਿਸ਼ ਕਰਾਂਗਾ।"

ਰਾਧਿਕਾ ਨੇ ਪੱਲਾ ਠੀਕ ਕੀਤਾ, "ਫਿਰ ਕਾਰਿਨ ?"

"ਕਾਰਿਨ ਭਾਰਤ ਵਿਚ ਨਹੀਂ ਰਹਿਣਾ ਚਾਹੁੰਦੀ। ਮੈਂ ਉਸ ਦੇ ਲਈ ਜ਼ਿਆਦਾ ਦਿਨ ਸੋਗ ਨਹੀਂ ਮਨਾਵਾਂਗਾ।" ਮਨੀਸ਼ ਨੇ ਸਹਿਜ ਸੁਰ ਵਿਚ ਕਿਹਾ।

ਰਾਧਿਕਾ ਦੀ ਜ਼ਬਾਨ ਤੱਕ ਕੁਝ ਕੌੜੀਆਂ ਗੱਲਾਂ ਆਈਆਂ, ਪਰ ਉਹ ਵੀ ਪੀ ਗਈ।

ਫਿਰ ਉਹ ਮੁੜ ਕੇ ਹਨ੍ਹੇਰੇ ਵਿਚ ਬਾਹਰ ਵੇਖਣ ਲੱਗੀ।

ਸ਼ਾਇਦ ਮਨੀਸ਼ ਨੇ ਕੁਝ ਦੇਰ ਰੁਕ ਕੇ ਉਸ ਦੇ ਪ੍ਰਤਿਕਰਮ ਦੀ ਉਡੀਕ ਕੀਤੀ, ਫਿਰ ਪੁੱਛਿਆ, "ਤੂੰ ਕੀ ਸੋਚਦੀ ਏ ?"

"ਮੈਂ ਕੀ ਕਰਾਂ ? ਜੋ ਤੂੰ ਸਮਝੇਂ' ਫਿਰ "ਤੂੰ ਜੇ ਰੁਕੇਗਾ ਤਾਂ ਕਰੇਂਗਾ ਕੀ ?"

"ਅਜੇ ਤਾਂ ਇਸ ਇਨਸਟੀਚਿਊਟ ਨੂੰ ਪੈਰਾਂ ਤੇ ਖੜੇ ਹੋਣ ਵਿਚ ਕਈ ਸਾਲ ਲੱਗ ਜਾਣਗੇ। ਡਾਇਰੈਕਟਰ ਤਾਂ ਨਹੀਂ, ਮਗਰ ਸਲਾਹਕਾਰ ਦੇ ਤੌਰ ਤੇ ਤਾਂ ਮੈਂ' ਕੁਝ ਸਮਾਂ ਇੱਥੇ ਰਹਿ ਸਕਦਾ ?"

ਰਾਧਿਕਾ ਨੂੰ ਲੱਗ ਰਿਹਾ ਸੀ ਕਿ ਮਨੀਸ਼ ਗਲਤੀ ਕਰ ਰਿਹਾ ਹੈ। ਕੁਝ ਦਿਨਾਂ ਬਾਅਦ ਜਦੋਂ ਇਹ ਉਤਸ਼ਾਹ ਠੰਢਾ ਪੈ ਜਾਵੇਗਾ ਤਾਂ ਸ਼ਾਇਦ ਉਹ ਬੋਰ ਹੋਣ ਲੱਗ ਪਵੇ। ਬੱਝ ਕੇ ਰਹਿਣਾ ਉਸਦਾ ਸੁਭਾ ਨਹੀਂ ਹੈ, ਉਹ ਤਾਂ ਸੁਤੰਤਰ ਘੁੱਮਕੜ ਸੁਭਾ ਦਾ ਹੈ।

"ਲੱਗਦਾ ਹੈ ਕਿ ਤੈਨੂੰ ਕੋਈ ਖ਼ਾਸ ਖੁਸ਼ੀ ਨਹੀਂ ਹੋਈ," ਮਨੀਸ਼ ਨੇ ਕਿਹਾ।

"ਮੇਰੀ ਖੁਸ਼ੀ ਜਾਂ ਗਮੀ ਨਾਲ ਕੀ ਬਣਦਾ ਹੈ, ਮਨੀਸ਼ ? ਮੈਂ ਤੇਰੇ ਜੀਵਨ ਵਿਚ ਆਉਂਦੀ ਹੀ ਕਿੱਥੇ ਹਾਂ ?" ਉਤਸ਼ਾਹਹੀਣ ਆਵਾਜ਼ ਵਿਚ ਰਾਧਿਕਾ ਨੇ ਕਿਹਾ।

ਮਨੀਸ਼ ਸੀਟ ਤੇ ਟੇਢਾ ਹੋ ਕੇ ਬਹਿ ਗਿਆ, ਰਾਧਿਕਾ ਵੱਲ ਵੇਖ ਕੇ ਉਸ ਨੇ ਬੜੀ ਸ਼ਾਂਤ ਆਵਾਜ਼ ਵਿਚ ਕਿਹਾ, "ਤੂੰ ਕਦੋਂ ਤੱਕ ਅਜਿਹਾ ਸੋਚਦੀ ਰਹੇਗੀ ਰਾਧਿਕਾ ? ਕਦੋਂ ਤੱਕ ਮੈਨੂੰ ਰਿਜੈਕਟ ਕਰਦੀ ਰਹੇਗੀ ?"

ਰਾਧਿਕਾ ਨੇ ਕੁਝ ਕਹਿਣਾ ਚਾਹਿਆ। ਪਰ

ਮਨੀਸ਼ ਉਸ ਨੂੰ ਰੋਕਦਿਆਂ ਬੋਲਿਆ,"ਨਾ,ਕੁਝ ਨਾ ਕਹਿ। ਮੈਂ ਚਾਹੁੰਦਾ ਹਾਂ ਕਿ ਤੂੰ ਸਮਾਂ ਲੈ ਕੇ ਸੋਚ, ਰਾਧਿਕਾ ? ਅਸਾਂ ਦੋਵਾਂ ਵਿਚ ਇਕ ਦੋਸਤੀ ਦੀ ਭਾਵਨਾ ਹੈ, ਸਾਡੇ ਸੰਬੰਧਾਂ ਵਿਚ ਇਕ ਸਰਲਤਾ ਹੈ। ਮੈਂ ਤੈਨੂੰ ਪੂਰਨ ਤੌਰ ਤੇ ਸਵੀਕਾਰ ਕਰਾਂਗਾ, ਤੇਰੇ ਮੂਡ, ਤੇਰੀ ਸਮੱਸਿਆਵਾਂ, ਤੇਰੇ ਬੀਤੇ ਸਹਿਤ।" ਫਿਰ ਕੁਝ ਰੁਕ ਕੇ, "ਕੀ ਤੂੰ ਅਕਸ਼ੈ ਨਾਲ ਵਾਇਦਾ ਕਰ ਚੁੱਕੀ ਹੈ ?"

ਰਾਧਿਕਾ ਨੇ ਸਹਿਜੇ ਦੁੱਖੀ ਆਵਾਜ਼ ਵਿਚ ਕਿਹਾ, "ਨਹੀਂ,-ਅਕਸ਼ੈ ਨੂੰ ਵਿਚਕਾਰ ਨਾ ਘੜੀਸ।"

ਮਨੀਸ਼ ਦੇ ਹੱਥਾਂ ਵਿਚ ਉਸ ਦੀਆਂ ਬੰਦ ਮੁੱਠੀਆ ਸਨ, ਮਨੀਸ਼ ਨੇ ਇੰਨੀ ਹੌਲੀ ਜਿਹੀ, ਕਿਹਾ ਕਿ ਸੰਨਾਟਾ ਵੀ ਨਾ ਹੋਵੇ ਅਤੇ ਜੇ ਹੋਵੇ ਤਾਂ ਸੁਣਿਆ ਵੀ ਨਾ ਜਾ ਸਕੇ, ਕਿਹਾ, "ਪਰ ਅਕਸ਼ੈ ਨੂੰ ਤੂੰ..." ਅਤੇ ਵਿਚ ਹੀ ਚੁੱਪ ਹੋ ਗਿਆ। ਰਾਧਿਕਾ ਦੀਆਂ ਅੱਖਾਂ ਵਿਚ ਜੋ ਹੰਝੂ

ਡਲਕ ਪਏ, ਉਹ ਮਨੀਸ਼ ਨੇ ਨਹੀਂ ਵੇਖੇ। ਅਕਸ਼ੈ ਨੂੰ ਮੈਂ ਸਭ ਕੁਝ ਦੇ ਸਕਦੀ ਸੀ ਜੇ ਉਹ ਸਵੀਕਾਰ ਕਰਦਾ। ਰਾਧਿਕਾ ਕਹਿਣਾ ਚਾਹੁੰਦੀ ਸੀ, ਪਰ ਉਹ ਜਾਣਦੀ ਸੀ ਕਿ ਉਹ ਕਦੀ, ਕਿਸੇ ਨੂੰ ਵੀ ਇਹ ਨਾ ਕਹਿ ਸਕੇਗੀ।

ਮਨੀਸ਼ ਨੂੰ ਸ਼ਾਇਦ ਸ਼ੱਕ ਹੋਇਆ ਹੋਵੇ, ਉਸ ਨੇ ਸੱਜਾ ਹੱਥ ਰਾਧਿਕਾ ਦੀਆਂ ਪਲਕਾਂ ਤੇ ਫੇਰਿਆ। ਅੱਖਾਂ ਗਿਲੀਆਂ ਸਨ।

"ਤੂੰ ਉੱਥੇ ਨਹੀਂ ਰਹਿ ਸਕੀ, ਨਾ ਤੈਨੂੰ ਇੱਥੇ ਹੀ ਸਵੀਕਾਰ ਕੀਤਾ ਗਿਆ।ਮੈਂ ਵੀ ਆਪਣੇ ਆਪ ਨੂੰ ਅੱਡ, ਅਲੱਗ, ਟੁਟਿਆ ਹੋਇਆ ਦੇਖਦਾ ਹਾਂ।ਸੋਚਿਆ ਕਿ ਅਸੀਂ ਦੋਵੇਂ ਇਕੱਠੇ ਰਹਿ ਸਕਾਂਗੇ - ਕਿਉਂਕਿ ਅਸੀਂ ਇਕ ਦੂਜੇ ਨੂੰ ਕਾਫੀ ਚਿਰ ਤੋਂ ਜਾਣਦੇ ਹਾਂ, ਬਹੁਤ ਸਾਰੇ ਪ੍ਰਸੰਗਾਂ ਵਿਚ ਪਰ ਜੇ ਤੂੰ।" ਮਨੀਸ਼ ਦੀ ਆਵਾਜ਼ ਉਦਾਸ ਹੋ ਗਈ।

ਰਾਧਿਕਾ ਨੇ ਸਿਰ ਚੁਕਿਆ, ਹਲਕੇ ਹਨ੍ਹੇਰੇ ਵਿਚ ਮਨੀਸ਼ ਦਾ ਚਿਹਰਾ ਨਹੀਂ ਦਿੱਸਦਾ। ਮਨੀਸ਼ ਨੂੰ ਕਦੀ ਉਦਾਸ ਨਹੀਂ ਵੇਖਿਆ ਹੈ, ਹਮੇਸ਼ਾਂ ਇਕ ਖਿੜੇ ਹੋਏ ਮਖੌਟੇ ਵਿਚ, ਬਹੁਤ ਪਾਪੂਲਰ ਇਕ ਪਾਰਟੀ ਮੈਨ, ਇਕ ਸਫ਼ਲ ਵਿਅਕਤੀ ਦੇ ਰੂਪ ਵਿਚ ਹੀ। ਹੁਣ ਉਸ ਨੇ ਰਾਧਿਕਾ ਦੇ ਹੱਥ ਛੱਡ ਦਿੱਤੇ ਅਤੇ ਸਟੇਅਰਿੰਗ ਤੇ ਖੱਬੀ ਬਾਂਹ ਟਿਕਾ ਕੇ ਸ਼ਾਇਦ ਜੇਬ ਵਿਚੋਂ ਸਿਗਰਟ ਲੱਭਣ ਲੱਗਾ।

ਸਿਗਰਟ ਸੁਲਗਾ ਕੇ ਕੁਝ ਕਸ਼ ਲੈਣ ਉਪਰੰਤ ਉਸ ਨੇ ਕਿਹਾ "ਇਕ ਗੱਲ ਕਹਿੰਦਾ ਹਾਂ, ਮੰਨੇਗੀ ? ਮੈਂ ਇਨਸਚੀਚਿਊਟ ਦੇ ਕੁਝ ਲੋਕਾਂ ਨੂੰ ਲੈ ਕੇ ਖੁਜਰਾਹੋ ਜਾ ਰਿਹਾ ਹਾਂ। ਤੂੰ ਨਾਲ ਚਲੇਂਗੀ ? ਰਹਿਣ ਲਈ ਥਾਂ ਦਾ ਪ੍ਰਬੰਧ ਹੋ ਚੁਕਿਆ ਹੈ, ਤੇ ਤੈਨੂੰ ਤਕਲੀਫ਼ ਨਹੀਂ ਹੋਵੇਗੀ। ਤੂੰ ਚਲੇਗੀ ਤਾਂ ਚੰਗਾ ਲੱਗੇਗਾ। ਸ਼ਾਮਾਂ ਇੱਕਠਿਆਂ ਬੈਠ ਕੇ ਗੱਲਾਂ ਵਿਚ ਗੁਜ਼ਾਰਾਂਗੇ।"

ਰਾਧਿਕਾ ਦੇ ਮਨ ਵਿਚ ਅਚਾਨਕ ਤਮਾਮ ਗੱਲਾਂ ਉਭਰੀਆਂ। ਖੁਜਰਾਹੋ ਦੀਆਂ ਸੁੰਦਰ ਸ਼ਾਮਾਂ, ਇਕਾਂਤ ਡਾਕ ਬੰਗਲਾ, ਮਨੀਸ਼ ਅਤੇ ਉਸਨੇ ਸਿਰ ਹਿਲਾਂਦੇ ਹੋਏ ਕਿਹਾ "ਸ਼ਾਇਦ ਸੰਭਵ ਨਹੀਂ ਹੋ ਸਕੇਗਾ।"

ਮਨੀਸ਼ ਨੇ ਕਿਹਾ, "ਤੇਰੇ ਤੋਂ ਇਸੇ ਤਰ੍ਹਾਂ ਦਾ ਅੰਦੇਸ਼ਾ ਸੀ, ਪਰ ਸੋਚਣਾ, ਮੈਂ ਤੇਰੇ ਲਈ ਜਗ੍ਹਾ ਰਖਾਂਗਾ....।”

ਫਿਰ ਚੁੱਪ ਛਾ ਗਈ। ਰਾਧਿਕਾ ਨੇ ਹੱਥਾਂ ਨਾਲ ਥਪਥਪਾ ਕੇ ਵਾਲ ਠੀਕ ਕੀਤੇ ਅਤੇ ਕਿਹਾ, 'ਚਲ, ਖਾਣੇ ਤੇ ਉਡੀਕ ਹੋ ਰਹੀ ਹੋਵੇਗੀ।"

ਫਿਰ ਵਾਪਸ ਮੁੜਦੇ ਹੋਏ ਉਹ ਖਿੜਕੀ ਤੋਂ ਬਾਹਰ ਹਨ੍ਹੇਰੇ ਨੂੰ ਵੇਖਦੀ ਰਹੀ, ਬੰਦ ਦੁਕਾਨਾਂ, ਬੁੱਝੇ ਹੋਏ ਸਾਈਨ ਬੋਰਡ, ਟਾਵੇਂ-ਟਾਵੇਂ ਪਾਨ ਵਾਲੇ।

ਮਨੀਸ਼ ਨੇ ਵੀ ਹੋਰ ਕੁੱਝ ਨਹੀਂ ਕਿਹਾ। ਵਾਪਸ ਆ ਕੇ ਵੱਡੇ ਭਾਈ, ਭਰਜਾਈ ਆਦਿ ਵਿਚ ਘਿਰ ਕੇ ਉਹ ਫਿਰ ਉਹੀ ਹੋ ਗਿਆ ਸੀ, ਇਕ ਬਹੁਤ ਹੀ ਸ਼ਿਸ਼ਟ ਮਹਿਮਾਨ, ਚਾਰਮ ਨਾਲ ਭਰਿਆ, ਵੱਡੇ ਭਾਈ ਪਾਸੋਂ ਡ੍ਰਿੰਕ ਸਵੀਕਾਰ ਕਰਕੇ ਭਰਜਾਈ ਵੱਲ ਮੁਖ਼ਾਤਬ ਹੋ ਕੇ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਿਹਾ।

ਰਾਧਿਕਾ ਬੇਹੱਦ ਥੱਕ ਗਈ ਸੀ, ਭੋਜਨ ਦੇ ਦੌਰਾਨ ਉਹ ਬਿੱਲਕੁਲ ਚੁੱਪ ਰਹੀ, ਗੱਲਬਾਤ ਕੇਵਲ ਵੱਡੇ ਭਾਈ ਤੇ ਮਨੀਸ਼ ਦੇ ਦਰਮਿਆਨ ਸੀਮਤ ਰਹੀ। ਅਤੇ ਫਿਰ ਭੋਜਨ ਦੀ ਸਮਾਪਤੀ ਤੋਂ ਬਾਦ ਜਦੋਂ ਮਨੀਸ਼ ਬਹੁਤ ਧੰਨਵਾਦ ਕਰਕੇ ਅਤੇ ਵਿਦਾ ਲੈ ਕੇ ਚੱਲਣ ਲੱਗਿਆ ਤਾਂ ਭਰਜਾਈ ਨੇ ਕਿਹਾ। "ਬਾਹਰ ਤੱਕ ਛੱਡ ਆਓ ਨਾ।"

ਤਾਂ ਰਾਧਿਕਾ ਉੱਠੀ ਅਤੇ ਬਾਹਰ ਗੇਟ ਤੱਕ ਨਾਲ-ਨਾਲ ਆਈ।

"ਤੈਨੂੰ ਬਹੁਤ ਥਕਾ ਦਿੱਤਾ",ਮਨੀਸ਼ ਨੇ ਖੇਦ ਭਰੇ ਸਵਰ ਨਾਲ ਕਿਹਾ,"ਕੀ ਬੋਰ ਵੀ ਹੋ ਗਈ ਹੈ। ?"

"ਨਹੀਂ ਤਾਂ" ਰਾਧਿਕਾ ਨੂੰ ਆਪਣੀ ਅਸ਼ਿਸ਼ਟਤਾ ਉੱਤੇ ਸ਼ੰਗ ਆ ਗਈ।

"ਫਿਰ ਕਦੋਂ ਆਓਗੇ," ਉਸਨੇ ਪੁੱਛਿਆ।

ਹੁਣ ਤਾਂ ਤੁਸੀਂ ਆਉਣਾ," ਮਨੀਸ਼ ਨੇ ਕਹਿ ਕੇ ਉਸਦੇ ਮੋਢਿਆ ਤੇ ਹੱਥ ਰਖਣੇ ਚਾਹੇ,ਉਹ ਦੂਰ ਹਟਦੀ ਹੋਈ ਹੌਲੀ ਜਿਹੇ ਬੋਲੀ, "ਦਰਵਾਨ ਉਹ ਸਾਹਮਣੇ ਖੜਾ ਹੈ।"

ਮਨੀਸ਼ ਚਲਿਆ ਗਿਆ।

ਤਾਂ ਇਹ ਮੂਰਤੀ ਵੀ ਖੰਡਤ ਹੋ ਗਈ, ਰਾਧਿਕਾ ਦਲਹੀਜ਼ ਤੇ ਖੜੀ ਪਾਪਾ ਨੂੰ ਵੇਖ ਰਹੀ ਹੈ। ਕਮਰੇ ਵਿਚ ਕਾਫ਼ੀ ਹਨ੍ਹੇਰਾ ਹੈ, ਪਰ ਜਿਸ ਖਿੜਕੀ ਦੇ ਨੇੜੇ ਪਾਪਾ ਬੈਠੇ ਹਨ, ਉਸਦੇ ਪਾਰ ਸ਼ਾਮ ਦਾ ਹਲਕਾ ਪ੍ਰਕਾਸ਼, ਸਟੱਡੀ ਵਿਚ, ਕਾਫ਼ੀ ਦਿਨਾਂ ਤੋਂ ਬੰਦ ਰਹਿਣ ਵਾਲੀ ਜਗ੍ਹਾ ਦੀ

ਸਲ੍ਹਾਬੀ ਅਤੇ ਘੁੱਟੀ ਜਿਹੀ ਗੰਧ ਹੈ। ਪਿਛਲੇ ਇਕ ਹਫ਼ਤੇ ਤੋਂ ਪਾਪਾ ਇਸੇ ਜਗ੍ਹਾ ਬੈਠੇ ਰਹਿੰਦੇ ਹਨ, ਅਤੇ ਇਕ ਟਕ ਬਾਹਰ ਵੇਖਦੇ ਰਹੇ ਹਨ। ਪਾਣੀ ਘੜੀ ਮੁੜੀ ਬਰਸਦਾ ਹੈ। ਤਾਰਾਂ ਤੇ ਪਈ ਐਂਟੀ-ਗੋਨਮ ਦੀ ਵੇਲ ਬਰਸਾਤ ਵਿਚ ਲਹਿਰਾ ਉੱਠੀ ਹੈ, ਅਤੇ ਨਾਲ ਹੀ ਵਿਦਿਆ ਦੇ ਬੈੱਡ ਰੂਮ ਦੇ ਅੱਗੇ ਦੀ ਸਾਵਨੀ ਵੀ।

ਹੁਣ ਇਹ ਰੰਗ ਕਿੰਨੇ ਰੜ੍ਹਕਦੇ ਹਨ, ਨਹੀਂ ਤਾਂ ਇਹ ਫੁੱਲ ਬਰਸਾਤੀ ਬਦਲਾਂ ਦੀ ਪਿੱਠ ਭੂਮੀ ਵਿਚ ਕਿੰਨੇ ਪਿਆਰੇ ਲੱਗਦੇ ਸਨ। ਕੇਵਲ ਪ੍ਰਸੰਗ ਬਦਲ ਗਿਆ ਹੈ।

ਪਾਪਾ ਨੇ ਅੱਖਾਂ ਚੁੱਕ ਕੇ ਰਾਧਿਕਾ ਨੂੰ ਵੇਖਿਆ।

"ਪਾਪਾ-ਸੂਪ !"

"ਆ, ਬੈਠ",ਉਹ ਕਾਉਚ ਉੱਤੇ ਪੈਰ ਫੈਲਾ ਕੇ ਬੈਠੇ ਹਨ, ਰਾਧਿਕਾ ਪੁਆਂਦੀ ਬੈਠ ਗਈ, ਪਾਪਾ ਨੇ ਪੈਰ ਇਕੱਠੇ ਕਰ ਲਏ।

ਪਾਪਾ ਕੁੱਝ ਦੇਰ ਰਾਧਿਕਾ ਨੂੰ ਵੇਖਦੇ ਰਹਿੰਦੇ ਹਨ। ਉਸਨੇ ਪਤਲੇ ਕਿਨਾਰੇ ਦੀ ਸਫੈਦ ਸਾੜ੍ਹੀ ਪਾਈ ਹੋਈ ਹੈ, ਵਾਲਾਂ ਨੂੰ ਇੱਕਠਿਆਂ ਕਰਕੇ ਪਿੱਛੇ ਜੂੜਾ ਬੰਨ੍ਹਿਆ ਹੋਇਆ ਹੈ ਅਤੇ ਥਕੇਵਾਂ ਮਹਿਸੂਸ ਕਰ ਰਹੀ ਹੈ।

"ਸੂਪ ਆ ਗਿਆ ਹੈ....?" ਰਾਧਿਕਾ ਨੇ ਹੌਲੀ ਜਹੀ ਕਿਹਾ।

"ਥੋੜੀ ਦੇਰ ਬਾਦ ਲਵਾਂਗਾ।"

ਰਾਧਿਕਾ ਪਾਪਾ ਵੱਲ ਨਹੀਂ ਵੇਖ ਸਕਦੀ। ਪਾਪਾ ਦੇ ਨੇੜੇ ਬੈਠਕੇ ਹੁਣ ਸਾਹ ਜਿਹਾ ਰੁਕਦਾ ਹੈ, ਜਿਵੇਂ ਕਿ ਦਮ ਘੁਟਣ ਵਾਲੀ ਛਟਪਟਾਹਟ ਨੇ ਉਸਨੂੰ ਜਕੜ ਲਿਆ ਹੋਏ। ਉਹ ਉੱਠਕੇ ਭੱਜਣਾ ਚਾਹੁੰਦੀ ਹੈ। ਪਰ ਕ੍ਰਿਆਹੀਣ, ਅਡੋਲ ਬੈਠੀ ਰਹਿੰਦੀ ਹੈ।

ਇਹ ਮਕਾਨ ਹੁਣ ਕਿੰਨਾ ਖ਼ਾਲੀ ਅਤੇ ਮਨਹੂਸ ਲੱਗਦਾ ਹੈ। ਪਹਿਲੇ ਰਾਧਿਕਾ ਚਲੀ ਗਈ ਸੀ, ਵਿਦੇਸ਼, ਫਿਰ ਪਾਪਾ ਗੰਗਾ ਪਾਰ ਵਾਲੀ ਕੋਠੀ ਵਿਚ ਅਤੇ ਹੁਣ, ਵਿਦਿਆ !

ਕੋਈ ਵੀ ਪ੍ਰਤੱਖ ਤੌਰ ਤੇ ਵਿਦਿਆ ਲਈ ਨਹੀਂ ਹੋਇਆ ਸੀ। ਪਾਪਾ ਤੱਕ ਦੀਆਂ ਅੱਖਾ ਖ਼ੁਸ਼ਕ ਰਹੀਆਂ। ਲੱਗਦਾ ਨਹੀਂ ਕਿ ਵਿਦਿਆ ਹੁਣ ਨਹੀਂ ਹੈ, ਹਰ ਪਾਸੇ ਤਾਂ ਉਸਦੀ ਹਾਜ਼ਰੀ ਦੇ ਚਿਨ੍ਹ ਹਨ, ਕੰਧਾਂ ਤੇ ਰੰਗ, ਪਰਦੇ, ਫਾਲਸ ਸੀਲਿੰਗ ਕੇਵਲ ਵਿਦਿਆ ਦਾ ਬੈੱਡ-ਰੂਮ ਖ਼ਾਲੀ ਪਿਆ ਹੈ। ਪਾਪਾ ਨਾਲ ਲੱਗਦੇ ਸਟੱਡੀ ਰੂਮ ਵਿਚ ਆਪਣੇ ਕਾਊਚ ਉੱਤੇ ਬੈਠੇ ਰਹਿੰਦੇ ਹਨ, ਰਾਤ ਨੂੰ ਕਦੀ ਉਸੇ ਤੇ ਅੱਖ ਲਗਾ ਲੈਂਦੇ ਹੋਣਗੇ। ਰਾਧਿਕਾ ਆਪਣੇ ਪੈਰਾਂ ਵਲ

ਵੇਖ ਰਹੀ ਹੈ। ਰਮਾ ਨਹੀਂ ਆ ਸਕੀ। ਉਸ ਦੀ ਡਲੀਵਰੀ ਹੋਣ ਵਾਲੀ ਹੈ ? ਕਈ ਹੋਰ ਨੇੜੇ ਦਾ ਰਿਸ਼ਤੇਚਾਰ ਵਿਦਿਆ ਦਾ ਨਹੀਂ ਹੈ। ਅਚਾਨਕ ਖ਼ਬਰ ਮਿਲਣ ਤੇ ਤਾਂ ਭਰਜਾਈ ਮੰਜੀ ਤੇ ਪੈ ਗਈ ਤੇ ਪਾਪਾ ਇਕ ਦਮ ਚੁੱਪ। ਬਾਹਰ ਦਾ ਕੰਮ ਵੱਡੇ ਭਾਈ ਸੰਭਾਲ ਰਹੇ ਹਨ। ਅਤੇ ਅੰਦਰ ਦਾ ਸਭ ਕੁੱਝ ਸਹਿਜ ਭਾਵਨਾ ਨਾਲ ਰਾਧਿਕਾ ਨੇ ਤਾਣ ਲਿਆ ਸੀ। ਕੁਝ ਉਹੋ ਜਿਹੀ ਸਥਿਤੀ ਆ ਗਈ ਜਿਹੋ ਜਿਹੀ ਕਿ ਵਿਦਿਆ ਤੋਂ ਪਹਿਲਾਂ ਸੀ। ਪਰ ਇਸ ਦੌਰਾਨ ਕਈ ਕੌੜੇ ਸਾਲ ਹਨ, ਅਤੇ ਵਿਦਿਆਂ ਵੀ ਸੀ। ਹੁਣ ਵਿਦਿਆ ਨਹੀਂ ਹੈ, ਪਰ ਉਨ੍ਹਾਂ ਸਾਲਾਂ ਦੀ ਯਾਦ ਹੈ, ਜੋ ਭੋਗਿਆ ਗਿਆ ਹੈ, ਉਹ ਹੈ, ਬੇਸ਼ਕ ਰਾਧਿਕਾ ਦੇ ਚਿਹਰੇ ਅਤੇ ਸਰੀਰ ਉੱਤੇ ਉਹ ਉਕਰਿਆ ਨਾ ਦਿੱਸੇ।

ਰਾਧਿਕਾ ਪਾਪਾ ਦੇ ਮੂੰਹ ਵੱਲ ਨਹੀਂ ਵੇਖਣਾ ਚਾਹੁੰਦੀ। ਇਸ ਸਭ ਕੁਝ ਵਿਚ ਵੀ ਉਹ ਆਪਣੇ ਉੱਤੇ ਹੈਰਾਨ ਹੁੰਦੀ ਹੈ, ਕਿ ਕੀ ਉਸ ਦੀਆਂ ਭਾਵਨਾਵਾਂ ਇਸ ਤਰ੍ਹਾਂ ਟੁਟ ਗਈਆ ਹਨ ਕਿ ਉਹ ਵੀ ਤੀਬਰਤਾ ਤੇ ਡੂੰਘਾਈ ਨਾਲ ਅਨੁਭਵ ਨਹੀਂ ਕਰਦੀ ?

ਉਹ ਭਰਜਾਈ ਵਾਂਗ ਵਿਖਾਵਾ ਨਹੀਂ ਕਰ ਸਕਦੀ। ਰੋਣਾ ਗਾਣਾ, ਹੌਕੇ ਲੈਣਾ ਅਤੇ ਪਲੰਘ ਉੱਤੇ ਇੰਜ ਪਏ ਰਹਿਣਾ ਜਿਵੇਂ ਵਿਦਿਆ ਉਨ੍ਹਾਂ ਦੀ ਬਹੁਤੀ ਆਪਣੀ ਸੀ। ਸ਼ਾਇਦ ਪਾਪਾ ਨੂੰ ਵੀ ਇਸ ਕਰਕੇ ਨਫ਼ਰਤ ਹੋਈ ਹੋਵੇ, ਕਿਉਂਕਿ ਉਨ੍ਹਾਂ ਨੇ ਇਕ ਵਾਰ ਵੀ ਭਰਜਾਈ ਦੀ ਸਿਹਤ ਬਾਰੇ ਨਹੀਂ ਪੁੱਛਿਆ।

ਕਮਰੇ ਵਿਚ ਹੁਣ ਹਨ੍ਹੇਰਾ ਬਹੁਤ ਭਰ ਗਿਆ ਹੈ। ਇਕ ਦੋ ਮੱਛਰ ਭਿੰਣ-ਭਿੰਣ ਕਰਨ ਲੱਗੇ ਹਨ। ਛੱਤ ਦੀ ਨਾਲੀ ਤੋਂ ਬਰਸਾਤੀ ਪਾਣੀ ਜਿੱਥੇ ਬਾਹਰ ਗਿਰਦਾ ਹੈ, ਉੱਥੇ ਇਕ ਨਿੱਕਾ ਜਿਹਾ ਤਲਾਅ ਬਣ ਗਿਆ ਹੈ, ਉਸ ਵਿਚ ਟੁਟਵੀਂ ਧਾਰ ਨਾਲ ਬੂੰਦਾਂ ਗਿਰ ਰਹੀਆਂ ਹਨ।

ਇਸ ਇਕਾਂਤ ਵਿਚ ਵਿਚਾਰ ਪਿੱਛੇ ਮੁੜ ਜਾਂਦੇ ਹਨ। ਉਸ ਰਾਤ, ਹੁਣ ਉਹ ਕਿੰਨੀ ਅਤੀਤ ਵਿਚ ਵਾਪਰੀ ਜਾਪਦੀ ਹੈ, ਮਨੀਸ਼ ਨੂੰ ਵਿਦਾ ਕਰਕੇ ਉਹ ਦੇਰ ਤੱਕ ਨਾ ਸੌਂ ਸਕੀ। ਮਨੀਸ਼ ਨੂੰ ਅਨੇਕ ਰੂਪਾਂ ਵਿਚ ਜਾਣਿਆ ਹੈ, ਪਰ ਭਾਰਤ ਵਿਚ ਆ ਕੇ ਇਕ ਨਵੇਂ ਵਿਅਕਤੀ ਦਾ ਭੁਲੇਖਾ ਉਸ ਵਿਚ ਪੈਂਦਾ ਹੈ। ਕੌਣ ਜਾਣੇ ਕਿ ਉਹ ਭਾਰਤ ਵਿਚ ਸਥਾਈ ਤੌਰ ਤੇ ਰਹਿ ਕੇ ਸੁੱਖੀ ਹੋਵੇ।

ਇਕ ਗਹਿਰੀ ਨਿਰਾਸ਼ਾ ਰਾਧਿਕਾ ਉੱਤੇ ਛਾ ਗਈ ਸੀ। ਮਨੀਸ਼ ਦੇ ਨਿਕਟ ਸੰਪਰਕ ਨਾਲ ਉਸਦਾ ਸਰੀਰ ਝਣਝਣਾ ਉੱਠਦਾ ਸੀ, ਅਤੇ ਹੁਣ ਆਪਣੀ ਅਸੰਤੁਸ਼ਟ ਦੇਹ ਉੱਤੇ

ਹਜ਼ਾਰਾਂ ਕੀੜੀਆਂ ਜਿਹੀਆਂ ਰੇਂਗਦੀਆਂ ਮਾਲੂਮ ਹੋ ਰਹੀਆਂ ਸਨ ? ਉਸਨੇ ਕਈ ਵਾਰ ਹੱਥ ਨੂੰ ਝਟਕਿਆ। ਬਹੁਤ ਦੇਰ ਪਏ-ਪਏ ਜਾਗਣ ਤੇ ਉਹ ਖਿੱਝ ਕੇ ਉੱਠੀ। ਠੰਢੇ ਪਾਣੀ ਨਾਲ ਮੂੰਹ ਧੋਤਾ ਫਿਰ ਨੀਂਦਰ ਦੀ ਇਕ ਲਾਲ ਗੋਲੀ ਖਾ ਕੇ ਲੇਟ ਗਈ, ਸਵੇਰੇ ਦਿਨ ਚੜ੍ਹੇ ਤੱਕ ਸੁੱਤੀ ਰਹੀ।

ਜਦੋਂ ਜਾਗੀ ਤਾਂ ਸਿਰਹਾਣੇ ਤਿਪਾਈ ਉੱਤੇ ਰਖੇ ਪਿਆਲੇ ਵਿਚਲੀ-ਚਾਹ ਠੰਡੀ ਹੋ ਗਈ ਸੀ। ਉਸ ਉੱਤੇ ਉਲਟੀ ਲਿਆਉਣ ਵਾਲੀ ਇਕ ਬਰੀਕ ਝਿੱਲੀ ਜਹੀ ਜਮ ਗਈ ਸੀ। ਕਈ ਵਾਰ ਕਿਹਾ ਕਿ ਪਿਆਲੇ ਵਿਚ ਚਾਹ ਬਣਾ ਕੇ ਨਾ ਘਲੀ ਜਾਵੇ। ਉਹ ਆਪਣੇ ਆਪ ਨੂੰ ਘੜੀਸਦੀ ਉੱਠੀ। ਨੀਂਦ ਦੀ ਗੋਲੀ ਹਮੇਸ਼ਾਂ ਜਾਗਣ ਤੇ ਕੁੱਝ ਉਦਾਸ ਕਰ ਜਾਂਦੀ ਹੈ, ਨਹਾਉਣ ਮਗਰੋਂ ਉਹ ਇਕ ਪੀਲੀ ਗੋਲੀ ਲਵੇਗੀ, ਉਤਸ਼ਾਹਿਤ ਕਰਨ ਲਈ। ਵਿਦੇਸ਼ੀ ਸਭਿਅਤਾ ਦੀਆਂ ਇਨ੍ਹਾਂ ਨਿੱਕੀਆਂ-ਨਿੱਕੀਆਂ ਸਹੂਲਤਾਂ ਨਾਲ ਉਹ ਅਜੇ ਚਿਮੜੀ ਹੋਈ ਹੈ।

ਉਹ ਠੰਢੇ ਪਾਣੀ ਦੇ ਫਵਾਰੇ ਥੱਲੇ ਦੇਰ ਤੱਕ ਖੜੀ ਰਹੀ। ਫਿਰ ਗੁਸਲਖਾਨੇ ਦੇ ਦਰਵਾਜ਼ੇ ਉੱਤੇ ਤੇਜ਼ ਥਪਕੀਆਂ ਪੈਣ ਲੱਗੀਆਂ। ਜ਼ਰੂਰ ਮਨੀਸ਼ ਦਾ ਫੋਨ ਹੋਵੇਗਾ, ਨਲਕਾ ਬੰਦ ਕਰਕੇ ਪੁੱਛਿਆ, "ਕੀ ਏ ?"

'ਜ਼ਰਾ ਬਾਹਰ ਆਣਾ' ਵੱਡੇ ਭਾਈ ਸਨ।

ਰਾਧਿਕਾ ਨੇ ਸਰੀਰ ਪੂੰਝਿਆ, ਕੱਪੜੇ ਪਾਏ, ਗਿੱਲੇ ਵਾਲਾਂ ਨੂੰ ਤੋਲੀਏ ਨਾਲ ਲਪੇਟ ਕੇ ਉਹ ਬਾਹਰ ਨਿਕਲੀ।

ਵੱਡੇ ਭਾਈ ਕਮਰੇ ਵਿਚ ਚੱਕਰ ਲਾ ਰਹੇ ਸਨ, ਉਸ ਨੂੰ ਵੇਖ ਕੇ ਰੁੱਕ ਗਏ। ਫਿਰ ਬਿਨਾਂ ਕਿਸੇ ਭੂਮਿਕਾ ਦੇ ਕਹਿ ਉਠੇ, "ਡੈਡੀ ਦਾ ਫੋਨ ਆਇਆ ਹੈ। ਵਿਦਿਆ ਨੇ ਨੀਂਦਰ ਦੀਆਂ ਗੋਲੀਆਂ ਦੀ ਓਵਰ-ਡੋਜ਼ ਲੈ ਲਈ ਹੈ—ਤੇ ਰਾਧਿਕਾ ਸੁੰਨ ਹੋਈ ਉਨ੍ਹਾਂ ਨੂੰ ਵੇਖਦੀ ਰਹਿ ਗਈ।

"ਹਸਪਤਾਲ ਲੈ ਗਏ ਹਨ।"

ਫਿਰ ਰਾਧਿਕਾ ਬੋਲ ਪਈ, "ਵਿਦਿਆ ਨੇ ? ਕਿਉਂ ? ਉਨ੍ਹਾਂ ਨੂੰ ਕੀ ਕਸ਼ਟ ਸੀ ?"

ਵੱਡੇ ਭਾਈ ਨੇ ਇਕ ਬੜੀ ਅਰਥ ਪੂਰਨ ਦ੍ਰਿਸ਼ਟੀ ਨਾਲ ਉਸਨੂੰ ਵੇਖਿਆ, ਪਰ ਤੁਰੰਤ ਆਪਣੇ ਆਪ ਨੂੰ ਸੰਭਾਲ ਲਿਆ।

ਰਾਧਿਕਾ ਪਲੰਘ ਦੀ ਨੁਕਰ ਤੇ ਬੈਠ ਗਈ। ਉਸਦੇ ਪੈਰ ਕੰਬਣ ਲੱਗੇ ਸਨ।

"ਪਾਪਾ ਨੇ ਫੋਨ ਕੀਤਾ ? ਉਹ ਤਾਂ ਗੰਗਾ ਪਾਰ ਸਨ ਨਾ ?"

"ਇਹ ਸਭ ਕੁੱਛ ਮੈਂ ਨਹੀਂ ਪੁੱਛ ਸਕਿਆ। ਉਹ ਬਹੁਤ ਰੁਕ-ਰੁਕ ਕੇ ਬੜੀਆਂ ਮੱਧਮ ਆਵਾਜ਼ ਵਿਚ ਬੋਲ ਰਹੇ ਸਨ।"

"ਸਾਨੂੰ ਜਾਣਾ ਚਾਹੀਦਾ ਹੈ ਭਾਈ ਸਾਹਿਬ ਪਾਪਾ ਇੱਕਲੇ ਹਨ," ਰਾਧਿਕਾ ਨੇ ਕਿਹਾ, ਅਤੇ ਉੱਠਕੇ ਖਲ੍ਹੋ ਗਈ।

'ਮੈਂ' ਡਰਾਈਵਰ ਨੂੰ ਗੱਡੀ ਠੀਕ ਕਰਨ ਨੂੰ ਕਹਿ ਦਿੱਤਾ ਹੈ,' ਵੱਡੇ ਭਾਈ ਬੋਲੇ।

ਰਾਧਿਕਾ ਵਾਲ ਪੂੰਝਣ ਲੱਗੀ। ਰਾਤ ਉਸ ਨੇ ਵੀ ਤਾਂ ਨੀਂਦਰ ਦੀ ਗੋਲੀ ਲਈ ਸੀ, ਤਾਂ ਹੀ ਸ਼ਾਇਦ ਵਿਦਿਆ ਨੇ ਲਈ ਹੋਵੇ,। ਇਕ-ਇਕ ਕਰਕੇ, ਇਹ ਜਾਣਦਿਆਂ ਹੋਇਆ ਕਿ ਸਵੇਰ ਨਹੀਂ ਵੇਖਣਾ ਚਾਹੁੰਦੀ ਵਿਦਿਆ ਨੂੰ ਅਜਿਹਾ ਕਿਉਂ- ਫਿਰ ਉਸ ਨੂੰ ਵਿਦਿਆ ਦਾ ਠੰਡਾ ਟਿਕੀਆ ਚਿਹਰਾ ਯਾਦ ਆਇਆ ਸੀ,ਵਿਦਿਆ ਨਹੀਂ ਰਹੇਗੀ ? ਫਿਰ ਪਾਪਾ.......।

ਫਿਰ ਕਈ ਘੰਟਿਆਂ ਦੀ ਲੰਮੀ ਯਾਤਰਾ। ਪੁਰਾਣਾ ਡਰਾਈਵਰ ਟਿਕੇ ਹੋਏ ਹੱਥਾਂ ਨਾਲ ਗੱਡੀ ਚਲਾ ਰਿਹਾ ਸੀ। ਸੜਕ ਦੇ ਧਕਿਆਂ ਵਿਚ ਵੱਡੇ ਭਾਈ ਊਂਘ ਗਏ ਸਨ। ਭੈ-ਭੀਤ ਰਾਧਿਕਾ ਇਕ ਟੱਕ ਬਾਹਰ ਵੇਖੀ ਜਾ ਰਹੀ ਸੀ। ਭਰਜਾਈ ਜੀ ਨਾਲ ਨਹੀਂ ਆਏ ਸਨ। ਬਾਦ ਵਿਚ ਆਉਣਗੇ, ਇਸ ਲਈ ਰਾਧਿਕਾ ਦੇ ਵਿਚਾਰਾਂ ਵਿਚ ਕੋਈ ਵਿਘਨ ਨਹੀਂ ਪਾ ਰਿਹਾ ਸੀ।

ਤਦ ਤੱਕ ਸ਼ਾਮ ਹੋ ਗਈ ਸੀ। ਪੋਰਟੀ ਕੋ ਵਿਚ ਮੱਧਮ ਜਿਹੀ ਬੱਤੀ ਅਤੇ ਸਾਂ-ਸਾਂ ਕਰਦੀ ਹਵਾ, ਰਾਧਿਕਾ ਜਾ ਕੇ ਬੈਠਕ ਵਿਚ ਖੜੀ ਹੋ ਗਈ। ਪਾਪਾ ਨੇ ਤ੍ਰਬਕ ਕੇ ਸਿਰ ਚੁੱਕਿਆ ਅਤੇ ਰਾਧਿਕਾ ਦੇ ਪਿੱਛੇ ਖਲੋਤੇ ਵੱਡੇ ਭਾਈ ਨੂੰ ਵੇਖਿਆ, ਫਿਰ ਕਿਹਾ, "ਤੁਸੀਂ ਲੋਕ ਆ ਗਏ......?'

ਪ੍ਰਸ਼ਨ ਪੁੱਛਿਆ ਨਾ ਗਿਆ। ਅੰਦਰ ਤਾਈ ਸੀ, ਉਨ੍ਹਾਂ ਦਾ ਪਰਿਵਾਰ, ਕੁੱਝ ਹੋਰ ਦੂਰ ਦੇ ਰਿਸ਼ਤੇਦਾਰ।

"ਕਿੰਨੀ ਸਮਝਦਾਰ ਸੀ ਉਹ, ਪਤਾ ਨਹੀਂ ਕਿਵੇਂ ਗਲਤੀ ਨਾਲ ਜ਼ਿਆਦਾ ਗੋਲੀਆਂ ਖਾ ਲਈਆ," ਤਾਈ ਨੇ ਕਿਹਾ।

ਰਾਧਿਕਾ ਨੇ ਉੱਤਰ ਨਹੀਂ ਦਿੱਤਾ।

ਵਿਹੜੇ ਵਿਚ ਅਨਾਰ ਦੇ ਰੁੱਖਾਂ ਦੇ ਪਰਛਾਵੇਂ ਸਨ, ਅਤੇ ਹਰ ਨੁੱਕਰ ਵਿਚ ਹਨ੍ਹੇਰਾ ਜਿਵੇਂ ਮੂੰਹ ਅੱਡੀ, ਨਿਗਲ ਜਾਣ ਨੂੰ ਤਿਆਰ ਸੀ। ਇਸੇ ਵਿਚ ਵਿਦਿਆ ਲੰਮੇ ਸਮੇਂ ਤੋਂ ਇੱਕਲੀ ਰਹਿੰਦੀ ਆਈ। ਵਿਦਿਆ ਨੂੰ ਕਦੀ ਠੀਕ ਤਰ੍ਹਾਂ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਹਮੇਸ਼ਾ ਪ੍ਰੈਜੂਡਿਸ ਰਹੀ। ਅਤੇ ਹੁਣ ਤਾਂ ਪਾਪਾ ਬੜੇ ਬੇਸਹਾਰਾ, ਪੀੜਤ ਤੇ ਦੁੱਖੀ ਜਿਹੇ ਲੱਗ ਰਹੇ ਹਨ। ਰਾਧਿਕਾ ਉਸ ਕਮਰੇ ਵਿਚ ਨਹੀਂ ਬੈਠ ਸਕੀ। ਉਹ ਭੂਚਾਲ ਮਗਰੋਂ ਨੀਂਹ ਤੱਕ ਹਿਲੇ ਮਕਾਨ ਵਾਂਗ ਅਨੁਭਵ ਕਰ ਰਹੀ ਹੈ। ਤਿੜਕੀਆਂ ਕੰਧਾਂ ਵਾਂਗ......।

ਅਤੇ ਇਸੇ ਤਰ੍ਹਾਂ ਇਕ ਹਫਤਾ ਬਿਤਾਇਆ ਗਿਆ। ਵਿਦਿਆ ਦੇ ਪਲੰਘ ਤੇ ਅਸਮਿਆ ਕਵਰ ਵਿਛਿਆ ਹੋਇਆ ਹੈ, ਪਾਪਾ ਦੇ ਮਨ ਵਿਚ ਕੀ ਹੈ, ਕੋਈ ਨਹੀਂ ਜਾਣਦਾ।

"ਪਾਪਾ, ਬਿਜਲੀ ਜਗਾ ਦਿਆਂ ?"

ਉਸ ਦੀ ਆਵਾਜ਼ ਤੋਂ ਜਿਵੇਂ ਤ੍ਰਭਕ ਕੇ ਪਾਪਾ ਨੇ ਕਿਹਾ, "ਜੇ ਤੂੰ ਚਾਹਵੇ ਤਾਂ, ਨਹੀਂ ਤੇ ਨਹੀਂ

ਕਮਰੇ ਵਿਚ ਇਕ ਟਟੈਹਣਾਂ ਆ ਵੜਿਆ ਹੈ, ਇੱਥੇ ਉੱਥੇ, ਉੱਪਰ ਥੱਲੇ ਚਮਕਦਾ ਹੋਇਆ ਚੱਕਰ ਲਾ ਰਿਹਾ ਹੈ।

"ਵਿਨੈ ਹੋਰੀ ਕੱਲ੍ਹ ਜਾ ਰਹੇ ਨੇ ?" ਪਾਪਾ ਬੜੇ ਰਸਮੀ ਅਵਾਜ਼ ਵਿਚ ਪੁੱਛਦੇ ਹਨ।

"ਕਹਿ ਤਾਂ ਰਹੇ ਹਨ।"

"ਤੇ ਤੂੰ ?"

ਰਾਧਿਕਾ ਇਕ ਲੰਮਾ ਸਾਹ ਲੈਂਦੀ ਹੈ। ਪਾਪਾ ਅੱਗੇ ਝੁਕ ਕੇ ਉਸਦੇ ਮੋਢੇ ਤੇ ਹੱਥ ਰੱਖ ਦੇਂਦੇ ਹਨ। ਉਸ ਛੁਹ ਨਾਲ ਰਾਧਿਕਾ ਅਚਾਨਕ ਪਿੰਘਲ ਪੈਂਦੀ ਹੈ। ਨਾਸਾਂ ਜ਼ਰਾ ਜਿਹੀਆ ਫੈਲਦੀਆਂ ਹਨ। ਬੁਲ੍ਹ ਦੰਦਾਂ ਥੱਲੇ ਕੁਚਲ ਪੈਂਦੇ ਹਨ। ਉਹ ਆਪਣੇ ਆਪ ਨੂੰ ਕਾਬੂ ਵਿਚ ਕਰਨਾ ਚਾਹ ਰਹੀ ਹੈ।

"ਤੇ ਤੁਸੀਂ ?"

"ਮੈਂ ਆਪਣੇ ਬਾਰੇ ਵਿਚ ਕੁੱਝ ਸੋਚਿਆ ਨਹੀਂ ਹੈ। ਚਾਹੁੰਦਾ ਹਾਂ ਤੂੰ ਇੱਥੇ ਰਹੁ ਰਾਧਿਕਾ ਪਹਿਲਾਂ ਵਾਂਗ।"

ਰਾਧਿਕਾ ਨੂੰ ਥੋੜ੍ਹਾ ਜਿਹਾ ਹੌਸਲਾ ਹੈ ਕਿ ਹਨ੍ਹੇਰੇ ਵਿਚ ਪਾਪਾ ਦਾ ਮੂੰਹ ਨਹੀਂ ਦਿਸੇਗਾ, "ਨਹੀਂ ਪਾਪਾ, ਮੈਂ ਜਾਣਾ ਚਾਹੁੰਦੀ ਹਾਂ। ਮਨੀਸ਼...... ਮੇਰੇ ਇਕ ਮਿੱਤਰ......." ਉਹ ਗੱਲ ਵਿਚ ਹੀ ਛੱਡ ਕੇ ਰੁਕ ਗਈ।

ਪਾਪਾ ਦਾ ਹੱਥ ਛੁਟ ਗਿਆ, ਸ਼ਾਇਦ ਉਹ ਫਿਰ ਪਿੱਛੇ ਕੁਸ਼ਨ ਦੀ ਢੋਹ ਲਾ ਕੇ ਬੈਠ ਗਏ ਹਨ।

ਸ਼ਾਇਦ ਉਹ ਵੀ, ਕਮਰੇ ਵਿਚ ਉੱਡਦੇ ਫਿਰਦੇ ਜੁਗਨੂੰ ਨੂੰ ਇਕ ਟੱਕ ਵੇਖਣ ਲੱਗੇ ਹੋਣ।

-0-